ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ ਵੀਕਲੀ

Since April 2005 | Sub Editor : Gagandeep Singh | PUNJABI DUNIYA | Weekly

Vol. 11 Issue 38 | Tuesday June 26 to July 02, 2018 | www.PUNJABIDUNIYA.com | Published Weekly from New York

# ਇੱਕ ਹਫ਼ਤੇ 'ਚ ਨਸ਼ੇ ਦੀ ਓਵਰਡੋਜ਼ ਕਾਰਨ ਛੇ ਮੌਤਾਂ, ਸਰਕਾਰ ਗੂੜ੍ਹੀ ਨੀਂਦ ਸੁੱਤੀ




ਚੰਡੀਗੜ੍ਹ: ਗੁਰੂ ਨਗਰੀ ਦੇ ਨਾਲ-ਨਾਲ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਪਿਛਲੇ ਇੱਕ ਹਫ਼ਤੇ ਦੌਰਾਨ ਛੇ ਮੌਤਾਂ ਦਰਜ ਕੀਤੀਆਂ ਗਈਆਂ ਹਨ। ਨਿੱਤ ਦਿਨ ਇੱਕ ਮੌਤ ਸਿਰਫ਼ ਨਸ਼ੇ ਦੀ ਵਾਧ-ਘਾਟ ਨਾਲ ਹੋ ਰਹੀ ਹੈ। ਪਿਛਲੇ ਦਿਨਾਂ ਵਿੱਚ ਪੰਜਾਬ ਵਿੱਚ ਹੋਈਆਂ ਇਨ੍ਹਾਂ ਮੌਤਾਂ ਤੋਂ ਬਾਅਦ ਮ੍ਰਿਤਕਾਂ ਦੇ ਪਰਿਵਾਰ ਦੀ ਤਰਸਯੋਗ ਹਾਲਾਤ ਕਾਰਨ ਸਰਕਾਰ ਦੀ ਸੋਸ਼ਲ ਮੀਡੀਆ 'ਤੇ ਜੰਮ ਕੇ ਨਿਖੇਧੀ ਕੀਤੀ ਜਾ ਰਹੀ ਹੈ। ਅਜਿਹੇ ਹਾਲਾਤ 'ਚ ਸਰਕਾਰ ਦੀ ਨੀਅਤ ਤੇ ਦਾਅਵਿਆਂ 'ਤੇ ਸਵਾਲ ਉੱਠਣੇ ਲਾਜ਼ਮੀ ਹਨ। ਤਾਜ਼ਾ ਘਟਨਾ ਤਰਨਤਾਰਨ ਦੇ ਹਲਕੇ ਪੱਟੀ ਦੇ ਪਿੰਡ ਢੋਟੀਆਂ ਦੀ ਹੈ, ਜਿੱਥੇ ਨੌਜਵਾਨ ਗੁਰਭੇਜ ਸਿੰਘ ਦੀ ਨਸ਼ੇ ਦੀ ਬਹੁਤਾਤ ਕਾਰਨ ਮੌਤ ਹੋ ਗਈ। ਇਸ ਤੋਂ ਪਹਿਲਾਂ ਤਰਨਤਾਰਨ ਦੇ ਹੀ ਭਿੱਖੀਵਿੰਡ ਵਿੱਚ ਦਿਲਬਾਗ਼ ਸਿੰਘ ਨਾਂਅ ਦੇ ਨੌਜਵਾਨ ਦੀ ਡਰੱਗ ਓਵਰਡੋਜ਼ ਕਾਰਨ ਮੌਤ ਹੋ ਗਈ। ਲੰਘੇ ਸ਼ਨੀਵਾਰ ਅੰਮ੍ਰਿਤਸਰ ਦੇ ਪਿੰਡ ਵੇਰਕਾ ਵਿੱਚ ਤੀਹ ਸਾਲਾ ਨੌਜਵਾਨ ਹਰਭੇਜ ਸਿੰਘ ਨਸ਼ੇ ਦੀ ਭੇਟ ਚੜ੍ਹ ਗਿਆ। ਉਸ ਦੀ ਲਾਸ਼ ਹਿੰਮਤ ਨਗਰ ਕੋਲੋਂ ਗੁਜ਼ਰਦੀ ਰੇਲਵੇ ਲਾਈਨ ਕੋਲ ਮਿਲੀ। ਇੱਕ ਦਿਨ ਪਹਿਲਾਂ ਹੀ ਨਸ਼ੇ ਦੀ ਬਹੁਤਾਤ ਕਾਰਨ ਗੁਰੂ ਨਗਰੀ ਦੇ ਛੇਹਰਟਾ ਇਲਾਕੇ ਵਿੱਚ ਦੋ ਨੌਜਵਾਨਾਂ ਦੀਆਂ ਲਾਸ਼ਾਂ ਮਿਲੀਆਂ। ਦੋਵਾਂ ਦੀ ਸ਼ਨਾਖ਼ਤ ਕਰਨ ਤੇ ਗਗਨਦੀਪ ਵਜੋਂ ਹੋਈ ਅਤੇ ਦੋਵਾਂ ਦੋਸਤਾਂ ਵਿੱਚੋਂ ਇੱਕ 'ਆਪ' ਆਗੂ ਮੋਤੀ ਲਾਲ ਪਾਸੀ ਦਾ ਪੁੱਤਰ ਵੀ ਸੀ। ਪੰਜਾਬ ਵਿੱਚ ਨਸ਼ਿਆਂ ਦੇ ਇੱਕ ਘਿਨੌਣੇ ਪੱਖ ਨੂੰ ਉਜਾਗਰ ਕਰਦੀ ਕੋਟਕਪੂਰਾ ਦੀ ਇੱਕ ਘਟਨਾ, ਜਿਸ ਦੀ ਵੀਡੀਓ ਕਾਫੀ ਵਾਇਰਲ ਹੋਈ। ਕੋਟਕਪੂਰਾ ਦੇ ਪ੍ਰੇਮ ਨਗਰ ਵਿੱਚ ਹਲਵਾਈ ਦੀ ਦੁਕਾਨ 'ਤੇ ਕੰਮ ਕਰਨ ਵਾਲੇ ਬਾਈ ਸਾਲਾ ਨੌਜਵਾਨ ਬਲਵਿੰਦਰ ਸਿੰਘ ਦੀ ਮੌਤ ਨਸ਼ਾ ਕਰਨ ਵਾਲੀ ਸਰਿੰਜ ਆਣੇ ਸ਼ਰੀਰ ਵਿੱਚ ਲਾਉਣ ਸਾਰ ਹੀ ਹੋ ਗਈ। ਜਦ ਇਸ ਘਟਨਾ ਦਾ ਪਤਾ ਉਸ ਦੀ ਮਾਂ ਨੂੰ ਲੱਗਾ ਤਾਂ ਉਸ ਦੇ ਕੀਰਨੇ ਅਸਹਿਣਯੋਗ ਸਨ।

(ਬਾਕੀ ਸਫਾ 15 'ਤੇ)

## ਸ਼ਾਂਤਮਈ ਢੰਗ ਨਾਲ ਵੱਖਰੇ ਦੇਸ਼ ਦੀ ਮੰਗ ਕਰਨਾ ਵਾਜਿਬ ਹੈ: ਐਮ.ਪੀ. ਧਰਮਵੀਰ ਗਾਂਧੀ




ਪਟਿਆਲਾ: ਪਟਿਆਲਾ ਤੋਂ ਭਾਰਤ ਦੀ ਪਾਰਲੀਮੈਂਟ ਦੇ ਵਿਧਾਇਕ ਡਾ. ਧਰਮਵੀਰ ਗਾਂਧੀ ਨੇ ਕਿਹਾ ਹੈ ਕਿ ਸ਼ਾਂਤਮਈ ਢੰਗ ਨਾਲ ਵੱਖਰੇ ਰਾਜ ਦੀ ਮੰਗ ਕਰਨਾ ਵਾਜਿਬ ਹੈ। ਉਹਨਾਂ ਦਾ ਇਹ ਬਿਆਨ ਪੰਜਾਬ ਵਿਚ ਪਿਛਲੇ ਕੁਝ ਦਿਨਾਂ ਤੋਂ ਭਾਰਤ ਪੱਖੀ ਸਿਆਸਤਦਾਨਾਂ ਵਲੋਂ ਸਿੱਖਾਂ ਦੀ ਵੱਖਰੇ ਰਾਜ ਦੀ ਮੰਗ ਖਿਲਾਫ ਕੀਤੀ ਜਾ ਰਹੀ ਬਿਆਨਬਾਜੀ ਦੌਰਾਨ ਆਇਆ ਹੈ। ਡਾ. ਧਰਮਵੀਰ ਗਾਂਧੀ ਨੇ ਕਿਹਾ, ਮੈਂ ਸੰਘੀ ਢਾਂਚੇ ਅਤੇ ਲੋਕਤੰਤਰ ਵਿਚ ਵਿਸ਼ਵਾਸ ਰੱਖਦਾ ਹਾਂ। ਮੈਨੂੰ ਖ਼ਾਲਿਸਤਾਨ ਨਾਲ ਕੋਈ ਮਤਲਬ ਨਹੀਂ। ਸੁਪਰੀਮ ਕੋਰਟ ਦਾ ਫੈਂਸਲਾ ਹੈ ਕਿ ਬੋਲੀ, ਧਰਮ, ਖਿੱਤੇ ਅਤੇ ਨਸਲ ਦੇ ਅਧਾਰ 'ਤੇ ਵੱਖਰਾ ਰਾਜ ਮੰਗਣਾ ਕਾਨੂੰਨ ਦੇ ਅਧੀਨ ਹੈ।

ਖ਼ਬਰ ਮੁਤਾਬਿਕ ਡਾ. ਗਾਂਧੀ ਨੇ ਕਿਹਾ, ਮੈਂ ਉਨ੍ਹਾਂ ਦਾ ਵਿਰੋਧ ਕਰਦਾ ਹਾਂ ਜੋ ਸਿਰਫ ਧਰਮ ਦੇ ਅਧਾਰ 'ਤੇ ਵੱਖਰਾ ਰਾਜ ਬਣਾਉਣ ਲਈ ਵੋਟਾਂ ਮੰਗਦੇ ਹਨ ਜਾ ਲੋਕਾਂ ਨੂੰ ਉਕਸਾਉਂਦੇ ਹਨ। ਪਰ ਕੀ ਤੁਹਾਨੂੰ ਨਹੀਂ ਲਗਦਾ ਕਿ ਸਾਰਿਆਂ 'ਤੇ ਇਕੋ ਜਿਹਾ ਮਾਪਦੰਡ ਲਾਗੂ ਹੋਣਾ ਚਾਹੀਦਾ ਹੈ? ਉਨ੍ਹਾਂ ਲੋਕਾਂ ਨੂੰ ਹੀ ਦੇਸ਼ਧ੍ਰੋਹ ਦੇ ਕੇਸਾਂ ਨਾਲ ਕਿਉਂ ਡਰਾਇਆ ਜਾਂਦਾ ਹੈ ਜੋ ਸਿੱਖ ਰਾਜ ਦੀ ਮੰਗ ਕਰਦੇ ਹਨ, ਜਦੋਂ ਹੋਰ ਲੋਕ ਹਿੰਦੂ ਰਾਜ ਬਣਾਉਣਾ ਚਾਹੁੰਦੇ ਹਨ?

# ਰਾਮ ਰਹੀਮ ਨੂੰ ਮੱਥਾ ਟੇਕਣ ਵਾਲਿਆਂ ਨੂੰ ਪੁਲਿਸ ਨੇ ਹਿਰਾਸਤ 'ਚ ਲਿਆ



ਰੋਹਤਕ: ਬਲਾਤਕਾਰ ਦੇ ਦੋਸ਼ ਵਿੱਚ ਕੈਦ ਕੱਟ ਰਹੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੱਥਾ ਟੇਕਣ ਵਾਲਿਆਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈਣ ਦੀ ਖ਼ਬਰ ਆਈ ਹੈ। ਬਲਾਤਕਾਰੀ ਬਾਬਾ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ 20 ਸਾਲ ਦੀ ਕੈਦ ਕੱਟ ਰਿਹਾ ਹੈ ਤੇ ਉਸ ਦੇ ਅੱਠ ਪ੍ਰੇਮੀਆਂ ਨੇ ਜੇਲ੍ਹ ਨੂੰ ਜਾਂਦੀ ਸੜਕ 'ਤੇ ਖੜ੍ਹ ਕੇ ਮੱਥਾ ਟੇਕਿਆ ਤੇ ਪੁਲਿਸ ਅੜਿੱਕੇ ਆ ਗਏ। ਹਰਿਆਣਾ ਪੁਲਿਸ ਦੇ ਸਬ ਇੰਸਪੈਕਟਰ ਰਾਜਿੰਦਰ ਕੁਮਾਰ ਨੇ ਟੀਓਆਈ ਨੂੰ ਦੱਸਿਆ ਕਿ ਡੇਰਾ ਪ੍ਰੇਮੀਆਂ ਵਿਰੁੱਧ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸਾਵਧਾਨੀ ਵਜੋਂ ਅਜਿਹਾ ਕੀਤਾ ਗਿਆ ਹੈ। ਪੁਲਿਸ ਨੇ ਅੱਠ ਪ੍ਰੇਮੀਆਂ ਵਿਰੁੱਧ ਧਾਰਾ 107/150 ਤਹਿਤ ਕਾਰਵਾਈ ਹੈ ਤੇ ਉਨ੍ਹਾਂ ਦੀ ਟਵੇਰਾ ਗੱਡੀ ਨੂੰ ਵੀ ਕਬਜ਼ੇ ਵਿੱਚ ਲਿਆ ਗਿਆ। ਦਰਅਸਲ, ਡੇਰੇ ਦੇ ਇਹ ਪੈਰੋਕਾਰ ਹਿਸਾਰ-ਦਿੱਲੀ ਬਾਈਪਾਸ 'ਤੇ ਰੁਕ ਕੇ ਸੁਨਾਰੀਆ ਜੇਲ੍ਹ ਦੇ ਸੂਚਨਾ ਬੋਰਡ ਸਾਹਮਣੇ ਹੱਥ ਜੋੜ ਕੇ ਆਪਣੇ 'ਬਲਾਤਕਾਰੀ ਬਾਬੇ' ਨੂੰ ਨਮਸਕਾਰ ਕਰ ਰਹੇ ਸਨ। ਜਿਸ ਥਾਂ 'ਤੇ ਉਨ੍ਹਾਂ ਦੀ ਇਹ ਤਸਵੀਰ ਖਿੱਚੀ ਗਈ ਉੱਥੋਂ ਸੁਨਾਰੀਆ ਜੇਲ੍ਹ ਤਕਰੀਬਨ ਇੱਕ ਕਿਲੋਮੀਟਰ ਦੂਰ ਹੈ। ਤਸਵੀਰ ਵਿੱਚ ਦੋ ਬੱਚੇ ਵੀ ਦਿਖਾਈ ਦੇ ਰਹੇ ਹਨ। ਗੁਰਮੀਤ ਰਾਮ ਰਹੀਮ ਬੀਤੇ ਸਾਲ ਦੀ 25 ਅਗਸਤ ਤੋਂ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿੱਚ ਕੈਦ ਹੈ। ਜੇਲ੍ਹ ਨਿਯਮਾਂ ਮੁਤਾਬਕ ਸਿਰਫ਼ ਰਾਮ ਰਹੀਮ ਦਾ ਪਰਿਵਾਰ ਹੀ ਉਸ ਨੂੰ ਮਿਲ ਸਕਦਾ ਹੈ। ਜਦ ਇਨ੍ਹਾਂ ਅੱਠ ਵਿਅਕਤੀਆਂ ਦੇ ਜੇਲ੍ਹ ਨੇੜੇ ਪੁੱਜਣ ਬਾਰੇ ਪੁਲਿਸ ਨੂੰ ਪਤਾ ਲੱਗਾ ਤਾਂ ਸ਼ਿਵਾਜੀ ਨਗਰ ਥਾਣੇ ਨੇ ਕਾਰਵਾਈ ਕਰਦਿਆਂ ਇਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਤੇ ਇਨ੍ਹਾਂ ਦੀ ਕਾਰ ਵੀ ਜ਼ਬਤ ਕਰ ਲਈ। ਹਾਲਾਂਕਿ, ਕੁਝ ਸਮੇਂ ਬਾਅਦ ਇਨ੍ਹਾਂ ਨੂੰ ਚੇਤਾਵਨੀ ਦੇ ਕੇ ਛੱਡ ਦਿੱਤਾ ਗਿਆ।

## ਪਰਵਾਸੀਆਂ ਦੀ ਅਮਰੀਕਾ 'ਚ ਸ਼ਾਮਤ, ਬਿਨਾ ਵਕੀਲ-ਦਲੀਲ ਸਿੱਧਾ ਡਿਪੋਰਟ !

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜ਼ਬਰੀ ਵਤਨ ਵਾਪਸੀ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਇਨ੍ਹਾਂ ਮਾਮਲਿਆਂ ਵਿੱਚ ਅਦਾਲਤੀ ਪ੍ਰਕਿਰਿਆ ਨੂੰ ਮਨਫ਼ੀ ਕਰਨ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਬੀਤੇ ਐਤਵਾਰ ਨੂੰ ਟਰੰਪ ਨੇ ਟਵਿੱਟਰ 'ਤੇ ਲਿਖਿਆ ਕਿ ਜੇਕਰ ਕੋਈ ਗੈਰ ਕਾਨੂੰਨੀ ਆਉਂਦਾ ਹੈ ਤਾਂ ਸਾਨੂੰ ਬਿਨਾ ਕਿਸੇ ਕੋਰਟ ਕੇਸ ਜਾਂ ਜੱਜ ਦੇ ਤੁਰੰਤ ਉੱਥੇ ਭੇਜ ਦੇਣਾ ਚਾਹੀਦਾ ਹੈ, ਜਿੱਥੋਂ ਉਹ ਆਇਆ ਹੋਵੇ। ਟਰੰਪ ਦਾ ਇਹ ਬਿਆਨ ਗ਼ੈਰ ਕਾਨੂੰਨੀ ਤਰੀਕਿਆਂ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਬੱਚਿਆਂ ਤੋਂ ਵੱਖ ਨਾ ਕਰਨ ਦੇ ਫੈਸਲੇ ਤੋਂ ਬਾਅਦ ਆਇਆ ਹੈ। ਬੀਤੀ ਪੰਜ ਮਈ ਤੋਂ ਨੌਂ ਜੂਨ ਦੌਰਾਨ ਅਜਿਹੇ ਹੀ 2,342 ਬੱਚਿਆਂ ਨੂੰ ਉਨ੍ਹਾਂ ਦੇ 2,206 ਮਾਪਿਆਂ ਤੋਂ ਵੱਖਰਾ ਕਰ ਦਿੱਤਾ ਗਿਆ ਸੀ। ਅਮਰੀਕਾ ਦੇ ਰਾਸ਼ਟਰਪਤੀ ਅਜਿਹੇ ਬਿਆਨ ਤੇ ਫੈਸਲੇ ਆਪਣੀ ਸਖ਼ਤ ਪ੍ਰਵਾਸ ਨੀਤੀ ਤਹਿਤ ਕਰਦੇ ਆ ਰਹੇ ਹਨ।

# ਸਿੱਖ ਕਤਲੇਆਮ ਬਾਰੇ ਸੰਯੁਕਤ ਰਾਸ਼ਟਰ ਕਿਉਂ ਖਾਮੋਸ਼ ?

ਚੰਡੀਗੜ੍ਹ: 1984 ਵਿੱਚ ਸਿੱਖ ਕਤਲੇਆਮ ਨੂੰ ਲੈ ਕੇ ਸੰਯੁਕਤ ਰਾਸ਼ਟਰ (ਯੂਐਨ) ਉਪਰ ਸਵਾਲ ਉੱਠੇ ਹਨ। ਯੂਐਨ ਦੇ ਮਨੁੱਖੀ ਅਧਿਕਾਰ ਵਿੰਗ ਵੱਲੋਂ ਜੰਮ-ਕਸ਼ਮੀਰ ਵਿੱਚ ਹਿੰਸਾ ਬਾਰੇ ਟਿੱਪਣੀ ਮਗਰੋਂ ਯੂਨਾਈਟਿਡ ਸਿੱਖ ਮੂਵਮੈਂਟ ਨੇ ਸਵਾਲ ਕੀਤਾ ਹੈ ਕਿ 1984 ਵਿੱਚ ਸਿੱਖ ਕਤਲੇਆਮ ਵੇਲੇ ਸੰਯੁਕਤ ਰਾਸ਼ਟਰ ਕਿੱਥੇ ਸੀ। ਜਥੇਬੰਦੀ ਨੇ ਸੰਯੁਕਤ ਰਾਸ਼ਟਰ (ਯੂਐਨ) ਉਪਰ ਸਵਾਲ ਖੜ੍ਹਾ ਕਰਦਿਆਂ ਕਿਹਾ ਹੈ ਕਿ ਜਦੋਂ ਸਾਲ 1984 ਵਿੱਚ ਦਿੱਲੀ ਸਮੇਤ ਭਾਰਤ ਦੇ ਹੋਰ ਹਿੱਸਿਆਂ ਵਿੱਚ ਸਿੱਖਾਂ ਦਾ ਕਤਲੇਆਮ ਹੋ ਰਿਹਾ ਸੀ ਤਾਂ ਉਸ ਵੇਲੇ ਉਸ ਨੇ ਅੱਖਾਂ ਕਿਉਂ ਮੀਟੀਆਂ ਸਨ। ਸਿੱਖ ਮੂਵਮੈਂਟ ਦੇ ਆਗੂਆਂ ਚੰਣਨ ਸਿੰਘ ਸਿੱਧੂ, ਡਾ. ਭਗਵਾਨ ਸਿੰਘ, ਗੁਰਨਾਮ ਸਿੰਘ ਸਿੱਧੂ ਤੇ ਹਰਪ੍ਰੀਤ ਸਿੰਘ ਨੇ ਕਿਹਾ ਕਿ ਯੂਐਨ ਦੇ ਮਨੁੱਖੀ ਅਧਿਕਾਰ ਵਿੰਗ ਨੇ ਜੰਮੂ-ਕਸ਼ਮੀਰ ਦੇ ਹਾਲਾਤ ਉਪਰ ਟਿੱਪਣੀ ਕਰਦਿਆਂ ਕਿਹਾ ਕਿ ਇੱਥੇ ਪਾਕਿਸਤਾਨ ਤੇ ਭਾਰਤ ਦੋਵੇਂ ਦੇਸ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੇ ਹਨ। ਆਗੂਆਂ ਨੇ ਸਵਾਲ ਕੀਤਾ ਕਿ ਜੇ ਯੂਐਨ ਦਾ ਮਨੁੱਖੀ ਅਧਿਕਾਰ ਵਿੰਗ ਜੰਮੂ ਕਸ਼ਮੀਰ ਦੇ ਮੁੱਦੇ ਉਪਰ ਟਿੱਪਣੀ ਕਰ ਸਕਦਾ ਹੈ ਤਾਂ ਜਦੋਂ 1984 ਵਿੱਚ ਸ਼ਰੇਆਮ ਸਿੱਖਾਂ ਦਾ ਕਤਲੇਆਮ ਹੋ ਰਿਹਾ ਸੀ ਤਾਂ ਉਸ ਵੇਲੇ ਯੂਐਨ ਖਾਮੋਸ਼ ਕਿਉਂ ਰਿਹਾ ਸੀ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਦਾ ਸਾਲ 1995 ਤਕ ਪੰਜਾਬ ਵਿੱਚ ਘਾਣ ਕੀਤਾ ਜਾਂਦਾ ਰਿਹਾ ਹੈ ਪਰ ਉਸ ਵੇਲੇ ਵੀ ਕਿਸੇ ਨੇ ਮਨੁੱਖੀ ਹੱਕਾਂ ਦੀ ਗੱਲ ਨਹੀਂ ਕੀਤੀ ਸੀ। ਉਨ੍ਹਾਂ ਕਿਹਾ ਕਿ ਉਹ ਜਲਦ ਹੀ ਦਿੱਲੀ ਵਿੱਚ ਯੂਐਨ ਦੇ ਮਨੁੱਖੀ ਅਧਿਕਾਰ ਵਿੰਗ ਦੇ ਅਧਿਕਾਰੀਆਂ ਨੂੰ ਮਿਲ ਕੇ ਮੰਗ ਪੱਤਰ ਦੇਣਗੇ ਤੇ ਮੰਗ ਕੀਤੀ ਜਾਵੇਗੀ ਕਿ 1984 ਦੇ ਸਿੱਖ ਕਤਲੇਆਮ ਬਾਰੇ ਘੋਖ ਕੀਤੀ ਜਾਵੇ। ਇਸ ਮੌਕੇ ਜੇਲ੍ਹਾਂ ਵਿੱਚ ਸੜ ਰਹੇ ਸਿੱਖ ਬੰਦੀਆਂ ਦੀ ਰਿਹਾਈ ਦਾ ਮੁੱਦਾ ਵੀ ਉਠਾਇਆ ਜਾਵੇਗਾ।

Josh india tv

BOI BOX OFFICE INSIDER

The South Asian INSIDER


VIJAY TANEJA OF ELITE BOLLYWOOD ENTERTAINMENT INC &
VELOCITY FINANCIAL SOLUTIONS PROUDLY PRESENTS
Elite
bollywood entertainment
www.elitebollywood.com
Velocity Commercial Investments, Inc.
www.vcinvestmentsinc.com
SAHIL PROMOTIONS & ZEE TV PRESENTS
CATCH THE BIG BANG BY BOLLYWOOD SUPERSTARS
DA-BANGG
THE TOUR
RELOADED
LIVE CONCERT
INTERNATIONAL PROMOTER
SAHIL PROMOTIONS
POWERED BY
CHICAGO IMPORT
AARA
www.aaraofmd.org
ZEE TV HD
INTERNATIONAL PROMOTER
BHAVESH PATEL
DCdjs
LEGAL PARTNER
CHAWLA CR RAVANI
WEB/SEO PARTNER
EVENT MANAGED, SCRIPTED, DIRECTED
BY SOHAIL KHAN ENTERTAINMENT & JA EVENTS
TRAVEL PARTNER
ONLINE MEDIA PARTNER
BOLLYWOOD hungama
FRIDAY JULY 6TH 2018 | 8:00PM
Capital One
601 F STREET NW,
WASHINGTON DC 20004
TICKET PRICE RANGE $69, $89, $99 & UP WWW.ELITEBOLLYWOOD.COM
VIP PACKAGES PLATINUM,GOLD, ELITE VVIP SPONSORSHIP AND ADVERTISING
MORE INFO CALL VIJAY TANEJA 703-352-5800 OR 703-623-0500


nuway group
The South Asian INSIDER Voice of South Asian Community
Josh india tv
BOI BOX OFFICE INSIDER
ਪੰਜਾਬੀ ਦੁਨੀਆ
Ethnic Strategies
Most Trusted
News Media Company
Serving South Asian Amercians
The Only South Asian American Media Group that Gives you Maximum Cost Effective Reach
3 Million + Views on YouTube & Half Million fan like on Facebook
Email:sst@nuwaygroup.com
www.nuwaygroup.com
Phone: 917 612 3158

# ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੇ ਮਲੇਸ਼ੀਆ ਦੇ ਸਾਬਕਾ ਪੀ. ਐੱਮ. ਨਜੀਬ ਦਾ ਸਹਿਯੋਗੀ ਗ੍ਰਿਫਤਾਰ



ਕੁਆਲਾਲੰਪੁਰ- ਮਲੇਸ਼ੀਆ ਦੇ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ ਨੇ 1ਐੱਮ. ਬੀ. ਡੀ. (1ਮਲੇਸ਼ੀਆ ਡਿਵੈਲਪਮੈਂਟ ਬਰਹਾਡ) ਘਪਲੇ ਦੀ ਮੁੜ ਜਾਂਚ ਸ਼ੁਰੂ ਕਰਨ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਨਜੀਬ ਰੱਜਾਕ ਦੇ ਸਾਬਕਾ ਸਹਿਯੋਗੀ ਨੂੰ ਗ੍ਰਿਫਤਾਰ ਕੀਤਾ ਹੈ। ਮਲੇਸ਼ੀਆ 'ਚ ਬਣੀ ਨਵੀਂ ਸਰਕਾਰ ਨੇ ਇਸ ਘਪਲੇ ਮਾਮਲੇ ਦੀ ਜਾਂਚ ਨੂੰ ਮੁੜ ਤੋਂ ਖੋਲ੍ਹਿਆ ਹੈ, ਜਿਸ ਨੂੰ ਨਜੀਬ ਨੇ ਬੰਦ ਕਰ ਦਿੱਤਾ ਸੀ। ਨਜੀਬ, ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ 'ਤੇ ਨਿਵੇਸ਼ ਕੰਪਨੀ ਤੋਂ ਅਰਬਾਂ ਡਾਲਰ ਚੋਰੀ ਕਰਨ ਦਾ ਦੋਸ਼ ਹੈ। ਨਜੀਬ ਅਤੇ 1ਐੱਮ. ਬੀ. ਡੀ. ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ, ਜੋ ਕਿ ਚੋਣਾਂ ਵਿਚ ਉਨ੍ਹਾਂ ਦੇ ਗਠਜੋੜ ਦੀ ਹਾਰ ਦਾ ਵੱਡਾ ਕਾਰਕ ਰਿਹਾ ਹੈ। ਇਕ ਰਿਪੋਰਟ ਮੁਤਾਬਕ 42 ਸਾਲਾ ਸਹਿਯੋਗੀ ਦੀ ਪਛਾਣ ਜ਼ਾਹਰ ਨਹੀਂ ਕੀਤੀ ਗਈ ਹੈ। ਉਸ ਨੂੰ ਐਤਵਾਰ ਨੂੰ ਦੇਰ ਸ਼ਾਮ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਪਹਿਲਾਂ ਉਸ ਨੇ ਮਲੇਸ਼ੀਆ ਦੇ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ ਨੂੰ ਬਿਆਨ ਦਿੱਤਾ ਸੀ। ਉਸ ਨੂੰ ਅੱਜ ਸਵੇਰੇ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਦੌਰਾਨ ਉਸ ਦਾ ਚਿਹਰਾ ਢੱਕਿਆ ਹੋਇਆ ਸੀ ਅਤੇ ਉਸ ਦੇ ਹੱਥਾਂ 'ਚ ਹੱਥਕੜੀਆਂ ਸਨ। ਜੱਜ ਨੇ ਉਸ ਨੂੰ ਇਕ ਹਫਤੇ ਲਈ ਕਮਿਸ਼ਨ ਦੀ ਹਿਰਾਸਤ ਵਿਚ ਭੇਜ ਦਿੱਤਾ।

## ਭਾਰਤੀ-ਅਮਰੀਕੀ ਮਹਿਲਾ ਪ੍ਰਤੀਨਿਧੀਸਭਾ ਦੀ ਦੌੜ 'ਚ ਸ਼ਾਮਲ

ਵਾਸ਼ਿੰਗਟਨ - ਅਮਰੀਕੀ ਪ੍ਰਤੀਨਿਧੀਸਭਾ ਵਿਚ ਦਾਖ਼ਲ ਹੋਣ ਦੀਆਂ ਕੋਸ਼ਿਸ਼ਾਂ ਵਿਚ ਭਾਰਤੀ-ਅਮਰੀਕੀ ਸਿਵਲ ਇੰਜੀਨੀਅਰ ਅਰੂਣਾ ਮਿਲਰ ਨੂੰ ਮੈਰੀਲੈਂਡ ਸੀਟ ਤੋਂ ਚੁਣੇ ਜਾਣ ਦਾ ਪੂਰਾ ਭਰੋਸਾ ਹੈ। ਜਿੱਥੇ ਕਾਂਗਰਸ ਵਿਚ ਪੁਰਸ਼ਾਂ ਦਾ ਦਬਦਬਾ ਰਿਹਾ ਹੈ। ਹੈਦਰਾਬਾਦ ਵਿਚ ਜੰਮੀ ਮਿਲਰ (53) ਜੇ ਚੁਣ ਲਈ ਜਾਂਦੀ ਹੈ ਤਾਂ ਵਾਸ਼ਿੰਗਟਨ ਰਾਜ ਤੋਂ ਪ੍ਰਮਿਲਾ ਜੈਪਾਲ ਦੇ ਬਾਅਦ ਇਸ ਸਦਨ ਦੀ ਮੈਂਬਰ ਬਨਣ ਵਾਲੀ ਉਹ ਦੂਜੀ ਭਾਰਤੀ-ਅਮਰੀਕੀ ਮਹਿਲਾ ਹੋਵੇਗੀ। ਮਿਲਰ ਸਾਲ 1972 ਵਿਚ 7 ਸਾਲ ਦੀ ਉਮਰ ਵਿਚ ਅਮਰੀਕਾ ਆਈ ਸੀ। ਉਹ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧੀਸਭਾ ਵਿਚ ਦਾਖਲ ਹੋਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਹ ਡੈਮੋਕ੍ਰੇਟਿਕ ਪਾਰਟੀ ਵਿਚ ਉਮੀਦਵਾਰੀ ਲਈ ਡੇਵਿਡ ਟ੍ਰੋਨ ਨੂੰ ਚੁਣੌਤੀ ਦੇ ਰਹੀ ਹੈ।



# ਅਲਜੀਰੀਆ : 'ਸਹਾਰਾ' 'ਚ ਬੇਸਹਾਰਾ ਭਟਕ ਰਹੇ ਨੇ ਸ਼ਰਨਾਰਥੀ



ਅਲਜੀਰੀਆ- ਅਫਰੀਕੀ ਦੇਸ਼ ਅਲਜੀਰੀਆ ਨੇ 13,000 ਲੋਕਾਂ ਨੂੰ ਸਹਾਰਾ ਮਾਰੂਥਲ (ਰੇਗਿਸਤਾਨ) 'ਚ ਮਰਨ ਲਈ ਉਨ੍ਹਾਂ ਦੀ ਕਿਸਮਤ ਦੇ ਆਸਰੇ ਛੱਡ ਦਿੱਤਾ ਹੈ। ਉਨ੍ਹਾਂ ਨੂੰ ਬੰਦੂਕ ਦੀ ਨੋਕ 'ਤੇ ਤੁਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜੇਕਰ ਉਹ ਤੁਰ ਕੇ ਕਿਸੇ ਹੋਰ ਦੇਸ਼ 'ਚ ਪੁੱਜਣ 'ਚ ਸਫਲ ਹੋ ਗਏ ਤਾਂ ਉਨ੍ਹਾਂ ਦੀ ਕਿਸਮਤ, ਨਹੀਂ ਤਾਂ ਉਹ ਰੇਗਿਸਤਾਨ 'ਚ ਹੀ ਮਰ ਜਾਣਗੇ। ਲਗਭਗ 14 ਮਹੀਨੇ ਤੋਂ ਗਰਭਵਤੀ ਔਰਤਾਂ, ਛੋਟੇ ਬੱਚੇ ਅਤੇ ਬਜ਼ੁਰਗ ਸਭ ਭੁੱਖੇ-ਪਿਆਸੇ ਸਹਾਰਾ ਰੇਗਿਸਤਾਨ ਨੂੰ ਪਾਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਤਾਂ ਕਿ ਉਹ ਬਚ ਸਕਣ। ਸਹਾਰਾ ਰੇਗਿਸਤਾਨ ਬਹੁਤ ਲੰਬਾ ਹੈ ਅਤੇ ਸ਼ਰਨਾਰਥੀਆਂ ਤੇ ਪ੍ਰਵਾਸੀਆਂ ਨੂੰ ਰਸਤਾ ਨਾ ਪਤਾ ਹੋਣ ਕਾਰਨ ਲੋਕ ਭਟਕ ਰਹੇ ਹਨ। ਕਈਆਂ ਦੀ ਤਾਂ ਰਸਤੇ 'ਚ ਹੀ ਮੌਤ ਹੋ ਗਈ ਹੈ ਤੇ ਕਈ ਆਪਣੀ ਜਾਨ ਬਚਾਉਣ ਲਈ ਕੋਸ਼ਿਸ਼ਾਂ ਕਰ ਰਹੇ ਹਨ ਇੱਥੇ 48 ਡਿਗਰੀ ਸੈਲਸੀਅਸ ਹੋਣ ਕਾਰਨ ਤਪਦੀ ਰੇਤ 'ਚ ਲੋਕਾਂ ਦੀ ਜ਼ਿੰਦਗੀ ਖਤਮ ਹੋ ਰਹੀ ਹੈ। ਇਹ ਸ਼ਰਨਾਰਥੀ ਮਾਲੀ, ਗਾਬਿਆ, ਗੁਆਨਾ, ਆਈਵਰੀ ਕੋਸਟ, ਨਾਈਜਰ ਸਮੇਤ ਹੋਰ ਦੇਸ਼ਾਂ ਦੇ ਹਨ। ਇਹ ਲੋਕ ਹਿੰਸਾ ਤੋਂ ਬਚਣ ਅਤੇ ਇਕ ਚੰਗੇ ਭਵਿੱਖ ਲਈ ਯੂਰਪ ਜਾਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇੱਥੋਂ ਬਚ ਕੇ ਨਿਕਲੇ ਲੋਕਾਂ ਨੇ ਆਪਣੀ ਦੁੱਖ ਭਰੀ ਦਾਸਤਾਨ ਸੁਣਾਈ ਅਤੇ ਦੱਸਿਆ ਕਿ ਕਿਵੇਂ ਉਹ ਰੋ-ਰੋ ਕੇ ਤੇ ਔਖੇ ਹੋ ਕੇ ਇੱਥੋਂ ਬਚੇ ਹਨ। ਉਨ੍ਹਾਂ ਨੂੰ ਯੂਨਾਈਟਡ ਨੇਸ਼ਨਜ਼ ਦੇ ਸਕੁਐਡ ਵੱਲੋਂ ਬਚਾਇਆ ਗਿਆ ਸੀ। ਕਾਮਰਾ ਨਾਂ ਦੀ ਇਕ ਔਰਤ ਨੇ ਦੱਸਿਆ ਕਿ ਉਹ ਆਪ ਤਾਂ ਬੱਚ ਗਈ ਪਰ ਰਸਤੇ 'ਚ ਉਸ ਦਾ ਬੱਚਾ ਮਰ ਗਿਆ। ਇਕ ਹੋਰ ਔਰਤ ਨੇ ਦੱਸਿਆ ਕਿ ਤੇਜ਼ ਗਰਮੀ ਕਾਰਨ ਉਸ ਦਾ ਨਵਜੰਮਿਆ ਬੱਚਾ ਮਰ ਗਿਆ। ਉਨ੍ਹਾਂ ਨੇ ਦੱਸਿਆ ਕਿ ਰਸਤੇ 'ਚ ਕਈ ਲੋਕ ਮਰ ਚੁੱਕੇ ਹਨ ਅਤੇ ਸ਼ਾਇਦ ਇਨ੍ਹਾਂ 'ਚੋਂ ਬਹੁਤ ਘੱਟ ਲੋਕ ਬਚ ਸਕਣਗੇ। ਤੁਹਾਨੂੰ ਦੱਸ ਦਈਏ ਕਿ ਅਕਤੂਬਰ 2017 ਤੋਂ ਯੂਰਪੀ ਯੂਨੀਅਨ ਦੇ ਦਬਾਅ ਕਾਰਨ ਉੱਤਰੀ ਅਫਰੀਕੀ ਦੇਸ਼ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਨੂੰ ਦੇਸ਼ 'ਚ ਆਉਣ ਤੋਂ ਰੋਕ ਰਹੇ ਹਨ ਕਿਉਂਕਿ ਇਹ ਲੋਕ ਮੈਡੀਟੇਰੀਨੀਅਨ ਸਮੁੰਦਰ ਅਤੇ ਸਪੇਨ ਦੀ ਸਰਹੱਦ ਰਾਹੀਂ ਯੂਰਪ ਪੁੱਜਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਯੂਰਪੀ ਸੰਘ ਦੇ ਬੁਲਾਰੇ ਨੇ ਦੱਸਿਆ ਕਿ ਅਲਜੀਰੀਆ ਸ਼ਰਨਾਰਥੀਆਂ ਨਾਲ ਜੋ ਕਰ ਰਿਹਾ ਹੈ , ਉਹ ਉਸ ਤੋਂ ਜਾਣੂ ਹੈ ਪਰ ਸੁਤੰਤਰ ਦੇਸ਼ ਕੌਮਾਂਤਰੀ ਕਾਨੂੰਨ ਦਾ ਪਾਲਣ ਕਰਦੇ ਹੋਏ ਸ਼ਰਨਾਰਥੀਆਂ ਨੂੰ ਕੱਢ ਸਕਦੇ ਹਨ।

# ਕਮਲਾ ਹੈਰਿਸ ਨੇ ਸਾਲ 2020 'ਚ ਰਾਸ਼ਟਰਪਤੀ ਚੋਣ ਲੜਨ ਦੀ ਜ਼ਾਹਰ ਕੀਤੀ ਸੰਭਾਵਨਾ

ਵਾਸ਼ਿੰਗਟਨ- ਭਾਰਤੀ ਮੂਲ ਦੀ ਅਮਰੀਕੀ ਸੈਨੇਟਰ ਕਮਲਾ ਹੈਰਿਸ ਨੇ ਸਾਲ 2020 ਵਿਚ ਅਮਰੀਕੀ ਰਾਸ਼ਟਰਪਤੀ ਅਹੁਦੇ ਲਈ ਚੋਣ ਲੜਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਹੈ। ਮੀਡੀਆ ਵਿਚ ਆਈ ਇਕ ਖਬਰ ਵਿਚ ਇਸ ਬਾਰੇ ਜਾਣਕਾਰੀ ਦਿੱਤੀ ਗਈ। ਜਮੈਕਾ ਅਤੇ ਭਾਰਤ ਤੋਂ ਅਮਰੀਕਾ ਆ ਕੇ ਵਸੇ ਜੋੜੇ ਦੀ ਬੇਟੀ ਕਮਲਾ (53) ਨੂੰ ਡੈਮੋਕ੍ਰੇਟਿਕ ਰਾਜਨੀਤੀ ਦਾ ਉੱਭਰਦਾ ਸਿਤਾਰਾ ਮੰਨਿਆ ਜਾਂਦਾ ਹੈ। ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਦੀ ਉਨ੍ਹਾਂ ਦੀ ਇੱਛਾ ਨੂੰ ਲੈ ਕੇ ਅਟਕਲਾਂ ਜ਼ੋਰਾਂ 'ਤੇ ਹਨ ਅਤੇ ਉਨ੍ਹਾਂ ਨੂੰ ਸਾਲ




2020 ਰਾਸ਼ਟਰਪਤੀ ਚੋਣ ਲਈ ਡੈਮੋਕ੍ਰੇਟਿਕ ਪਾਰਟੀ ਵੱਲੋਂ ਸੰਭਾਵਿਤ ਸੂਚੀ ਵਿਚ ਅਕਸਰ ਸ਼ਾਮਲ ਕੀਤਾ ਜਾਂਦਾ ਹੈ। ਇਹ ਪੁੱਛੇ ਜਾਣ 'ਤੇ ਕੀ ਉਹ ਸਾਲ 2020 ਵਿਚ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਤੋਂ ਇਨਕਾਰ ਕਰ ਰਹੀ ਹੈ, ਕਮਲਾ ਨੇ ਇਕ ਸਮਾਚਾਰ ਏਜੰਸੀ ਨੂੰ ਕਿਹਾ,''ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦੀ।'' ਖਬਰ ਮੁਤਾਬਕ ਆਪਣੇ ਸਿਆਸੀ ਭਵਿੱਖ ਦੇ ਬਾਰੇ ਵਿਚ ਕਮਲਾ ਨੇ ਪਹਿਲੀ ਵਾਰੀ ਸਾਰਿਆਂ ਸਾਹਮਣੇ ਸਿੱਧੀ ਟਿੱਪਣੀ ਕੀਤੀ ਹੈ।

## ਇਮੀਗ੍ਰੇਸ਼ਨ ਮੁੱਦੇ 'ਤੇ ਬੋਲੇ ਟਰੰਪ

# 'ਸਾਡੇ ਕੋਲ ਕੁੱਝ ਸਾਲਾਂ ਲਈ ਆਉਂਦੇ ਨੇ ਲੋਕ, ਫਿਰ ਵਾਪਸ ਨਹੀਂ ਜਾਂਦੇ'

ਵਾਸ਼ਿੰਗਟਨ — ਇਮੀਗ੍ਰੇਸ਼ਨ ਸੁਧਾਰਾਂ ਨੂੰ ਆਪਣੀ ਮੁੱਖ ਤਰਜੀਹ ਦੱਸਦੇ ਹੋਏ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਇਕ ਵਾਰ ਫਿਰ ਨਵੇਂ ਇਮੀਗ੍ਰੇਸ਼ਨ ਸਿਸਟਮ 'ਤੇ ਜ਼ੋਰ ਦਿੱਤਾ, ਜੋ ਲੋਕਾਂ ਨੂੰ ਗੈਰ-ਕਾਨੂੰਨੀ ਰੂਪ ਨਾਲ ਅਮਰੀਕਾ ਵਿਚ ਪ੍ਰਵੇਸ਼ ਕਰਨ ਤੋਂ ਰੋਕਦਾ ਹੈ। ਟਰੰਪ ਨੇ ਵ੍ਹਾਈਟ ਹਾਊਸ ਦੇ ਓਵਲ ਦਫਤਰ ਤੋਂ ਜਾਰਡਨ ਦੇ ਸ਼ਾਹ ਅਬਦੁੱਲਾ ਦੂਜਾ ਬਿਨ ਅਲ-ਹੁਸੈਨ ਨਾਲ ਸੰਯੁਕਤ ਪੱਤਰਕਾਰ ਸੰਮੇਲਨ ਵਿਚ ਕਿਹਾ, 'ਸੂਚੀ ਵਿਚ ਮੁੱਖ ਤਰਜੀਹ 'ਤੇ ਇਮੀਗ੍ਰੇਸ਼ਨ ਮੁੱਦਾ ਹੈ। ਸਾਨੂੰ ਆਪਣੇ ਕਾਨੂੰਨਾਂ ਨੂੰ ਬਦਲਣਾ ਹੈ। ਸਾਨੂੰ ਉਨ੍ਹਾਂ ਨੂੰ ਤਰਕਸ਼ੀਲ ਬਣਾਉਣਾ ਹੈ।' ਟਰੰਪ ਨੇ ਕਿਹਾ ਕਿ ਉਹ ਅਜਿਹਾ ਸਿਸਟਮ ਬਣਾਉਣਾ ਚਾਹੁੰਦੇ ਹਨ, ਜਿੱਥੇ ਕਿਸੇ ਵੀ ਗੈਰ-ਕਾਨੂੰਨੀ ਪ੍ਰਵੇਸ਼ ਦਾ ਮਤਲਬ ਬਾਹਰ ਕੱਢਣਾ ਹੋਵੇ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ, 'ਅਸੀਂ ਅਜਿਹਾ ਸਿਸਟਮ ਚਾਹੁੰਦੇ ਹਾਂ, ਜਿਸ ਵਿਚ ਜਦੋਂ ਲੋਕ ਗੈਰ-ਕਾਨੂੰਨੀ ਰੂਪ ਨਾਲ ਆਉਣ ਤਾਂ ਉਨ੍ਹਾਂ ਨੂੰ ਬਾਹਰ ਨਿਕਲਣਾ ਪਏ। ਮੈਕਸੀਕੋ ਵਿਚ ਲੋਕ 4 ਘੰਟੇ, 5 ਘੰਟੇ ਅਤੇ 2 ਘੰਟੇ ਤੱਕ ਰਹਿੰਦੇ ਹਨ ਅਤੇ ਫਿਰ ਉਹ ਚਲੇ ਜਾਂਦੇ ਹਨ। ਸਾਡੇ ਕੋਲ 4,5,6 ਸਾਲਾਂ ਲਈ ਲੋਕ ਆਉਂਦੇ ਹਨ ਅਤੇ ਉਹ ਕਦੇ ਨਹੀਂ ਜਾਂਦੇ। ਇਸ ਲਈ ਅਸੀਂ ਚੰਗਾ ਇਮੀਗ੍ਰੇਸ਼ਨ ਸਿਸਟਮ ਚਾਹੁੰਦੇ ਹਾਂ।' ਅਮਰੀਕੀ ਰਾਸ਼ਟਰਪਤੀ ਨੇ ਡੈਮੋਕ੍ਰੇਟਸ 'ਤੇ ਵੀ ਨਿਸ਼ਾਨਾ ਵਿੰਨ੍ਹਿਆ ਜੋ ਉਨ੍ਹਾਂ ਮੁਤਾਬਕ ਖੁੱਲ੍ਹੀਆਂ ਸਰਹੱਦਾਂ ਦੇ ਪੱਖ ਵਿਚ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਡੈਮੋਕ੍ਰੇਟਸ 'ਸਾਡੀ ਫੌਜ ਦੀ ਪ੍ਰਵਾਹ ਨਹੀਂ ਕਰਦੇ।' ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਸਾਰਾ ਸੈਂਡਰਸ ਨੇ ਬਾਅਦ ਵਿਚ ਪੱਤਰਕਾਰਾਂ ਨੂੰ ਕਿਹਾ ਕਿ ਲੱਗਭਗ ਸਾਰੇ ਅਮਰੀਕੀ ਇਸ ਗੱਲ ਨਾਲ ਸਹਿਮਤ ਹਨ ਕਿ ਇਸ ਵਿਚ ਕੋਈ ਤੁੱਕ ਨਹੀਂ ਹੈ ਕਿ ਕੋਈ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕੀ ਸਰਜ਼ਮੀਂ 'ਤੇ ਪੈਰ ਵੀ ਰੱਖੇ ਅਤੇ ਫਿਰ ਉਨ੍ਹਾਂ ਨੂੰ ਦੇਸ਼ ਵਿਚੋਂ ਕੱਢਣ ਲਈ 3 ਤੋਂ 5 ਸਾਲ ਦੀ ਨਿਆਂਇਕ ਪ੍ਰਕਿਰਿਆ ਤੋਂ ਲੰਘਣਾ ਪਏ।

# ਗੁਰਦੁਆਰਾ ਸਾਹਿਬ ਵਿਚ ਜਾਣ ਤੋਂ ਭਾਰਤੀ ਰਾਜਦੂਤ ਨੂੰ ਰੋਕਣ ਦੇ ਮਾਮਲੇ 'ਤੇ ਭਾਰਤ-ਪਾਕਿਸਤਾਨ ਦਰਮਿਆਨ ਤਣਾਅ

ਚੰਡੀਗੜ੍ਹ: ਲਹਿੰਦੇ ਪੰਜਾਬ ਦੇ ਹਸਨ ਅਬਦਾਲ ਵਿਚ ਸਥਿਤ ਗੁਰਦੁਆਰਾ ਪੰਜਾ ਸਾਹਿਬ ਵਿਖੇ ਪਾਕਿਸਤਾਨ ਵਿਚਲੇ ਭਾਰਤੀ ਰਾਜਦੂਤ ਦੇ ਵਿਰੋਧ ਦੇ ਮਾਮਲੇ ਵਿਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਕੂਟਨੀਤਕ ਪੱਧਰ 'ਤੇ ਇਲਜ਼ਾਮ ਬਾਜੀ ਦਾ ਦੌਰ ਜਾਰੀ ਹੈ। ਜਿੱਥੇ ਭਾਰਤ ਨੇ ਇਸ ਵਰਤਾਰੇ ਪਿੱਛੇ ਪਾਕਿਸਤਾਨ ਸਰਕਾਰ ਦਾ ਹੱਥ ਦਸਦਿਆਂ ਪਾਕਿਸਤਾਨ ਦੇ ਭਾਰਤ ਵਿਚਲੇ ਰਾਜਦੂਤ ਨੂੰ ਸਪਸ਼ਟੀਕਰਨ ਦੇਣ ਲਈ ਤਲਬ ਕੀਤਾ ਉੱਥੇ ਪਾਕਿਸਤਾਨ ਨੇ ਭਾਰਤ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਪ੍ਰਸ਼ਾਸਨ ਵਲੋਂ ਭਾਰਤੀ ਰਾਜਦੂਤ ਨੂੰ ਨਹੀਂ ਰੋਕਿਆ ਗਿਆ, ਬਲਕਿ ਸਿੱਖ ਸੰਗਤਾਂ ਵਲੋਂ ਭਾਰਤ ਖਿਲਾਫ ਰੋਸ ਅਤੇ ਰਾਜਦੂਤ ਦੀ ਆਮਦ 'ਤੇ ਹੋਣ ਵਾਲੇ ਵਿਰੋਧ ਪ੍ਰਦਰਸ਼ਨ ਕਾਰਨ ਭਾਰਤੀ ਰਾਜਦੂਤ ਨੇ ਖੁਦ ਆਪਣਾ ਦੌਰਾ ਰੱਦ ਕੀਤਾ ਸੀ। ਗੌਰਤਲਬ ਹੈ ਕਿ ਭਾਰਤ ਦੀਆਂ ਸਿੱਖ ਵਿਰੋਧੀ ਨੀਤੀਆਂ ਅਤੇ ਭਾਰਤ ਵਿਚ ਸਿੱਖਾਂ ਨਾਲ ਹੋ ਰਹੀਆਂ ਬੇਇਨਸਾਫੀਆਂ ਦੇ ਵਿਰੁੱਧ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੇ ਪਿਛਲੇ ਸਾਲ ਤੋਂ ਫੈਂਸਲੇ ਲਏ ਹਨ ਕਿ ਸਿੱਖਾਂ ਦੇ ਕੇਂਦਰ ਗੁਰਦੁਆਰਾ ਸਾਹਿਬਾਨ ਵਿਚ ਭਾਰਤ ਸਰਕਾਰ ਵਲੋਂ ਆਪਣੇ ਨੁਮਾਇੰਦਿਆਂ ਰਾਹੀਂ ਕੀਤੀ ਜਾਂਦੀ ਦਖਲਅੰਦਾਜ਼ੀ ਨੂੰ ਰੋਕਣ ਲਈ ਭਾਰਤੀ ਅਫਸਰਾਂ ਦੇ ਭਾਰਤੀ ਨੁਮਾਂਇੰਦੇ ਦੇ ਤੌਰ 'ਤੇ ਗੁਰਦੁਆਰਾ ਸਾਹਿਬ ਵਿਚ ਦਾਖਲ ਹੋ ਕੇ ਸੰਗਤਾਂ ਨੂੰ ਸੰਬੋਧਨ ਕਰਨ 'ਤੇ ਰੋਕ ਲਾਈ ਗਈ। ਪਾਕਿਸਤਾਨ ਮੀਡੀਆ ਮੁਤਾਬਿਕ ਇਸੇ ਕੜੀ ਤਹਿਤ ਪੰਜਾ ਸਾਹਿਬ ਜੁੜੀਆਂ ਸਿੱਖ ਸੰਗਤਾਂ ਨੂੰ ਜਦੋਂ ਪਤਾ ਲੱਗਾ ਕਿ ਭਾਰਤੀ ਨੁਮਾਂਇੰਦਾ ਭਾਰਤੀ ਰਾਜਦੂਤ ਗੁਰਦੁਆਰਾ ਸਾਹਿਬ ਆ ਰਿਹਾ ਹੈ ਤਾਂ ਸਿੱਖ ਸੰਗਤਾਂ ਨੇ ਉਸਦਾ ਵਿਰੋਧ ਕਰਨ ਦਾ ਫੈਂਸਲਾ ਕੀਤਾ। ਇਸ ਸਬੰਧੀ ਸਥਾਨਕ ਪ੍ਰਸ਼ਾਸਨ ਵਲੋਂ ਭਾਰਤੀ ਰਾਜਦੂਤ ਨੂੰ ਜਾਣੂ ਕਰਵਾਇਆ ਗਿਆ ਤੇ ਭਾਰਤੀ ਰਾਜਦੂਤ ਨੇ ਵਿਰੋਧ ਤੋਂ ਬਚਣ ਲਈ ਆਪਣਾ ਦੌਰਾ ਰੱਦ ਕਰਨ ਦਾ ਫੈਂਸਲਾ ਕੀਤਾ। ਅਖ਼ਬਾਰੀ ਖ਼ਬਰਾਂ ਮੁਤਾਬਿਕ ਸਿੱਖਾਂ ਵਲੋਂ ਕੀਤੇ ਜਾ ਰਹੇ ਵਿਰੋਧ ਦਾ ਮੁੱਖ ਕਾਰਨ ਭਾਰਤੀ ਸੁਪਰੀਮ ਕੋਰਟ ਵਲੋਂ ਸਿੱਖ ਸਿਧਾਂਤਾਂ ਦੇ ਖਿਲਾਫ ਜਾਂਦਿਆਂ ਸਿੱਖ ਗੁਰੂ ਸਾਹਿਬਾਨ ਦੀ ਬੇਅਦਬੀ ਕਰਦੀ ਵਿਵਾਦਿਤ ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਚਲਾਉਣ ਦੀ ਪ੍ਰਵਾਨਗੀ ਦੇਣਾ ਸੀ। ਪਰ ਭਾਰਤੀ ਮੀਡੀਆ ਨੇ ਇਹ ਖ਼ਬਰਾਂ ਨਸ਼ਰ ਕੀਤੀਆਂ ਕਿ ਪਾਕਿਸਤਾਨ ਪ੍ਰਸ਼ਾਸਨ ਵਲੋਂ ਭਾਰਤੀ ਰਾਜਦੂਤ ਨੂੰ ਗੁਰਦੁਆਰਾ ਸਾਹਿਬ ਜਾ ਕੇ ਸਿੱਖ ਸੰਗਤਾਂ ਨਾਲ ਮਿਲਣ ਤੋਂ ਰੋਕਿਆ ਗਿਆ।

**ਸਿੱਖਾਂ ਵਿਚ ਵੱਧ ਰਿਹਾ ਭਾਰਤ ਖਿਲਾਫ ਰੋਸ;** ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਭਾਰਤ ਦੇ ਇਹਨਾਂ ਦੋਸ਼ਾਂ ਨੂੰ ਰੱਦ ਕਰਦਿਆਂ ਬਿਆਨ ਜਾਰੀ ਕੀਤਾ ਕਿ, "ਸਿੱਖ ਸੰਗਤਾਂ ਭਾਰਤ ਵਿਚ ਹੋ ਰਹੀਆਂ ਬੇਇਨਸਾਫੀਆਂ ਅਤੇ ਵਿਵਾਦਿਤ ਫਿਲਮ ਜਾਰੀ ਕਰਨ ਖਿਲਾਫ ਪ੍ਰਦਰਸ਼ਨ ਕਰ ਰਹੀਆਂ ਸਨ। ਭਾਰਤੀ ਰਾਜਦੂਤ ਨੂੰ ਸਿੱਖ ਸੰਗਤਾਂ ਦੀਆਂ ਇਹਨਾਂ ਭਾਵਨਾਵਾਂ ਬਾਰੇ ਜਾਣੂ ਕਰਵਾਇਆ ਗਿਆ ਸੀ ਅਤੇ ਉਹਨਾਂ ਆਪਣੇ ਦੌਰਾ ਰੱਦ ਕਰ ਦਿੱਤਾ।" ਇਸ ਘਟਨਾ ਸਬੰਧੀ ਭਾਰਤੀ ਵਿਦੇਸ਼ ਮੰਤਰਾਲੇ ਵਲੋਂ ਬਿਆਨ ਜਾਰੀ ਕਰਦਿਆਂ ਕਿਹਾ ਗਿਆ, "ਪਾਕਿਸਤਾਨ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਭਾਰਤੀ ਕੂਟਨੀਤਕ ਅਫਸਰਾਂ ਨੂੰ ਰੋਕਣਾ ਕੂਟਨੀਤਕ ਸਬੰਧਾਂ ਬਾਰੇ 1961 ਦੀ ਵਿਆਨਾ ਕਨਵੈਂਸ਼ਨ ਅਤੇ 1974 ਦੇ ਧਾਰਮਿਕ ਅਸਥਾਨਾਂ 'ਤੇ ਦੌਰੇ ਬਾਰੇ ਦੋਹਰੇ ਪ੍ਰੋਟੋਕਾਲ ਦੀ ਉਲੰਘਣਾ ਹੈ।"

## ਭਾਰਤੀ ਮਰਦਾਂ 'ਚ ਘਟੀ ਜਿਉਣ ਦੀ ਚਾਹ


# 1 ਲੱਖ 35 ਹਜ਼ਾਰ ਲੋਕਾਂ ਨੇ ਕੀਤੀ ਆਤਮਹੱਤਿਆ, ਜਾਨ ਦੇਣ ਵਾਲਿਆਂ 'ਚ 70 ਫ਼ੀਸਦੀ ਪੁਰਸ਼



ਨਵੀਂ ਦਿੱਲੀ – ਭਾਰਤ ਵਾਸੀਆਂ ਦੀ ਮਾਨਸਿਕ ਸਥਿਰਤਾ ਬਾਰੇ ਖ਼ਤਰਨਾਕ ਖੁਲਾਸਾ ਹੋਇਆ ਹੈ। ਹਰ ਚੌਥੇ ਮਿੰਟ ਵਿੱਚ ਇੱਕ ਭਾਰਤੀ ਖ਼ੁਦਕੁਸ਼ੀ ਕਰ ਰਿਹਾ ਹੈ। ਪਿਛਲੇ ਇੱਕ ਸਾਲ ਵਿੱਚ 1,33,623 ਲੋਕਾਂ ਨੇ ਖ਼ੁਦਕੁਸ਼ੀ ਕੀਤੀ ਹੈ। ਯਾਨੀ ਪਿਛਲੇ ਸਾਲ ਰੋਜ਼ਾਨਾ 366 ਤੇ ਹਰ ਘੰਟੇ 'ਚ 15 ਲੋਕਾਂ ਨੇ ਆਤਮ ਹੱਤਿਆ ਕੀਤੀ ਹੈ। ਕੌਮੀ ਸਿਹਤ ਪ੍ਰੋਫਾਈਲ 2018 ਵੱਲੋਂ ਦੱਸੇ ਗਏ ਅੰਕੜੇ ਖ਼ਤਰੇ ਦੀ ਘੰਟੀ ਹਨ। ਅੰਕੜੇ ਸਿੱਧ ਕਰਦੇ ਹਨ ਕਿ ਔਰਤਾਂ ਦੇ ਮੁਕਾਬਲੇ ਭਾਰਤੀ ਮਰਦਾਂ ਛੇਤੀ ਹਿੰਮਤ ਹਾਰ ਜਾਂਦੇ ਹਨ ਤੇ ਖ਼ੁਦਕੁਸ਼ੀ ਦਾ ਕਦਮ ਚੁੱਕ ਬਹਿੰਦੇ ਹਨ। ਭਾਰਤ ਵਿੱਚ ਹੋਈਆਂ ਖ਼ੁਦਕੁਸ਼ੀਆਂ ਵਿੱਚ ਤਕਰੀਬਨ 70 ਫ਼ੀਸਦੀ ਮਰਦ ਹਨ। ਪਿਛਲੇ ਸਾਲ ਵਿੱਚ 1,33,623 ਲੋਕਾਂ ਨੇ ਆਪਣੀ ਜਾਨ ਆਪ ਲੈ ਲਈ ਤੇ ਇਨ੍ਹਾਂ ਵਿੱਚ 91,528 (68.49%) ਮਰਦ ਤੇ 42,088 ਔਰਤਾਂ ਸ਼ਾਮਲ ਹਨ। ਸਾਲ 2000 ਵਿੱਚ 66,032 ਪੁਰਸ਼ਾਂ ਨੇ ਖ਼ੁਦਕੁਸ਼ੀ ਕੀਤੀ ਸੀ ਤੇ 2008 ਵਿੱਚ ਇਹ ਅੰਕੜਾ 80,544 ਤਕ ਪਹੁੰਚ ਗਿਆ, ਜਦਕਿ ਹੁਣ 91,528 ਮਰਦਾਂ ਨੇ ਖ਼ੁਦਕੁਸ਼ੀ ਕੀਤੀ। ਮਰਦਾਂ ਵਿੱਚ ਖ਼ੁਦਕੁਸ਼ੀ ਦਾ ਰੁਝਾਨ ਔਰਤਾਂ ਨਾਲੋਂ ਦੁੱਗਣਾ ਹੋ ਗਿਆ ਹੈ। ਭਾਰਤ ਦੇ ਤਿੰਨ ਸੂਬਿਆਂ ਵਿੱਚ ਖ਼ੁਦਕੁਸ਼ੀ ਦਾ ਰੁਝਾਨ ਸਭ ਤੋਂ ਜ਼ਿਆਦਾ ਵੇਖਣ ਨੂੰ ਮਿਲਿਆ ਹੈ। ਮਹਾਰਾਸ਼ਟਰ ਵਿੱਚ 16,970 ਲੋਕਾਂ ਨੇ ਆਤਮ ਹੱਤਿਆ ਕੀਤੀ, ਤਮਿਲਨਾਡੂ ਵਿੱਚ 15,777 ਤੇ ਬੰਗਾਲ ਵਿੱਚ 14,602 ਲੋਕਾਂ ਨੇ ਖ਼ੁਦਕੁਸ਼ੀ ਕੀਤੀ। ਅੰਕੜੇ ਦੱਸਦੇ ਹਨ ਕਿ 30 ਤੋਂ 45 ਸਾਲ ਦੇ ਲੋਕਾਂ ਵਿੱਚ ਖ਼ੁਦਕੁਸ਼ੀ ਦਾ ਰੁਝਾਨ ਸਭ ਤੋਂ ਵੱਧ ਹੈ। ਇਹ ਖ਼ਤਰਨਾਕ ਰੁਝਾਨ ਸਰਕਾਰ ਦੀਆਂ ਨੀਤੀਆਂ ਵਿੱਚ ਤੁਰੰਤ ਤਬਦੀਲੀ ਦੀ ਮੰਗ ਕਰਦੇ ਹਨ। ਲੋਕਾਂ ਦੀ ਮਾਨਸਿਕ ਸਿਹਤ ਵਿਗੜ ਰਹੀ ਹੈ ਤੇ ਇਸ ਤਰ੍ਹਾਂ ਲੋਕ ਵੱਡੀ ਗਿਣਤੀ ਵਿੱਚ ਇਸ ਬਿਮਾਰੀ ਦੀ ਲਪੇਟ ਵਿੱਚ ਆ ਰਹੇ ਹਨ। ਇਸ ਤੋਂ ਬਾਅਦ ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਾਂ ਮੁਤਾਬਕ ਨੌਕਰੀਦਾਤਾਵਾਂ ਨੂੰ ਆਪਣੀਆਂ ਭਰਤੀ ਨੀਤੀਆਂ ਵਿੱਚ ਤਬਦੀਲੀ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਇਹ ਸਮੱਸਿਆ ਹੋਰ ਵੀ ਗੰਭੀਰ ਹੋ ਚੁੱਕੀ ਹੈ ਕਿਉਂਕਿ ਲੋਕ ਖ਼ੁਦ ਨੂੰ ਮਾਰਨ ਤੋਂ ਇਲਾਵਾ ਇਸ ਖ਼ਤਰਨਾਕ ਕਦਮ ਨੂੰ ਆਨਲਾਈਨ ਵੀ ਸਾਂਝਾ ਕਰ ਰਹੇ ਹਨ।


# ਰੁਕ ਸਕਦੀਆਂ ਨੇ ਪੰਜਾਬ 'ਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ

## ਸਰਕਾਰ ਨੂੰ ਕਰਨਾਟਕ ਮਾਡਲ ਅਪਣਾਉਣ ਦੀ ਲੋੜ



ਜਦੋਂ ਮੌਜੂਦਾ ਕਾਂਗਰਸ ਸੱਤਾ ਵਿੱਚ ਨਹੀਂ ਆਈ ਸੀ ਤਾਂ ਉਦੋਂ ਚੋਣ ਪ੍ਰਚਾਰ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਭਰੋਸਾ ਦਿਵਾਇਆ ਸੀ ਕਿ ਸੱਤਾ ਵਿੱਚ ਆਉਣ ਉਪਰੰਤ ਉਹ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਉਪਰਾਲੇ ਕਰਨਗੇ ਤਾਂ ਜੋ ਕਿਸਾਨਾਂ ਨੂੰ ਕਰਜ਼ਾ ਮੁਕਤ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਖ਼ੁਦਕੁਸ਼ੀਆਂ ਤੋਂ ਬਚਾਇਆ ਜਾ ਸਕੇ। ਕੈਪਟਨ ਸਰਕਾਰ ਨੇ ਸੱਤਾ ਵਿੱਚ ਆਉਣ ਉਪਰੰਤ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੰਜ਼ੀਦਾ ਯਤਨ ਤਾਂ ਕੀਤੇ ਪਰ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਰੁਕ ਨਹੀਂ ਸਕੀਆਂ। ਇਹ ਸਿਲਸਿਲਾ ਜਿਉਂ ਦਾ ਤਿਉਂ ਬਰਕਰਾਰ ਹੈ। ਅੱਗੇ ਨਾਲੋਂ ਵੀ ਜ਼ਿਆਦਾ ਖ਼ੁਦਕੁਸ਼ੀਆਂ ਹੋ ਰਹੀਆਂ ਹਨ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਨੂੰ ਦੂਜੇ ਸੂਬਿਆਂ ਤੋਂ ਕੁਝ ਸਿੱਖਿਆ ਹਾਸਲ ਕਰਨੀ ਚਾਹੀਦੀ ਹੈ। ਇਸ ਸਬੰਧ ਵਿੱਚ ਕਰਨਾਟਕ ਸਟੇਟ ਐਗਰੀਕਲਚਰ ਪ੍ਰਾਈਸ ਕਮਿਸ਼ਨ ਦੇ ਚੇਅਰਮੈਨ ਡਾ. ਟੀ ਐਨ ਪ੍ਰਕਾਸ਼ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਖੇਤੀਬਾੜੀ ਵਿੱਚ ਕਰਨਾਟਕ ਮਾਡਲ ਨੂੰ ਅਪਨਾਏ ਤਾਂ ਇੱਥੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਘੱਟ ਹੋ ਸਕਦੀਆਂ ਹਨ।

ਕਰਨਾਟਕ ਵਿੱਚ ਖ਼ੁਦਕੁਸ਼ੀਆਂ ਵਿੱਚ ਕਮੀ ਲਿਆਉਣ ਲਈ ਫਸਲਾਂ ਦਾ ਉਚਿਤ ਮੁੱਲ ਦਿਵਾਉਣ ਲਈ ਚਾਰ ਸਾਲ ਪਹਿਲਾਂ ਬਣਾਏ ਗਏ ਕਰਨਾਟਕ ਐਗਰੀਕਲਚਰ ਪ੍ਰਾਈਸ ਕਮਿਸ਼ਨ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਚਾਰ ਸਾਲਾਂ ਵਿੱਚ ਕਿਸਾਨਾਂ ਉੱਤੇ ਕਰਜ ਦਾ ਤਣਾਅ ਘੱਟ ਹੋਇਆ ਹੈ। ਡਾ. ਟੀ. ਐਨ. ਪ੍ਰਕਾਸ਼ ਦੋ ਦਿਨ ਤੱਕ ਚੰਡੀਗੜ੍ਹ ਵਿੱਚ ਚੱਲੀ ਡਾਇਲਾਗ ਹਾਈਵੇਅ ਦੀ ਨੈਸ਼ਨਲ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਆਏ ਸਨ। ਜਿਥੇ ਉਨ੍ਹਾਂ ਨੇ ਕਿਸਾਨਾਂ ਵਿੱਚ ਵੱਧ ਰਹੀ ਆਤਮਹੱਤਿਆ ਦੀ ਪ੍ਰਵਿਰਤੀ ਅਤੇ ਉਨ੍ਹਾਂ ਦੀ ਸਮਸਿਆਵਾਂ ਦੇ ਸਮਾਧਾਨ ਨੂੰ ਲੈ ਕੇ ਚਰਚਾ ਕੀਤੀ। ਡਾ. ਪ੍ਰਕਾਸ਼ ਨੇ ਦੱਸਿਆ ਕਿ ਕਰਨਾਟਕ ਸਰਕਾਰ ਨੇ ਇਸ ਵੱਲ ਕਦਮ ਚੁੱਕਿਆ ਹੈ। ਕਿਸਾਨਾਂ ਨੂੰ ਸਮੇਂ 'ਤੇ ਉਨ੍ਹਾਂ ਦੀ ਫਸਲਾਂ ਦਾ ਉਚਿਤ ਮੁੱਲ ਨਾ ਮਿਲਣ ਨਾਲ ਹੀ ਉਨ੍ਹਾਂ ਉੱਤੇ ਕਰਜ ਦਾ ਬੋਝ ਵਧਦਾ ਹੈ। ਫਿਰ ਇਸ ਕਰਜ ਨੂੰ ਉਤਾਰਨ ਦੀ ਚਿੰਤਾ ਵਿੱਚ ਹੀ ਉਹ ਖ਼ੁਦਕੁਸ਼ੀਆਂ ਵਰਗਾ ਕਦਮ ਚੁੱਕਦੇ ਹਨ। ਡਾ. ਪ੍ਰਕਾਸ਼ ਨੇ ਦੱਸਿਆ ਕਿ ਕਰਨਾਟਕ ਸਰਕਾਰ ਨੇ 2014 ਵਿੱਚ ਸਟੇਟ ਪ੍ਰਾਇਸ ਕਮਿਸ਼ਨ ਦਾ ਗਠਨ ਕੀਤਾ ਸੀ। ਇਸ ਵਿੱਚ ਅਸੀਂ ਫਸਲਾਂ ਦੀ ਕੀਮਤ ਸੁਨਿਸਚਿਤ ਕਰਦੇ ਹਾਂ ਅਤੇ ਜੇਕਰ ਖੁੱਲ੍ਹੇ ਬਾਜ਼ਾਰ ਵਿੱਚ ਕੀਮਤ ਉਸ ਤੋਂ ਹੇਠਾਂ ਜਾਂਦੀ ਹੈ, ਤਾਂ ਫਸਲ ਦੀ ਖਰੀਦ ਸਰਕਾਰ ਕਰਦੀ ਹੈ। ਇਸਦੇ ਲਈ ਇੱਕ ਪੋਰਟਲ ਬਣਾਇਆ ਗਿਆ ਹੈ ਅਤੇ ਪੂਰੇ ਰਾਜ ਦੇ ਕਿਸਾਨਾਂ ਨੂੰ ਇਸ ਪੋਰਟਲ ਦੇ ਜ਼ਰੀਏ ਫਸਲ ਦੀ ਕੀਮਤ ਦੱਸੀ ਜਾਂਦੀ ਹੈ ਤਾਂ ਕਿ ਉਹ ਇਸ ਤੋਂ ਹੇਠਾਂ ਨਹੀਂ ਵੇਚੀਏ। ਕਮਿਸ਼ਨ ਦੇ ਚੇਅਰਮੈਨ ਨੇ ਦੱਸਿਆ ਕਿ ਰੌਂਗੀ, ਜਵਾਰ, ਤੂਰ ਦੀ ਦਾਲ, ਸੁਪਾਰੀ, ਝੋਨਾ ਸਮੇਤ ਦਸ ਫਸਲਾਂ ਹਨ, ਜਿਨ੍ਹਾਂ ਦੀ ਕੀਮਤ ਰਾਜ ਸਰਕਾਰ ਤੈਅ ਕਰਦੀ ਹੈ ਅਤੇ ਕੀਮਤ ਡਿੱਗਣ ਉੱਤੇ ਆਪਣੀ ਕੀਮਤ ਉੱਤੇ ਉਸਦੀ ਖਰੀਦ ਕਰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਸਾਰੀ ਖਰੀਦੀ ਗਈ ਫਸਲ ਨੂੰ ਰਾਜ ਸਰਕਾਰ ਦੀ ਵੱਖਰੀਆਂ ਸਕੀਮਾਂ ਦੇ ਤਹਿਤ ਵਿਭਾਗਾਂ ਨੂੰ ਵੇਚ ਦਿੱਤਾ ਜਾਂਦਾ ਹੈ, ਜਿਸਦੇ ਨਾਲ ਸਰਕਾਰ ਉੱਤੇ ਇਸਦਾ ਬੋਝ ਨਹੀਂ ਪੈਂਦਾ। ਇਹ ਹੈ ਮਾਡਲ ਡਾ.ਪ੍ਰਕਾਸ਼ ਨੇ ਦੱਸਿਆ ਕਿ ਜੇਲ੍ਹਾਂ, ਆਂਗਣਵਾੜੀ ਕੇਂਦਰਾਂ, ਮਿਡ-ਡੇਅ ਮੀਲ ਸਣੇ ਤਮਾਮ ਸਰਕਾਰੀ ਸੰਸਥਾਵਾਂ ਵਿੱਚ ਬਣਨ ਵਾਲੇ ਖਾਣੇ ਵਿੱਚ ਰਾਜ ਸਰਕਾਰ ਤੋਂ ਖਰੀਦੇ ਗਏ ਖਾਦ ਪਦਾਰਥਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਮਾਰਕਿਟ ਵਿੱਚ ਜਿਵੇਂ ਹੀ ਸਰਕਾਰ ਫਸਲਾਂ ਦੀ ਖਰੀਦ ਸ਼ੁਰੂ ਕਰਦੀ, ਉਸੇ ਤਰ੍ਹਾਂ ਹੀ ਵਪਾਰੀ ਆਪਣਾ ਮੁੱਲ ਵਧਾ ਦਿੰਦੇ ਹਨ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਠੀਕ ਮੁੱਲ ਮਿਲਣ ਲੱਗਦਾ ਹੈ। ਇਹ ਪੁੱਛੇ ਜਾਣ ਉੱਤੇ ਕਿ ਅਖੀਰ ਇਸਦੇ ਲਈ ਪੈਸਾ ਕਿੱਥੋਂ ਆਉਂਦਾ ਹੈ। ਉਨ੍ਹਾਂ ਨੇ ਦੱਸਿਆ ਕਿ ਏ.ਪੀ.ਐਮ.ਸੀ. ਐਕਟ ਦੇ ਅਧੀਨ 1.5 ਫੀਸਦ ਸੈਸ ਮੰਡੀਆਂ ਵਿੱਚ ਵਿਕਣ ਵਾਲੀ ਫਸਲ ਉੱਤੇ ਲਗਾਇਆ ਹੈ, ਜਿਸਦੇ ਨਾਲ ਸਰਕਾਰ ਨੂੰ 1500 ਕਰੋੜ ਰੁਪਏ ਤੋਂ ਜ਼ਿਆਦਾ ਦੀ ਆਮਦਨੀ ਹੁੰਦੀ ਹੈ। ਇਸ ਰਾਸ਼ੀ ਨੂੰ ਇਸ ਗੈਪ ਫੰਡਿੰਗ ਦੇ ਰੂਪ ਵਿੱਚ ਵਰਤਿਆ ਕੀਤਾ ਜਾਂਦਾ ਹੈ। ਵਪਾਰੀਆਂ ਦਾ ਨੈਕਸਸ ਨਹੀਂ ਬਣਦਾ ਡਾ. ਪ੍ਰਕਾਸ਼ ਨੇ ਕਿਹਾ ਕਿ ਰਾਜਾਂ ਲਈ ਇਹ ਫਾਰਮੂਲਾ ਬਹੁਤ ਚੰਗਾ ਹੈ ਕਿਉਂਕਿ ਇਸ ਤੋਂ ਬਾਜ਼ਾਰ ਵਿੱਚ ਵਪਾਰੀਆਂ ਉੱਤੇ ਨੈਕਸਸ ਨਹੀਂ ਬਣਾਉਣ ਦਾ ਦਬਾਅ ਬਣਿਆ ਰਹਿੰਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਜੇਕਰ ਸਰਕਾਰ ਨੇ ਖਰੀਦ ਕਰ ਲਈ, ਤਾਂ ਉਸਨੂੰ ਤੈਅ ਮੁੱਲ ਤੋਂ ਜ਼ਿਆਦਾ ਹੀ ਅਦਾ ਕਰਨੇ ਹੋਣਗੇ। ਪ੍ਰਸਿੱਧ ਐਗਰੋ ਅਰਥਸ਼ਾਸਤਰੀ ਦਵਿੰਦਰ ਸ਼ਰਮਾ ਨੇ ਵੀ ਡਾ. ਪ੍ਰਕਾਸ਼ ਦੇ ਇਸ ਦਾਅਵੇ ਦੀ ਵਕਾਲਤ ਕੀਤੀ ਹੈ ਕਿ ਜੇਕਰ ਸਰਕਾਰ ਪੰਜਾਬ ਵਿੱਚ ਝੋਨੇ ਦੇ ਇਲਾਵਾ ਬਦਲਵੀਂ ਫਸਲਾਂ ਨੂੰ ਗੈਪ ਫੰਡਿੰਗ ਦੇਣਾ ਸ਼ੁਰੂ ਕਰ ਦੇਵੇ ਤਾਂ ਝੋਨੇ ਦਾ ਰਕਬਾ ਘੱਟ ਹੋਣ ਲੱਗੇਗਾ। ਆਪਣੇ ਆਪ ਸਰਕਾਰ ਦੀ ਆਪਣੀ ਆਟਾ-ਦਾਲ ਯੋਜਨਾ ਵਿੱਚ ਸਰਕਾਰ ਦੀ ਦਾਲਾਂ ਦੀ ਜ਼ਰੂਰਤ ਪੂਰੀ ਹੋ ਸਕਦੀ ਹੈ। ਇਨ੍ਹਾਂ ਨੂੰ ਪ੍ਰਮੋਟ ਕਰਕੇ ਸਰਕਾਰ ਖਰੀਦ ਕਰਕੇ ਇਸ ਯੋਜਨਾ ਨੂੰ ਚਲਾਏ। ਇਸੇ ਤਰ੍ਹਾਂ ਜੇਲ੍ਹਾਂ ਵਿੱਚ ਵੀ ਦਾਲਾਂ ਦੀ ਲੋੜ ਹੁੰਦੀ ਹੈ।



' ਐਗਰੀਕਲਚਰ ਪ੍ਰਾਈਸ ਕਮਿਸ਼ਨ ਨੇ ਦੱਖਣੀ ਸੂਬੇ 'ਚ ਨਵੀਂ ਕ੍ਰਾਂਤੀ ਲਿਆਂਦੀ '

**ਡਾ. ਟੀ ਐਨ ਪ੍ਰਕਾਸ਼**
ਚੇਅਰਮੈਨ ਐਗਰੀਕਲਚਰ ਪ੍ਰਾਈਸ ਕਮਿਸ਼ਨ, ਕਰਨਾਟਕ

# 2017 'ਚ ਪ੍ਰਵਾਸੀ ਭਾਰਤੀਆਂ ਨੇ ਦੇਸ਼ ਵਿੱਚ ਭੇਜੇ 69 ਅਰਬ ਡਾਲਰ

## ਪੰਜਾਬੀਆਂ ਦੇ ਹਿੱਸੇ ਆਏ 12.7 ਫੀਸਦੀ, ਪਹਿਲੇ ਸਥਾਨ 'ਤੇ ਰਿਹਾ ਕੇਰਲਾ



**ਚੰਡੀਗੜ੍ਹ** : ਦੁਨੀਆਂ 'ਚ ਆਰਥਿਕ ਹਾਲਾਤ ਕਿਹੋ ਜਿਹੇ ਹੋਣ ਵਿਦੇਸ਼ੀ ਭਾਰਤੀ ਆਪਣੀ ਕਮਾਈ ਦਾ ਵੱਡਾ ਹਿੱਸਾ ਦੇਸ਼ ਨੂੰ ਭੇਜਣਾ ਨਹੀਂ ਭੁੱਲਦੇ। ਵਰਲਡ ਬੈਂਕ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ 2017 ਵਿੱਚ ਪ੍ਰਵਾਸੀਆ ਨੇ ਦੇਸ਼ 'ਚ 69 ਅਰਬ ਡਾਲਰ ਦੀ ਵੱਡੀ ਰਕਮ ਭੇਜੀ। ਇਹ ਰਕਮ ਭਾਰਤ ਦੇ ਰੱਖਿਆ ਬਜਟ ਤੋਂ ਡੇਢ ਗੁਣਾ ਹੈ। ਸਾਲ 2016 ਦੇ ਮੁਕਾਬਲੇ, 2017 'ਚ ਭਾਰਤੀ ਪ੍ਰਵਾਸੀ ਵੱਲੋਂ ਭੇਜੇ ਗਏ ਪੈਸੇ ਦੀ ਰਕਮ ਚ 9.5 ਫੀਸਦੀ ਦਾ ਵਾਧਾ ਹੋਇਆ ਹੈ।

**ਸਾਲ 1991 ਤੋਂ 22 ਗੁਣਾ ਵਾਧਾ :**
ਰਿਪੋਰਟ ਅਨੁਸਾਰ 1991 ਤੋਂ ਲੈ ਕੇ 2017 ਤੱਕ ਭਾਰਤੀਆਂ ਵੱਲੋਂ ਵਿਦੇਸ਼ਾਂ 'ਚ ਭੇਜੀ ਗਈ ਰਕਮ 22 ਗਣਾ ਵਧੀ ਹੈ। 1991 'ਚ ਭਾਰਤੀ ਸਿਰਫ 3 ਅਰਬ ਡਾਲਰ ਦੇਸ਼ ਭੇਜਦੇ ਸਨ। ਜੋ 2017 'ਚ 69 ਅਰਬ ਡਾਲਰ ਹੋ ਗਿਆ। ਦੁਨੀਆ ਭਰ 'ਚ ਪ੍ਰਵਾਸੀਆਂ ਵੱਲੋਂ ਭੇਜੇ ਗਏ ਪੈਸਿਆਂ ਦੀ ਰਾਸ਼ੀ 613 ਅਰਬ ਡਾਲਰ ਸੀ। ਭਾਰਤ ਤੋਂ ਬਾਅਦ, ਚੀਨ, ਫਿਲੀਪੀਨਜ਼, ਮੈਕਸੀਕੋ, ਨਾਈਜੀਰੀਆ ਅਤੇ ਮਿਸਰ ਨੂੰ ਕ੍ਰਮਵਾਰ ਪ੍ਰਵਾਸੀਆਂ ਦੁਆਰਾ ਜ਼ਿਆਦਾ ਪੈਸਾ ਭੇਜਿਆ ਜਾਂਦਾ ਹੈ।

**ਕੇਰਲਾ ਸਭ ਤੋਂ ਅੱਗੇ :**
ਇੰਡੀਆ ਸਪੈਂਡ ਰਿਪੋਰਟ 2016 ਅਨੁਸਾਰ ਸਵਦੇਸ਼ ਭੇਜਿਆ ਜਾਣ ਵਾਲਾ ਸਭ ਤੋਂ ਵੱਡਾ ਹਿੱਸਾ ਕੇਰਲਾ ਦਾ ਹੈ, ਕੇਰਲਾ ਦਾ ਹਿੱਸਾ 40 ਫ਼ੀਸਦੀ ਹੈ। ਇਸ ਤੋਂ ਬਾਅਦ ਪੰਜਾਬ (12.7 ਫੀਸਦੀ), ਤਾਮਿਲਨਾਡੂ (12.4 ਫੀਸਦੀ), ਆਂਧਰਾ ਪ੍ਰਦੇਸ਼ (7.7 ਫੀਸਦੀ) ਅਤੇ ਉੱਤਰ ਪ੍ਰਦੇਸ਼ (5.4 ਫੀਸਦੀ) ਦਾ ਹਿੱਸਾ ਹੈ।

**ਵਿਦੇਸ਼ ਵਿੱਚ 3 ਕਰੋੜ ਭਾਰਤੀ :**
ਇਸ ਸਮੇਂ 3 ਕਰੋੜ ਤੋਂ ਜ਼ਿਆਦਾ ਭਾਰਤੀ ਵਿਦੇਸ਼ਾਂ ਵਿੱਚ ਰਹਿ ਰਹੇ ਹਨ ਉਨ੍ਹਾਂ ਵਿਚੋਂ ਜ਼ਿਆਦਾਤਰ ਅਮਰੀਕਾ, ਸਾਊਦੀ ਅਰਬ, ਕੈਨੇਡਾ ਅਤੇ ਆਸਟਰੇਲੀਆ ਵਰਗੇ ਮੁਲਕਾਂ ਵਿਚ ਹਨ।

**2030 ਤੱਕ ਪ੍ਰਵਾਸੀ ਭੇਜਣਗੇ 6.5 ਖਰਬ ਡਾਲਰ** : ਵਿਕਾਸਸ਼ੀਲ ਦੇਸ਼ਾਂ ਨੂੰ 2015 ਤੋਂ 2030 ਤੱਕ 6.5 ਖਰਬ ਡਾਲਰ ਦੀ ਰਕਮ ਪ੍ਰਵਾਸੀਆਂ ਨੂੰ ਮਿਲੇਗੀ। ਵਿਦੇਸ਼ ਤੋਂ ਭੇਜੇ ਗਏ ਪੈਸੇ ਚੋਂ ਅੱਧ ਤੋਂ ਵੱਧ ਪੇਂਡੂ ਖੇਤਰਾਂ 'ਚ ਆਵੇਗਾ।

**ਆਰਥਿਕਤਾ ਲਈ ਮਹੱਤਵਪੂਰਨ :**
ਵਿਦੇਸ਼ੀ ਲੋਕਾਂ ਦੁਆਰਾ ਭੇਜੇ ਧਨ ਦੀ ਮਹੱਤਤਾ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਵਿਦੇਸ਼ੀ ਨਿਵੇਸ਼ ਨਾਲੋਂ ਵਧੇਰੇ ਸੁਰੱਖਿਅਤ ਅਤੇ ਸਥਾਈ ਹੈ। ਇਹ ਫੰਡ ਗਰੀਬੀ ਨੂੰ ਘੱਟ ਕਰਨ ਅਤੇ ਖੁਸ਼ਹਾਲੀ ਨੂੰ ਵਧਾਉਣ 'ਚ ਕੰਮ ਕਰਦਾ ਹੈ।

# ਨਿਰੰਕਾਰੀ ਬਾਬੇ ਦੇ ਜਵਾਈ ਖਿਲਾਫ 2000 ਕਰੋੜ ਦੀ ਠੱਗੀ ਦਾ ਕੇਸ ਦਰਜ

ਨਵੀਂ ਦਿੱਲੀ :- ਜਿਸ ਜਵਾਈ ਦੇ ਨਾਲ ਜਾਂਦੇ ਹੋਏ ਕੈਨੇਡਾ 'ਚ ਨਿਰੰਕਾਰੀ ਮਿਸ਼ਨ ਦੇ ਮੁਖੀ ਬਾਬਾ ਹਰਦੇਵ ਸਿੰਘ ਦੀ ਹਾਦਸੇ 'ਚ ਮੌਤ ਹੋਈ ਸੀ, ਉਸ ਸੰਦੀਪ ਖਿੰਡਾ 'ਤੇ ਬਾਬਾ ਦੀ ਵੱਡੀ ਬੇਟੀ ਸਮਤਾ ਨੇ ਦਿੱਲੀ 'ਚ ਕਰੋੜਾਂ ਰੁਪਏ ਤੋਂ ਜ਼ਿਆਦਾ ਠੱਗੀ ਦਾ ਕੇਸ ਦਰਜ ਕਰਵਾਇਆ ਹੈ। ਪੁਲਿਸ ਦੇ ਸੂਤਰਾਂ ਦਾ ਕਹਿਣਾ ਹੈ ਕਿ ਠੱਗੀ ਦੀ ਰਕਮ ਦੋ ਹਜ਼ਾਰ ਕਰੋੜ ਰੁਪਏ ਤੋਂ ਕਾਫੀ ਜ਼ਿਆਦਾ ਹੈ, ਜਿਸਦੇ ਵੇਰਵੇ ਜਾਂਚ ਹੌਲੀ-ਹੌਲੀ ਸਾਹਮਣੇ ਆਉਣਗੇ।

ਸਮਤਾ ਨੇ ਸ਼ਿਕਾਇਤ 'ਚ ਕਿਹਾ ਹੈ ਕਿ ਸੰਦੀਪ ਨੇ ਜੈਨ ਫਲੋਰੀਕਲਚਰ ਲਿਮਟਿਡ ਨਾਮ ਦੀ ਇਕ ਕੰਪਨੀ ਖਰੀਦੀ। ਇਸ 'ਚ ਮੇਰੇ ਤੋਂ ਕਰੋੜਾਂ ਰੁਪਏ ਇਨਵੈਸਟ ਕਰਵਾਏ ਗਏ। ਕੰਪਨੀ 'ਚ 100 ਫੀਸਦੀ ਸ਼ੇਅਰ ਮੇਰੇ ਸਨ। ਫਿਰ ਸਮਤਾ ਸ਼ੇਅਰ ਡਿਜਟਿਲ ਸਾਈਨ ਦੇ ਜ਼ਰੀਏ ਸੰਦੀਪ ਨੇ ਆਪਣੇ ਨਾਮ ਟਰਾਂਸਫਰ ਕਰਵਾ ਲਏ। ਅਲੱਗ ਰਹਿਣ 'ਤੇ ਸਾਜ਼ਿਸ਼, ਫਿਰ ਇੰਗਲੈਂਡ ਚਲਾ ਗਿਆ ਸੰਦੀਪ ਸਮਤਾ ਨੇ ਸ਼ਿਕਾਇਤ 'ਚ ਲਿਖਿਆ ਹੈ ਕਿ ਉਹ ਆਪਣੇ ਪਤੀ ਨੂੰ ਨਿੱਜੀ ਪ੍ਰਾਪਰਟੀ ਦੇ ਕਾਗਜ਼ਾਤ, ਪੈੱਨ ਕਾਰਡ, ਅਧਾਰ ਕਾਰਡ, ਚੈੱਕ ਬੁੱਕ, ਏਜੁਕੇਸ਼ਨ ਸਰਟੀਫਿਕੇਟ ਆਦਿ ਦੇ ਰੱਖੇ ਸਨ। ਜਦ ਉਹ ਇਕੱਠੇ ਰਹਿੰਦੇ ਸਨ। ਬਾਅਦ 'ਚ ਅਲੱਗ ਰਹਿਣ ਲੱਗੇ। ਇਸ ਦੌਰਾਨ ਸੰਦੀਪ ਨੇ ਧੋਖਾਧੜੀ ਕੀਤੀ। ਉਸਦੇ ਬਾਅਦ ਇੰਗਲੈਂਡ ਚਲਾ ਗਿਆ। ਕੰਪਨੀ 'ਚ 100% ਸ਼ੇਅਰ ਸਨ, ਫਿਰ ਪਤਾ ਚੱਲਿਆ ਕੁੱਝ ਨਹੀਂ ਬਚਿਆ 31 ਮਈ 2018 ਨੂੰ ਸਮਤਾ ਨੂੰ ਜੇ ਐੱਫ ਐੱਲ ਦੇ ਆਡਿਟਰ ਅਨਿਲ ਐੱਸ ਗੁਪਤਾ ਦੇ ਵੱਲੋਂ ਇਕ ਚਿੱਠੀ ਆਈ। ਜਿਸ 'ਚ ਲਿਖਿਆ ਸੀ ਕਿ 30 ਮਾਰਚ 2018 ਤੇ 6 ਅਪ੍ਰੈਲ 2018 ਨੂੰ ਸੰਦੀਪ ਨੇ ਰਜਿਸਟਰਾਰ ਆਫ ਕੰਪਨੀ ਨੂੰ ਕੁਝ ਡਾਕੂਮੈਂਟ ਜਮ੍ਹਾਂ ਕਰਵਾਏ ਹਨ ਜਿਹਨਾਂ 'ਤੇ ਸਮਤਾ ਦੇ ਡਿਜਿਟਲ ਦਸਤਖ਼ਤ ਸਨ। ਸਮਤਾ ਦਾ ਕਹਿਣਾ ਹੈ ਕਿ ਦਤਸਖ਼ਤ ਫਰਜ਼ੀ ਹਨ। ਪਿਤਾ ਦੇ ਦੇਹਾਂਤ 'ਤੇ ਬਾਅਦ ਸਮਤਾ ਨੇ ਦੱਸਿਆ ਕਿ ਪਿਤਾ ਬਾਬਾ ਹਰਦੀਪ ਸਿੰਘ ਦੀ ਮੌਤ ਦੇ ਬਾਅਦ ਉਹ ਪੇਕੇ ਗਈ ਸੀ। ਮੁੜਦੇ ਸਮੇਂ ਤਾਂ ਘਰ 'ਚ ਰੱਖੇ ਪੰਜ ਲੱਖ ਰੁਪਏ ਤੇ ਗਹਿਣੇ ਗਾਇਬ ਸਨ। ਇਸਦੇ ਬਾਅਦ ਇਕ-ਇਕ ਕਰ ਸੰਦੀਪ ਨੇ ਸਾਰੀ ਪ੍ਰਾਪਰਟੀ, ਫੈਮਲੀ ਫੰਡ ਠੱਗ ਲਿਆ। ਸਮਤਾ ਨੇ ਡਿਜਿਟਲ ਦਸਤਖ਼ਤ ਵੈਰੀਫਾਈ ਕਰਨ ਵਾਲੀ ਕੰਪਨੀ ਸਿਫੀ ਟੈੱਕਨਾਲਿਜੀ 'ਤੇ ਵੀ ਕੇਸ ਦਰਜ ਕਰਵਾਇਆ ਹੈ। ਸਮਤਾ ਨੇ ਦੱਸਿਆ ਕਿ ਉਹਨਾਂ ਨੇ ਡਿਜਿਟਲ ਦਤਖ਼ਤ ਦੇ ਲਈ ਅਪਲਾਈ ਹੀ ਨਹੀਂ ਕੀਤਾ ਸੀ, ਜਦਕਿ ਕੰਪਨੀ ਨੇ ਉਹਨਾਂ ਨੇ ਡਿਜਿਟਲ ਦਸਤਖ਼ਤ ਬਣਾ ਦਿੱਤਾ। ਇਸ ਦੇ ਜ਼ਰੀਏ ਹੀ ਸਾਰੀ ਧੋਖਾਧੜੀ ਹੋਈ।

# ਕੀ ਕੈਪਟਨ ਲਈ ਰੇਤਾ ਬਣੇਗਾ 'ਚਿੱਟਾ' ?

ਵਧੇਰੇ ਮਾਲੀ ਹਿਤ, ਸਿਆਸੀ ਉਤੇਜਨਾ, ਅਪਰਾਧਕ ਹਮਲੇ ਅਤੇ ਲੋਕਾਂ ਸਿਰ ਪਏ ਕਲੇਸ਼, ਇਹ ਸਾਰੇ ਮਸਲੇ ਕੈਪਟਨ ਅਮਰਿੰਦਰ ਸਿੰਘ ਲਈ ਰੇਤ ਨੂੰ 'ਚਿੱਟੇ' ਵਿੱਚ ਬਦਲ ਰਹੇ ਹਨ। 'ਚਿੱਟਾ' ਸ਼ਬਦ ਨਸ਼ੇ ਲਈ ਵਰਤਿਆ ਜਾਂਦਾ ਹੈ ਜਿਹੜਾ ਕਈ ਸਾਲਾਂ ਦੇ ਸਿੱਧੇ ਦੋਸ਼ਾਂ ਤੋਂ ਬਾਅਦ ਪਿਛਲੀ ਅਕਾਲੀ-ਭਾਜਪਾ ਗੱਠਜੋੜ ਲਈ ਇੱਕ ਤਰ੍ਹਾਂ ਨਾਲ ਸਜ਼ਾ ਹੀ ਸਾਬਤ ਹੋਇਆ ਸੀ। ਹੁਣ ਗੁੰਮਨਾਮ ਖਣਨ ਵਾਲੇ ਲਗਾਤਾਰ ਰੇਤ ਲੁੱਟ ਰਹੇ ਹਨ ਅਤੇ ਮੁਲਾਜ਼ਮਾਂ ਉੱਤੇ ਹਮਲਿਆਂ ਦੇ ਬਾਵਜੂਦ ਸਰਕਾਰ ਬੇਵੱਸ ਹੋਈ ਦਿਸ ਰਹੀ ਹੈ। ਇਸ ਸਾਰਾ ਵਿਹਾਰ ਦੇਖਦਿਆਂ ਲੋਕ ਇੱਕ ਤਰ੍ਹਾਂ ਨਾਲ ਸਦਮੇ ਅਤੇ ਗੁੱਸੇ ਵਿੱਚ ਹਨ, ਤੇ ਇਹ ਚਾਰ ਸਾਲ ਬਾਅਦ ਕਾਂਗਰਸ ਸਰਕਾਰ ਲਈ ਵੀ ਪਿਛਲੀ ਸਰਕਾਰ ਵਰਗਾ ਨਤੀਜਾ ਦੇ ਸਕਦੇ ਹਨ।

ਸੱਤਾ ਬਦਲਦਿਆਂ ਹੀ ਨਵੀਂ ਸਰਕਾਰ ਨੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਦਿੱਤੇ ਖਣਨ ਠੇਕੇ ਤੁਰੰਤ ਰੱਦ ਕਰ ਦਿੱਤੇ। ਦਲੀਲ ਇਹ ਦਿੱਤੀ ਗਈ ਕਿ ਸਰਕਾਰ ਨੂੰ ਬਹੁਤ ਘੱਟ ਪੈਸੇ ਜੁੜਦੇ ਸਨ, ਤੇ ਲੋਕਾਂ ਲਈ ਭਾਅ ਫਿਰ ਵੀ ਘਟਾਏ ਨਹੀਂ ਸਨ ਗਏ। ਠੇਕੇ ਰੱਦ ਕਰਨ ਦੀ ਇਸ ਸਾਰੀ ਕਾਰਵਾਈ ਪਿੱਛੇ ਹੋਰ ਮਕਸਦ ਕੀ ਸੀ, ਉਸ ਬਾਰੇ ਤਾਂ ਹੋਰ ਕੁਝ ਸਾਬਤ ਨਹੀਂ ਸੀ ਕੀਤਾ ਜਾ ਸਕਦਾ, ਸਿਵਾਏ ਇਸ ਦੇ ਕਿ ਨਵੀਂ ਬੋਲੀ ਵਾਲੀ ਪ੍ਰਕਿਰਿਆ ਦੌਰਾਨ ਜੋੜ-ਤੋੜ ਕਰਨ ਦੇ ਦੋਸ਼ਾਂ ਕਰਕੇ ਇੱਕ ਮੰਤਰੀ ਨੂੰ ਅਸਤੀਫ਼ਾ ਦੇਣਾ ਪੈ ਗਿਆ। ਸਰਕਾਰ ਵੱਲੋਂ ਲਿਆਂਦੀ ਇਸ 'ਵਿਕਾਸਵਾਦੀ ਬੋਲੀ' ਨਾਲ ਪੈਸੇ ਤਾਂ ਆਏ ਪਰ ਰੇਤ ਦੇ ਭਾਅ ਅਸਮਾਨੀਂ ਜਾ ਚੜ੍ਹੇ ਅਤੇ ਆਪਣੇ ਸਿਰ ਉੱਤੇ ਛੱਤ ਪਾਉਣ ਦੀ ਚਾਹ ਰੱਖਣ ਵਾਲੇ ਆਮ ਲੋਕਾਂ ਨੂੰ ਖੱਜਲ-ਖ਼ੁਆਰ ਹੋਣਾ ਪੈ ਗਿਆ।

ਇਉਂ ਚੜ੍ਹੇ ਭਾਅ ਕਾਰਨ ਹਾਲ ਇਹ ਹੋ ਗਿਆ ਕਿ ਭਾਵੇਂ ਕੋਈ ਕਾਨੂੰਨੀ ਠੇਕੇਦਾਰ ਸੀ ਜਾਂ ਗ਼ੈਰਕਾਨੂੰਨੀ (ਇੱਥੋਂ ਤੱਕ ਕਿ ਆਮ ਪੇਂਡੂ ਬੰਦਾ ਵੀ), ਸਾਰੇ ਜਣੇ ਬਿਨਾਂ ਸੋਚੇ ਸਮਝੇ ਕਿ ਇਸ ਦੇ ਨਤੀਜੇ ਕੀ ਨਿੱਕਲ ਸਕਦੇ ਹਨ, ਖਣਨ ਦੇ ਇਸ ਧੰਦੇ ਨਾਲ ਜਾ ਜੁੜੇ। ਸੱਤਾਧਾਰੀ ਪਾਰਟੀ ਅੰਦਰ ਰੱਫੜ ਪੈਣ ਕਾਰਨ ਖਣਨ ਨੀਤੀ ਸੋਧਣ ਦਾ ਮਸਲਾ ਵੀ ਵਿਚਾਲੇ ਲਟਕ ਗਿਆ। ਇਹ ਕਹਿਣਾ ਮੁਸ਼ਕਿਲ ਹੈ ਕਿ ਇਹ ਸਿਰਫ਼ ਬਰਾਬਰੀ ਵਾਲੀ ਸਿਆਸਤ ਕਰਕੇ ਹੈ ਜਾਂ ਖਣਨ ਵਿੱਚ ਹਿਤਾਂ ਦਾ ਮਾਮਲਾ ਹੈ ਜਿਸ ਕਰਕੇ ਸੋਧ-ਸੁਧਾਈ ਦਾ ਕੰਮ ਰੁਕਿਆ ਪਿਆ ਹੈ।

11802482ਫਦ ?ਂਚ;ਹਜਵ 2 ਦੇ ਲਾਇਸੈਂਸਧਾਰਕਾਂ ਜਾਂ ਗ਼ੈਰਕਾਨੂੰਨੀ ਖਣਨਕਾਰਾਂ ਵੱਲੋਂ ਖਣਨ ਕਾਮਿਆਂ ਵਜੋਂ ਭਾੜੇ 'ਤੇ ਰੱਖੇ ਅਪਰਾਧੀਆਂ ਵੱਲੋਂ ਸਰਕਾਰੀ ਮੁਲਾਜ਼ਮਾਂ ਉੱਤੇ ਲਗਾਤਾਰ ਹਮਲੇ ਹੋ ਰਹੇ ਹਨ। ਤੇ ਹਰ ਘਟਨਾ ਨੇ ਖਣਨ ਏਜੰਟਾਂ ਦੇ ਅਪਰਾਧਾਂ ਦੀ ਥਾਂ 'ਸਥਾਪਤੀ' ਅੰਦਰਲੇ ਹਨੇਰੇ ਹੀ ਜ਼ਾਹਿਰ ਕੀਤੇ। ਰੂਪਨਗਰ ਦੇ ਵਿਧਾਇਕ ਉੱਤੇ ਹੋਏ ਹਮਲੇ ਨੇ 'ਆਪ' ਲੀਡਰ ਦੇ ਨਾਲ ਨਾਲ ਹਮਲਾਵਰਾਂ ਦੇ ਆਪਸੀ ਪੁਰਾਣੇ ਕਾਰੋਬਾਰੀ ਅਤੇ ਸਿਆਸੀ ਸਬੰਧਾਂ ਦਾ ਚਿੱਠਾ ਵੀ ਖੋਲ੍ਹ ਦਿੱਤਾ ਹੈ ਅਤੇ ਸਬੰਧਾਂ ਦੀ ਇਹ ਲੜੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਜਾ ਜੁੜਦੀ ਹੈ। ਬਿਨਾਂ ਸ਼ੱਕ, ਸਾਰੇ ਕਿਸੇ ਵੀ ਪ੍ਰਕਾਰ ਦੀ ਉਲੰਘਣਾ ਤੋਂ ਇਨਕਾਰ ਕਰਦੇ ਹਨ। ਇਸ ਮਸਲੇ ਬਾਰੇ ਨਸ਼ਰ ਹੋਈ ਵੀਡੀਓ ਵਿਚ ਜਿਸ ਵਕਤ ਵਿਧਾਇਕ ਦੀ ਕੁੱਟਮਾਰ ਹੋ ਰਹੀ ਸੀ, ਉਦੋਂ ਹਮਲਾਵਰ ਅਤੇ ਵਿਧਾਇਕ ਦਾ ਸਾਥੀ ਮੰਗੇ ਗਏ ਪੈਸਿਆਂ ਬਾਰੇ ਬਹਿਸ ਰਹੇ ਸਨ।

ਇਸ ਤੋਂ ਪਹਿਲਾਂ ਪਟਿਆਲਾ ਵਿੱਚ ਖਣਨ ਵਿਭਾਗ ਦੇ ਜਨਰਲ ਮੈਨੇਜਰ ਉੱਤੇ ਹਮਲੇ ਵਾਲਾ ਮਸਲਾ 'ਸਮਝੌਤੇ' ਨਾਲ ਮੁੱਕ ਗਿਆ। ਪਿਛਲੇ ਹਫ਼ਤੇ ਜੰਗਲਾਤ ਮੁਲਾਜ਼ਮਾਂ ਉੱਤੇ ਹੋਏ ਭਿਆਨਕ ਹਮਲੇ ਤੋਂ ਬਾਅਦ ਪੁਲੀਸ ਹੁਣ ਇਹ ਭਰਮ ਪੈਦਾ ਕਰਨਾ ਚਾਹ ਰਹੀ ਹੈ ਕਿ ਟਰਾਲੀ ਵਿੱਚ ਰੇਤ ਨਹੀਂ, ਗਿੱਲੀ ਮਿੱਟੀ ਢੋਈ ਜਾ ਰਹੀ ਸੀ। ਇੰਜ ਹੀ, ਰੂਪਨਗਰ ਵਾਲੀ ਵਾਰਦਾਤ ਵਿੱਚ 24 ਘੰਟਿਆਂ ਦੇ ਅੰਦਰ ਅੰਦਰ ਖਣਨ ਕਰਨ ਵਾਲਿਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ। ਰੂਪਨਗਰ ਵਿੱਚ ਹੀ ਮਈ ਮਹੀਨੇ ਹੋਈ ਵਾਰਦਾਤ ਵਿੱਚ, ਸਿਪਾਹੀ ਨੇ ਦੋਸ਼ ਲਾਇਆ ਸੀ ਕਿ ਮਾਫੀਆ ਨੇ ਉਸ ਦਾ ਜਬਾੜਾ ਭੰਨ ਦਿੱਤਾ ਪਰ ਸਰਕਾਰੀ ਜਾਂਚ ਰਿਪੋਰਟ ਵਿੱਚ ਵਿੱਚ ਇਹ ਦਾਅਵਾ ਕੀਤਾ ਗਿਆ ਕਿ ਉਸ ਦਾ ਜਬਾੜਾ ਉਸ ਵਕਤ ਟੁੱਟਿਆ ਜਦੋਂ ਉਹ ਮਾਫੀਆ ਦੇ ਬੰਦਿਆਂ ਦਾ ਪਿੱਛਾ ਕਰਦਾ ਡਿੱਗ ਪਿਆ ਸੀ। ਇਸ ਸਭ ਕਾਸੇ ਦਾ ਮਤਲਬ ਇਹੀ ਨਿੱਕਲਦਾ ਹੈ - ਜਾਂ ਤਾਂ ਜਾਂਚ ਕਰਤਾ ਉੱਕਾ ਹੀ ਨਾਕਾਬਲ ਹਨ, ਜਾਂ ਸਿਸਟਮ ਪੂਰੀ ਤਰ੍ਹਾਂ ਗੋਡਣੀਆ ਲਾ ਚੁੱਕਾ ਹੈ ਕਿਉਂਕਿ ਸੱਤਾ ਮਾਣ ਰਹੇ ਕੁਝ 'ਖਾਸ' ਬੰਦਿਆਂ ਦੇ ਹਿਤ ਜੁੜੇ ਹੋਏ ਹਨ। ਰੇਤ ਖਣਨ ਨਾਲ ਜੁੜੇ ਗੁੰਝਲਦਾਰ ਨੇਮ ਤੇ ਗਿਣਤੀ-ਮਿਣਤੀ ਦੇ ਮਾਪਦੰਡ ਅਤੇ ਇਸ ਸਨਅਤ ਦੀਆਂ ਭੂਗੋਲਿਕ ਖਾਸੀਅਤਾਂ ਕਾਰਨ ਉਲੰਘਣਾਵਾਂ ਸਾਬਤ ਕਰਨਾ ਔਖਾ ਹੈ। ਅਣਪਛਾਤੇ ਲੋਕ ਅਕਸਰ ਹੀ ਅਲਾਟ ਹੋਈ ਥਾਂ ਤੋਂ ਵੱਖਰੇ ਇਲਾਕੇ ਜਾਂ ਤੈਅ ਜ਼ਮੀਨ ਤੋਂ ਡੂੰਘੀ ਖੁਦਾਈ ਰਾਹੀਂ ਲਾਹਾ ਲੈ ਜਾਂਦੇ ਹਨ। ਇਸ ਨਾਲ ਸਿਆਸਤਦਾਨਾਂ-ਕਾਰੋਬਾਰੀਆਂ ਲਈ ਲਾਹੇ ਦਾ ਰਾਹ ਖੁੱਲ੍ਹ ਜਾਂਦਾ ਹੈ ਅਤੇ ਜਦੋਂ ਵਿਰੋਧੀ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਵੀ ਇਹੋ ਸਿਲਸਿਲਾ ਜਾਰੀ ਰੱਖਦੇ ਹਨ।

ਸੌਖਾ ਜਿਹਾ ਕੰਮ ਹੈ, ਖੱਡਾਂ ਵਿੱਚ ਪੈਸਾ ਦੱਬਿਆ ਪਿਆ ਹੈ ਅਤੇ ਤੁਸੀਂ ਮਸ਼ੀਨਾਂ ਰਾਹੀਂ ਖੁਦਾਈ ਕਰਕੇ ਇਹ ਕੱਢਣਾ ਹੁੰਦਾ ਹੈ। ਸੱਤਾ ਹੰਢਾਅ ਰਹੇ ਸਿਆਸਤਦਾਨ ਲਈ ਇਹ ਬਹੁਤ ਲੁਭਾਊ ਹੋ ਸਕਦਾ ਹੈ। ਪਰ ਹਰ ਅਤਿ ਦਾ ਆਪਣਾ ਸਿਆਸੀ ਨੁਕਸਾਨ ਹੁੰਦਾ ਹੈ - ਡੇਢ ਸਾਲ ਲੰਘ ਗਿਆ ਹੈ, ਅਕਾਲੀ ਅਜੇ ਤੱਕ ਰੇਤ ਅਤੇ ਨਸ਼ਿਆਂ ਦੇ ਮੁੱਦਿਆਂ 'ਤੇ ਸਰਕਾਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਤੱਕਣ ਦਾ ਹੌਸਲਾ ਨਹੀਂ ਕਰ ਸਕੇ ਹਨ। ਜੇ ਕੈਪਟਨ ਅਮਰਿੰਦਰ ਸਿੰਘ ਆਪਣੀ ਸਰਕਾਰ ਦੇ 'ਲਾਡਲਿਆਂ' ਨਾਲ ਨਜਿੱਠਣ ਦੇ ਸਮਰੱਥ ਨਹੀਂ ਹਨ, ਤਾਂ ਰੇਤਾ ਇਹ ਯਕੀਨੀ ਬਣਾ ਦੇਵੇਗਾ ਕਿ ਜਿਹੜਾ ਲੋਕ ਉਤਸ਼ਾਹ ਉਨ੍ਹਾਂ ਨੂੰ ਸੱਤਾ ਵਿੱਚ ਲਿਆਇਆ ਸੀ, ਉਹ ਰੇਤ ਨਾਲੋਂ ਵੀ ਵੱਧ ਤੇਜ਼ੀ ਨਾਲ ਉਨ੍ਹਾਂ ਦੀ ਮੁੱਠ ਵਿੱਚੋਂ ਕਿਰ ਜਾਵੇਗਾ।

# ਪੰਜਾਬ ਦੀ ਹੋਣੀ ਨੂੰ ਕੌਣ ਬਦਲੂ... ?

ਬੀਤੇ ਦਿਨ ਦੋ ਵੀਡੀਓ ਵਾਇਰਲ ਹੋਈਆਂ, ਜਿੰਨਾਂ ਵਿੱਚ ਮੌਤ ਦਾ ਨੰਗਾ ਚਿੱਟਾ ਨਾਚ, 'ਚਿੱਟੇ' ਰਾਂਹੀ ਹੋਇਆ। ਮਾਂ-ਬਾਪ ਘਰ ਨਹੀਂ, ਘਰ ਦਾ ਇੱਕਲੌਤਾ 'ਚਿਰਾਗ' ਆਪਣੇ ਦੋਸਤ ਨੂੰ ਘਰ ਬੁਲਾਉਂਦਾ ਹੈ। ਦੋਵੇਂ ਹੀ ਨਸ਼ੇ ਦੇ ਟੀਕੇ ਲਾਉਂਦੇ ਹਨ, ਓਵਰਡੋਜ਼ ਕਾਰਨ ਦੋਵਾਂ ਦੀ ਮੌਤ ਹੋ ਜਾਂਦੀ ਹੈ। ਇੱਕ ਹੋਰ ਘਰ ਦਾ ਵੀ ਇੱਕਲੌਤਾ ਬੇਟਾ, ਨਸ਼ੇ ਦੀ ਓਵਰਡੋਜ਼ ਦੀ ਭੇਂਟ ਚੜ੍ਹ ਜਾਂਦਾ ਹੈ। ਕੂੜੇ ਕਰਕਟ ਦੇ ਢੇਰ ਵਿਚ ਪਈ, ਉਸਦੀ ਲਾਸ਼ ਨੂੰ ਗੋਦੀ ਵਿਚ ਲੈ ਕੇ ਉਸਦੀ ਮਾਂ ਜਿਹੜਾ ਵਿਰਲਾਪ ਕਰਦੀ ਹੈ, ਉਸ ਨਾਲ ਧਰਤੀ ਤੇ ਆਸਮਾਨ ਦਾ ਕਲੇਜਾ ਵੀ ਫਟਦਾ ਜਾਪਦਾ ਹੈ, ਪਰੰਤੂ ਜੇ ਕੋਈ ਅਸਰ ਨਹੀਂ ਹੁੰਦਾ ਤਾਂ ਨਸ਼ਾ ਵੇਚਣ ਵਾਲੇ ਮੌਤ ਦੇ ਵਪਾਰੀਆਂ ਤੇ ਜਾਂ ਫਿਰ ਉਨ੍ਹਾਂ ਨੂੰ ਸਰਪ੍ਰਸਤੀ ਦੇਣ ਵਾਲਿਆਂ 'ਤੇ। ਉਹ ਨਸ਼ੇ ਰਾਹੀਂ ਹੁੰਦੀ ਮੋਟੀ ਕਮਾਈ ਵਿਚ ਮਸਤ ਹਨ। ਇਹ ਕਮਾਈ ਕਿੰਨੇ ਹਜ਼ਾਰਾਂ ਨੌਜਵਾਨਾਂ ਦੇ ਖ਼ੂਨ ਨਾਲ ਰੰਗੀ ਹੋਈ ਹੈ, ਇਸ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਅਸੀਂ ਸੈਂਕੜੇ ਵਾਰ ਹੋਕਾ ਦੇ ਚੁੱਕੇ ਹਾਂ, 'ਮਾਫੀਆ ਭਜਾਓ, ਪੰਜਾਬ ਬਚਾਓ' ਮੁਹਿੰਮ ਰਾਹੀਂ ਨਸ਼ਿਆਂ ਦੇ ਸੌਦਾਗਰਾਂ ਨਾਲ ਸਿੱਧੋ-ਸਿੱਧੀ ਲੜਾਈ ਵੀ ਵਿੱਢ ਚੁੱਕੇ ਹਾਂ। ਪੰਜਾਬ ਦੇ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਵਿੱਤਰ ਗੁਟਕਾ ਸਾਹਿਬ ਨੂੰ ਮੱਥੇ ਨਾਲ ਲਾ ਕੇ ਚੁੱਕੀ ਸਹੁੰ ਕਿ ਉਹ 4 ਹਫ਼ਤਿਆਂ ਵਿਚ ਪੰਜਾਬ ਵਿਚੋਂ ਨਸ਼ਾ ਖ਼ਤਮ ਕਰ ਦੇਵੇਗਾ 'ਤੇ ਵੀ ਭਰੋਸਾ ਕਰਕੇ ਵੇਖ ਲਿਆ। ਪੰਰਤੂ ਨਤੀਜਾ ਸਿਰਫ਼ 'ਵਿਰਲਾਪ''ਚ ਹੀ ਨਿੱਕਲ ਰਿਹਾ ਹੈ। ਘਰਾਂ ਦੇ ਘਰ ਬਰਬਾਦ ਹੋ ਰਹੇ ਹਨ, ਬੁੱਢਿਆਂ ਮਾਪਿਆਂ ਦੀਆਂ ਡੰਗੋਰੀਆਂ ਟੁੱਟ ਰਹੀਆਂ ਹਨ, ਬਾਪ ਨੂੰ ਪੁੱਤ ਦੀ ਲਾਸ਼ ਦੇ ਰੂਪ ਵਿਚ ਦੁਨੀਆ ਦਾ ਸਭ ਤੋਂ ਭਾਰਾ ਬੋਝ ਢੋਣਾ ਪੈ ਰਿਹਾ ਹੈ, ਮਾਵਾਂ ਭੈਣਾਂ ਦਾ ਵਿਰਲਾਪ ਧਰਤੀ ਅਸਮਾਨ ਦਾ ਕਲੇਜਾ ਪਾੜ ਰਿਹਾ ਹੈ। ਪਰੰਤੂ ਸੁਣਨ ਵਾਲਾ ਕੋਈ ਨਹੀਂ। 'ਰੋਮ ਸੜ ਰਿਹਾ ਹੈ, ਨੀਰੂ ਬੰਸਰੀ ਵਜਾ ਰਿਹਾ ਹੈ' ਨਾ ਤਾਂ ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿਚੋਂ ਨਸ਼ਿਆਂ ਦੇ ਵਗਦੇ ਛੇਵੇਂ ਦਰਿਆ ਨੂੰ ਠੱਲ੍ਹ ਸਕਿਆ ਹੈ, ਨਾ ਰੇਤ ਬਜਰੀ ਮਾਫ਼ੀਏ ਦੀ ਲੁੱਟ ਖਸੁੱਟ 'ਤੇ ਕੁੱਟ ਰੋਕ ਸਕਿਆ ਹੈ, ਨਾਂ ਹੀ ਟਰਾਂਸਪੋਰਟ, ਕੇਬਲ, ਭੂਮੀ, ਸਿਹਤ ਤੇ ਸਿੱਖਿਆ ਮਾਫ਼ੀਆ ਨੂੰ ਨੱਥ ਪਾਈ ਜਾ ਸਕੀ ਹੈ। ਜਿਵੇਂ ਪਿੱਛਲੇ 10 ਸਾਲ ਇਹ ਮਾਫ਼ੀਆ ਧੜਲੇ ਨਾਲ ਪੰਜਾਬ ਵਿਚ ਦਨਦਨਾਉਂਦੇ ਫਿਰਦੇ ਸਨ ਅੱਜ ਵੀ ਉਸੇ ਤਰ੍ਹਾਂ ਹੀ ਫ਼ਿਰ ਰਹੇ ਹਨ। ਰੋਪੜ ਵਿਚ ਆਮ ਆਦਮੀ ਪਾਰਟੀ ਦੇ ਵਿਧਾਇਕ ਦੀ ਪੱਗ ਤੱਕ ਮਾਫ਼ੀਏ ਦਾ ਹੱਥ ਚਲਾ ਜਾਂਦਾ ਹੈ। ਪਰੰਤੂ ਸਭ ਤੋਂ ਵੱਧ ਦੁੱਖਦਾਈ ਇਹ ਤੱਥ ਅਤੇ ਸੱਚ ਸਾਹਮਣੇ ਆਉਂਦਾ ਹੈ ਕਿ ਇਸ ਹਮਾਮ ਵਿਚ ਸਾਰੇ ਨੰਗੇ ਹਨ। ਠੇਕੇਦਾਰ ਭਾਵ ਮਾਫ਼ੀਆ ਓਹੀ ਰਹਿੰਦਾ ਹੈ, ਪਰੰਤੂ ਉਨ੍ਹਾਂ ਤੋਂ ਹਿੱਸਾ ਪੱਤੀ ਲੈਣ ਵਾਲੇ ਹੱਥ ਅਤੇ ਅਨੁਪਾਤ ਬਦਲ ਜਾਂਦੀ ਹੈ। ਸੱਤਾਧਾਰੀ ਧਿਰ ਨੂੰ 70 ਪੈਸੇ ਅਤੇ ਵਿਰੋਧੀ ਧਿਰ ਨੂੰ 30 ਪੈਸੇ ਦਾ ਹਿੱਸਾ ਮਿਲਦਾ ਹੈ। ਬੱਸ ! ਜੇ ਕਦੇ ਰੌਲਾ ਪੈਂਦਾ ਹੈ ਹਿੱਸਾ ਪੱਤੀ ਦੇ ਘਟਾਉਣ ਵਧਾਉਣ ਨੂੰ ਲੈਕੇ, ਇਸ ਤੋਂ ਬਿਨ੍ਹਾਂ ਸਾਰੀ ਮਿਲੀ ਭੁਗਤ ਹੈ। ਜਿਸ ਮੁੱਖ ਮੰਤਰੀ ਨੇ ਗੁਰੂ ਸਾਹਿਬ ਦੀ ਬੇਅਬਦੀ ਕਾਂਡ ਦੇ ਦੋਸ਼ੀਆਂ ਨੂੰ ਸਵਾ ਸਾਲ ਵਿਚ ਨੰਗਾ ਨਹੀਂ ਕੀਤਾ ਉਲਟਾ ਉਹ ਦੋਸ਼ੀ ਆਪਣੇ ਵਿਰੋਧੀਆਂ ਨੂੰ ਜਾਨੋ ਮਾਰਨ ਦੀਆਂ ਸ਼ਰੇਆਮ ਧਮਕੀਆਂ ਦੇ ਰਹੇ ਹਨ, ਉਸ ਤੋਂ ਹੋਰ ਕੀ ਆਸ ਰੱਖੀ ਜਾ ਸਕਦੀ ਹੈ ? ਇੱਕ ਪਾਸੇ 40-40, 50-50 ਲੱਖ ਰੁੱਪਈਆ ਠੱਗ ਟਰੈਵਲ ਏਜੰਟਾਂ ਨੂੰ ਦੇ ਕੇ ਸਾਡੇ ਪੰਜਾਬੀ ਮੁੰਡੇ ਅਮਰੀਕਾ ਪੁੱਜਦੇ ਪੁੱਜਦੇ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਆਪਣੀ ਮਾੜੀ ਕਿਸਮਤ ਨੂੰ ਰੋ ਰਹੇ ਹਨ। ਵਿਦੇਸ਼ਾਂ ਦੀ ਚਾਹਤ ਦੀ ਦੌੜ ਵਿਚ ਪੰਜਾਬ ਖ਼ਾਲੀ ਹੋ ਰਿਹਾ ਹੈ ਅਤੇ ਦੂਜੇ ਪਾਸੇ ਜਿਹੜੇ ਨੌਜਵਾਨ ਇਥੇ ਰਹਿ ਗਏ ਹਨ ਉਨ੍ਹਾਂ ਨੂੰ ਨਸ਼ਿਆਂ ਦਾ, ਬੇਰੁਜ਼ਗਾਰੀ ਦਾ, ਕਰਜ਼ੇ ਦਾ, ਮਹਿੰਗਾਈ ਦਾ ਦੈਂਤ ਚੱਬ ਰਿਹਾ ਹੈ। ਆਖ਼ਰ ਪੰਜਾਬੀ ਕਿੱਥੇ ਜਾਂਣ ? ਆਪਣੀ ਜਾਨ ਕਿਵੇਂ ਬਚਾਓਣ ? ਆਪਣੀ ਨਵੀਂ ਪੀੜ੍ਹੀ ਦੀ ਰਾਖ਼ੀ ਕਿਵੇਂ ਕਰਨ ? ਪੰਜਾਬ ਦੀ ਸਿਆਸਤ ਵਿਚ ਇਮਾਨਦਾਰ ਧਿਰ ਦਾ ਭੋਗ ਪੈ ਚੁੱਕਾ ਹੈ। ਚਾਰੇ ਪਾਸੇ ਭ੍ਰਿਸ਼ਟ ਤੇ ਬੇਈਮਾਨਾਂ ਦੇ ਟੋਲੇ ਆਦਮ ਬੋ ਆਦਮ ਬੋ ਕਰਦੇ ਫਿਰ ਰਹੇ ਹਨ। ਫਿਰ ਮਾਪੇ ਆਪਣੇ ਜਵਾਨ ਬੱਚਿਆਂ ਨੂੰ ਕਿਹੜੇ ਭੋਰੇ ਵਿਚ ਲੁਕਾ ਲੈਣ ? ਅਸੀਂ ਜਾਣਦੇ ਹਾਂ ਕਿ ਸਾਡੇ ਇਸ ਹੋਕੇ ਦੀ 'ਨਗਾਰਖ਼ਾਨੇ ਵਿਚ ਤੂਤੀ ਵਰਗੀ ਆਵਾਜ਼ ਵਾਲਾ ਪ੍ਰਭਾਵ ਹੀ ਪੈਣਾ ਹੈ' ਫਿਰ ਵੀ ਸਾਡੀ ਕਲਮ ਪੱਥਰ ਨਹੀਂ। ਉਹ ਕਿਸੇ ਬਾਪ ਦੇ ਹੌਂਕੇ ਜਿਹੜੇ ਉਹ ਆਪਣੇ ਜਵਾਨ ਪੁੱਤ ਦੀ ਲਾਸ਼ ਨੂੰ ਧੱਫ਼ੇ ਮਾਰਕੇ ਪ੍ਰਗਟਾਉਂਦਾ ਹੈ ਅਤੇ ਮਾਂ ਦੇ ਕੀਰਨਿਆਂ ਨੂੰ ਕਿਵੇਂ ਅਣਗੌਲਿਆਂ ਕਰ ਦੇਵੇ ? ਪਹਿਰੇਦਾਰ ਨੇ ਹਮੇਸ਼ਾ ਜਾਗਰੂਕ ਪੰਜਾਬੀਆਂ ਨੂੰ ਹੋਕਾ ਦਿੱਤਾ ਹੈ ਕਿ ਸਰਕਾਰ ਤੋਂ ਉਮੀਦ ਕਰਨੀ ਛੱਡ ਦਿਓ। ਇਨ੍ਹਾਂ ਲੋਟੂ ਟੋਲਿਆਂ ਵਿਚ 19-21 ਦਾ ਫ਼ਰਕ ਹੋ ਸਕਦਾ ਹੈ, ਅੰਦਰੋਂ ਸਾਰੇ ਇਕੋ ਜਿਹੇ ਹਨ। ਲੁੱਟ ਇਨ੍ਹਾਂ ਦਾ ਦੀਨ ਹੈ, ਕੁੱਟ ਇਨ੍ਹਾਂ ਦਾ ਇਮਾਨ ਹੈ, ਜੇ ਤੁਸੀਂ ਗੁਰੂ ਦੇ ਨਾਮ ਵੱਸਦੇ ਰਹੇ ਸੋਹਣੇ ਪੰਜਾਬ ਨੂੰ ਪਹਿਲਾਂ ਵਾਲਾ ਰੰਗਲਾ ਪੰਜਾਬ ਵੇਖਣਾ ਚਾਹੁੰਦੇ ਹੋ ਤਾਂ ਭ੍ਰਿਸ਼ਟ ਸਿਆਸੀ ਧਿਰਾਂ, ਭ੍ਰਿਸ਼ਟ ਅਫ਼ਸਸ਼ਾਹੀ ਤੇ ਮਾਫ਼ੀਏ ਦੇ ਤਿੱਕੜੀ ਦੇ ਭੋਗ ਲਈ ਇੱਕਜੁਟ ਹੋ ਕੇ ਹੰਭਲਾ ਮਾਰੋ। ਲੋਕ ਏਕੇ ਤੇ ਲੋਕ ਸ਼ਕਤੀ ਤੋਂ ਬਿਨ੍ਹਾਂ ਇਹ ਡਾਇਣ ਰੂਪੀ ਤਿੱਕੜੀ ਨੂੰ ਜਵਾਨੀ ਦਾ ਅਤੇ ਪੰਜਾਬ ਦਾ ਖ਼ੂਨ ਪੀਣੋਂ ਰੋਕਿਆ ਨਹੀਂ ਜਾ ਸਕਦਾ। ਅੱਗੇ ਤੁਹਾਡੀ ਮਰਜ਼ੀ।

ਪੰਜਾਬੀ ਦੁਨੀਆ

ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ

ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਪੰਜਾਬੀ ਦੁਨੀਆ ਟੀਵੀ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ

ਸ਼ਪੈਸ਼ਲ ਕੋਰੇਸਪੌਂਡੈਂਸ :
ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਜਤਿੰਦਰ ਕੁਮਾਰ

ਮੀਡੀਆ ਪਾਰਟਨਰਜ਼ ਕੈਪੀਟਲ, ਇਨਕੌਰਪੋਰੇਸ਼ਨ ਦਾ ਪ੍ਰਕਾਸ਼ਨ

ਪਤਾ :

P.O Box 7005 Hicksville New York 11801

Phone: 917 612 3158 TelFax : 516 342 1076
editor@thesouthasianinsider.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

## ਵਿਚਾਰਕ ਵਖਰੇਵੇਂ ਤੇ ਉਸ ਦੇ ਮਾਰੂ ਪ੍ਰਭਾਵ

# ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਗਰਮ ਤੇ ਨਰਮ ਧਿਰਾਂ ਇੱਕ, ਪਰ ਪੈਂਤੜੇ ਅਲੱਗ !








**ਸਤਨਾਮ ਸਿੰਘ ਜੋਧਾ**

===============

ਬੁਰਜ ਜਵਾਹਰ ਸਿੰਘ ਵਾਲਾ ਗੁਰਦੁਆਰਾ ਸਾਹਿਬ 'ਚੋਂ ਚੋਰੀ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ 'ਸਰੂਪ' ਦੀ ਬਰਾਮਦਗੀ ਸਮੇਤ ਹੋਰਨਾਂ ਸਿੱਖ ਹਿਤੈਸ਼ੀ ਮੰਗਾਂ ਦੀ ਪੂਰਤੀ ਨੂੰ ਲੈ ਕੇ ਬਰਗਾੜੀ ਵਿਖੇ ਲਗਾਏ ਗਏ ਮੋਰਚੇ ਨੂੰ ਸਿੱਖ ਹਿਤੈਸ਼ੀ ਮੋਰਚਾ ਮੰਨਣ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨਕਾਰੀ ਕਰੀ ਬੈਠੀ ਹੈ। ਜੇਕਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਉਪਰੋਕਤ ਮੰਗਾਂ ਨਾਲ ਇਤਫਾਕ ਰੱਖਦੇ ਹਨ, ਫਿਰ ਬਰਗਾੜੀ ਵਿਖੇ ਪਿਛਲੇ 21 ਦਿਨਾਂ ਤੋਂ ਲੱਗੇ ਮੋਰਚੇ ਨੂੰ ਸਿੱਖਾਂ ਦਾ ਸੰਘਰਸ਼ ਐਲਾਨਣ ਤੋਂ ਕਿਉਂ ਕੰਨੀ ਕਤਰਾ ਰਹੇ ਹਨ। ਇਨ੍ਹਾਂ ਸਵਾਲਾਂ 'ਚ ਘਿਰਦੇ ਨਜ਼ਰ ਆ ਰਹੇ ਹਨ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦੇ ਸਪੀਕਰ ?

ਦੇਖਿਆ ਜਾ ਰਿਹਾ ਹੈ ਕਿ ਮੁਤਵਾਜ਼ੀ ਪੰਜ ਜਥੇਦਾਰਾਂ ਸਾਹਿਬਾਨ ਵੱਲੋਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਹੋਰਨਾਂ ਸੂਬਿਆਂ ਦੀਆਂ ਜੇਲ੍ਹਾਂ 'ਚ ਨਜ਼ਰਬੰਦ ਸਿੱਖ ਕੈਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ 'ਚ ਤਬਦੀਲ ਕਰਨ ਤੋਂ ਇਲਾਵਾ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨੂੰ ਜੇਲ੍ਹਾਂ ਵਿੱਚ ਡੱਕਣ ਦੀ ਮੰਗ ਦੇ ਹੱਕ 'ਚ ਇੱਕ ਪਾਸੇ ਗਰਮ ਖਿਆਲੀ ਧਿਰਾਂ ਬਰਗਾੜੀ ਵਿਖੇ ਡੱਟੀਆਂ ਹੋਈਆਂ ਹਨ, ਦੂਸਰੇ ਪਾਸੇ ਰਵਾਇਤੀ ਅਕਾਲੀ ਦਲ ਦੇ ਲੀਡਰ ਵੱਖਰੇ ਤੌਰ 'ਤੇ ਉਕਤ ਮੰਗਾਂ ਦਾ ਸਮਰਥਨ ਕਰਦਿਆਂ ਬੀਤੇ ਦਿਨੀਂ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਦੀ ਅਗਵਾਈ 'ਚ ਸਿੱਖ ਸੰਸਦਾਂ ਦਾ ਵਫਦ ਕੇਂਦਰ ਨਾਲ ਦੂਸਰੇ ਪੜਾਅ ਦੀ ਮੀਟਿੰਗ ਲੈ ਚੁੱਕਾ ਹੈ।

ਦੇਖਿਆ ਜਾ ਰਿਹਾ ਹੈ ਕਿ ਜਿਨ੍ਹਾਂ ਮੰਗਾਂ ਨੂੰ ਲੈ ਕੇ ਬਰਗਾੜੀ ਵਿਖੇ ਮੋਰਚਾ ਖੋਲ੍ਹ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਪੰਥ ਦੀ ਆਵਾਜ਼ ਨੂੰ ਵਿਆਪਕ ਤੌਰ 'ਤੇ ਪ੍ਰਚਾਰਨ ਲਈ ਬਰਗਾੜੀ ਵਿਖੇ ਕਮਾਂਡ ਸੰਭਾਲੀ ਬੈਠੇ ਹਨ। ਬਰਗਾੜੀ ਵਿਖੇ ਚੱਲ ਰਹੇ ਮੋਰਚੇ ਦੀ ਸਿੱਖ ਸੰਸਥਾਵਾਂ ਵੱਲੋਂ ਕੇਂਦਰ 'ਤੇ ਬਦਲਾਅ ਬਣਾਉਣ ਲਈ ਵਹੀਰਾ ਘੱਤ ਬਰਗਾੜੀ ਵੱਲ ਕੇਂਦਰਿਤ ਹੋ ਰਹੇ ਹਨ। ਚਰਚਿਤ ਮਾਮਲਿਆਂ 'ਤੇ ਸਿੱਖਾਂ ਦੀਆਂ ਮੰਗਾਂ ਦੀ ਆਵਾਜ਼ ਦੀ ਤਰਜਮਾਨੀ ਕਰਦੇ ਬਰਗਾੜੀ ਦੇ ਸੰਘਰਸ਼ ਨੂੰ ਸਫਲ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਇਸ ਅੰਦੋਲਨ ਨੂੰ ਸਿੱਖਾਂ ਦਾ ਸੰਘਰਸ਼ ਐਲਾਨਣ ਨੂੰ ਲੈ ਕੇ ਸਾਧੀ ਚੁੱਪ ਨੂੰ ਸਿੱਖ ਭਾਈਚਾਰਾ ਗੰਭੀਰਤਾ ਨਾਲ ਨੋਟਿਸ ਕਰ ਰਿਹਾ ਹੈ।

ਚੇਤੇ ਰਹੇ ਕਿ ਦਿੱਲੀ ਵਿਖੇ ਕੇਂਦਰ ਨਾਲ ਗੱਲਬਾਤ ਕਰਨ ਵਾਲੇ ਸੀਨੀਅਰ ਅਕਾਲੀ ਲੀਡਰ ਤੇ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਅਤੇ ਪਾਰਲੀਮੈਂਟ ਦੇ ਸਿੱਖ ਮੈਂਬਰ ਸਤਾਧਾਰੀ ਹੋਣ ਕਰਕੇ ਆਪਣਾ ਅਸਰ ਰਸੂਖ ਵਰਤ ਕੇ ਬੰਦੀ ਸਿੰਘਾਂ ਦੀ ਵਕਾਲਤ ਕਰਕੇ ਗੇਂਦ ਕੇਂਦਰ ਦੇ ਪਾਲੇ 'ਚ ਤਾਂ ਸੁੱਟ ਚੁੱਕੇ ਹਨ, ਪਰ ਸੂਬੇ ਦੇ ਬਹੁ ਗਿਣਤੀ ਸਿੱਖ ਭਾਈਚਾਰੇ 'ਚ ਇਸ ਗੱਲ ਵਿਆਪਕ ਪੱਧਰ ਤੇ ਪ੍ਰਚਾਰਨ 'ਚ ਸਫਲ ਨਹੀਂ ਹੋਏ ਹਨ, ਜਦੋਂ ਕਿ ਪੰਜਾਬ ਦੇ ਬਰਗਾੜੀ ਕਸਬੇ ਵਿੱਚ ਧਰਨੇ 'ਤੇ ਬੈਠੇ ਸਿੱਖ ਆਗੂ ਆਪਣੇ ਸੰਘਰਸ਼ ਦਾ ਪ੍ਰਚਾਰ ਬਾਹਰਲੇ ਮੁਲਕਾਂ ਤੱਕ ਕਰਨ ਵਿੱਚ ਕਾਮਯਾਬ ਹੋ ਚੁੱਕੇ ਹਨ। ਦੇਖਣ ਵਾਲੀ ਗੱਲ ਇਹ ਹੈ ਕਿ ਬੇਅਦਬੀ ਕੇਸਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਪੰਥਕ ਧਿਰਾਂ ਵਿੱਚ ਵਿਚਾਰਕ ਵਖਰੇਵਾਂ ਹੈ, ਪਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਦੋਵਾਂ ਵਿਚਕਾਰ ਇਕਸੁਰਤਾ ਦੇਖਣ ਨੂੰ ਮਿਲ ਰਹੀ ਹੈ।

ਦੇਖਣ 'ਚ ਆਇਆ ਹੈ ਕਿ ਵੱਖਰੇ ਤੌਰ 'ਤੇ ਸ੍ਰ ਪ੍ਰਕਾਸ਼ ਸਿੰਘ ਬਾਦਲ ਬੰਦੀ ਸਿੰਘਾਂ ਦੀ ਰਿਹਾਈ ਤੇ ਹੋਰਨਾਂ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਨਜ਼ਰਬੰਦ ਸਿੱਖ ਕੈਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰਨ ਦੀ ਮੰਗ ਬਾਰੇ ਬਿਆਨ ਵੀ ਦੇ ਚੁੱਕੇ ਹਨ ਤੇ ਕੇਂਦਰ ਦਾ ਧਿਆਨ ਵੀ ਇਸ ਪਾਸੇ ਖਿਚਣ ਵਿੱਚ ਸਫਲ ਰਹੇ ਹਨ। ਇਸ ਸੰਗੀਨ ਮਾਮਲੇ 'ਤੇ ਗਰਮ ਖਿਆਲੀ ਧਿਰਾਂ ਨਾਲੋਂ ਦੂਰੀ ਬਣਾਈ ਬੈਠੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਬੰਦੀ ਸਿੰਘ ਦੀ ਗੱਲ ਕਰਦੇ ਰਹਿੰਦੇ ਹਨ, ਪਰ ਇਸ ਸਭ ਕੁਝ ਦੇ ਬਾਵਜੂਦ ਵੀ 21 ਦਿਨ ਲੰਘ ਚੱਲੇ ਹਨ, ਬਰਗਾੜੀ ਵਿਖੇ ਮੋਰਚਾ ਸ਼ੁਰੂ ਹੋਏ ਨੂੰ, ਪਰ ਇੱਕ ਵੀ ਦਿਨ ਸੰਘਰਸ਼ੀ ਯੋਧਿਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਬਰਗਾੜੀ ਨਹੀਂ ਪਹੁੰਚ ਸਕੇ ਹਨ ? ਸਾਰਿਆਂ ਪੰਥਕ ਲੋਕਾਂ ਦੇ ਜ਼ਿਹਨ 'ਚ ਇਹ ਸਵਾਲ ਸੁਲਗ ਰਿਹਾ ਹੈ ਕਿ ਇਤਿਹਾਸਕ ਗੁਰਧਾਮ ਦੀ ਸਾਂਭ ਸੰਭਾਲ ਕਰਦੀ ਆ ਰਹੀ ਸ਼੍ਰੋਮਣੀ ਕਮੇਟੀ ਜਿਸ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣਿਆਂ ਜਾਂਦਾ ਹੈ ਉਸ ਦੇ ਸਪੀਕਰ ਆਹੁਦੇ ਦੇ ਬਰਾਬਰ ਦੇ ਪ੍ਰਧਾਨ ਭਾਈ ਲੌਂਗੋਵਾਲ ਵੱਖਰੇ ਸੋਚ ਰੱਖਣ ਵਾਲਿਆਂ ਸਿੱਖਾਂ ਤੇ ਸਿੱਖ ਸੰਗਤ ਨੂੰ ਤਿੱਰਛੀ ਨਜ਼ਰ ਨਾਲ ਕਿਉਂ ਦੇਖ ਰਹੇ ਹਨ। ਜੇਕਰ ਗੱਲ ਕਰੀਏ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮੁਖੀ ਪ੍ਰਕਾਸ ਸਿੰਘ ਬਾਦਲ ਦੀ ਤਾਂ ਉਨ੍ਹਾਂ ਦੀ ਗਰਮ ਖਿਆਲੀ ਲੀਡਰਸ਼ਿਪ ਦੇ ਨਾਲ ਸਿਧਾਂਤਕ ਮਤਭੇਦ ਤਾਂ ਹੋ ਸਕਦੇ ਹਨ, ਪਰ ਬੇਅਦਬੀ ਮਾਮਲੇ ਅਤੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਛਿੜੇ ਸੰਘਰਸ਼ ਦੇ ਸਮਰਥਨ ਵਿੱਚ ਉਤਰੀ ਸਿੱਖ ਸੰਗਤ ਨੂੰ ਵਿਚਾਰਕ ਵਖਰੇਵੇਂ ਦੀ ਨਿਗ੍ਹਾ ਨਾਲ ਦੇਖਣਾ ਸਿੱਖ ਸਮਾਜ ਨੂੰ ਹਜ਼ਮ ਨਹੀਂ ਹੋ ਰਿਹਾ ਹੈ। ਬੰਦੀ ਸਿੰਘ ਅਤੇ ਬੇਅਦਬੀ ਮਾਮਲਿਆਂ ਦੇ ਮੁੱਦੇ ਤੇ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਮੁਤਵਾਜ਼ੀ ਜਥੇਦਾਰਾਂ ਨੂੰ ਨਿਰਸੁਆਰਥ ਦੁਨੀਆਂ ਭਰ ਦੇ ਸਿੱਖਾਂ ਦੀ ਹਮਦਰਦੀ ਤੇ ਸਮਰਥਨ ਮਿਲਣ ਦੀ ਚੱਲੀ ਲਹਿਰ ਨੂੰ ਖੁਫੀਆਂ ਏਜੰਸੀਆਂ ਤੇ ਦੂਰ ਅੰਦੇਸ਼ੀ ਸੋਚ ਦੇ ਮਾਲਕ ਸਿੱਖ ਸਿਆਸਤ ਦੇ ਬਦਲਦੇ ਸਰੂਪ ਵਜੋਂ ਦੇਖ ਰਹੇ ਹਨ। ਭਾਵੇਂ ਕਿ ਇਸ ਵੇਲੇ ਮੁੱਦਾ ਸਿਆਸੀ ਉਥਾਨ ਪਤਨ ਦੇ ਪਰ੍ਹ ਤੋਲ੍ਹਣ ਦਾ ਨਹੀਂ ਹੈ ਫਿਰ ਵੀ 21ਵੀਂ ਸਦੀ ਦੇ ਦੌਰ 'ਚ ਪ੍ਰਵੇਸ਼ ਕਰ ਚੁੱਕੀ ਸਾਡੀ ਨੌਜਵਾਨ ਪੀੜ੍ਹੀ ਆਪਣੇ ਵੱਡ ਵਡੇਰਿਆਂ ਦੀ ਖੜ੍ਹ ਚੁੱਕੀ ਸੋਚ ਨਾਲੋਂ ਦੂਰੀ ਬਣਾ ਸਮੇਂ ਦੇ ਹਾਣੀ ਬਣਨ ਸਿਆਸੀ ਵੰਡ-ਵੰਡਈਏ ਨੂੰ ਨਜ਼ਰ ਅੰਦਾਜ਼ ਕਰ ਹੱਕ ਸੱਚ ਤੇ ਜ਼ਜਬਾਤੀ ਵਹਾਅ ਦੇ ਵਹਿਣ 'ਚ ਰੁੜ੍ਹਨ 'ਚ ਸਮਾਂ ਨਹੀਂ ਗੁਆਉਂਦੇ। ਅਜੇ ਵੀ ਸਮਾਂ ਹੈ ਸਿੱਖਾਂ ਦੇ ਇਸ ਗੰਭੀਰ ਮਾਮਲੇ ਨੂੰ ਸੰਜ਼ੀਦਗੀ ਨਾਲ ਲੈਂਦਿਆਂ ਸ਼੍ਰੋਮਣੀ ਕਮੇਟੀ ਚੋਰੀ ਕੀਤੇ ਗਏ ਪਵਿੱਤਰ ਸਰੂਪ ਨੂੰ ਬਰਾਮਦ ਕਰਵਾਉਣ ਲਈ ਸਿੱਖ ਹਲਕਿਆਂ 'ਚ ਸ਼ੁਰੂ ਹੋਏ ਅੰਦੋਲਨ ਦਾ ਸਮਰਥਨ ਕਰਕੇ ਸਿੱਖਾਂ ਦੀ ਨੁਮਾਇੰਦਗੀ ਕਰਨ ਦਾ ਸੁਨੇਹਾ ਲੋਕਾਈ ਤੱਕ ਪੁੱਜਦਾ ਕਰਨ 'ਚ ਸਮਾਂ ਨਹੀਂ ਗੁਆਉਣਾ ਚਾਹੀਦਾ ਹੈ।

### ਭਾਈ ਲੌਂਗੋਵਾਲ ਦਾ ਕੀ ਕਹਿਣਾ ਹੈ ?



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਮਾਮਲੇ 'ਚ ਕਿਹਾ ਕਿ ਅਸੀਂ ਸਿੱਖਾਂ ਦੇ ਮਾਮਲਿਆਂ ਦੇ ਹਮਾਇਤੀ ਹਾਂ, ਪਰ ਵੱਖਰੀ ਸੋਚ ਦੇ ਧਾਰਨੀਆਂ ਦਾ ਸਮਰਥਨ ਕਰਨ ਲਈ ਸਾਨੂੰ ਸਭ ਤੋਂ ਪਹਿਲਾਂ ਸਰਵ ਉੱਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਦਿਸ਼ਾ ਨਿਰਦੇਸ਼ ਲੈਣੇ ਪੈਣਗੇ।

### ਭਾਈ ਧਿਆਨ ਸਿੰਘ ਮੰਡ



ਸ੍ਰੀ ਅਕਾਲ ਤਖਤ ਸਾਹਿਬ ਦੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਸਿੱਖ ਸੰਗਤ ਦੀ ਅਗਵਾਈ ਵਾਲਾ ਪੱਕਾ ਮੋਰਚਾ ਹੈ। ਇਸ ਨੂੰ ਕੇਵਲ ਗੁਰੂ ਪੰਥ ਤੇ ਸੰਗਤ ਦੇ ਆਸਰੇ ਦੀ ਜ਼ਰੂਰਤ ਹੈ। ਇਹ ਮੋਰਚਾ ਸਿੱਖਾਂ ਦੀ ਹੋਂਦ ਨੂੰ ਵਿਆਪਕ ਦਿੱਖ ਦੇਵੇਗਾ। ਉਨ੍ਹਾਂ ਨੇ ਕਿਹਾ ਕਿ ਸਿੱਖ ਪਾਰਲੀਮੈਂਟ ਜਾਂ ਕੈਪਟਨ ਸਰਕਾਰ ਸਹੀ ਪਹੁੰਚ ਅਪਨਾਉਂਦਿਆਂ ਬਰਗਾੜੀ ਵਿਖੇ ਨਿਜੀ ਤੌਰ 'ਤੇ ਆ ਕੇ ਹੱਕ ਦੇਣ ਬਾਰੇ ਸਥਿਤੀ ਸਪੱਸ਼ਟ ਕਰਨ ਅਤੇ ਬੰਦੀ ਸਿੰਘਾਂ ਨੂੰ ਰਿਹਾਅ ਕਰਦਿਆਂ ਬੇਅਦਬੀ ਮਾਮਲਿਆਂ ਨੂੰ ਨਜਿੱਠਣ ਫਿਰ ਮੋਰਚੇ ਦੇ ਭਵਿੱਖ ਬਾਰੇ ਕੋਈ ਨਿਰਣਾ ਲਿਆ ਜਾ ਸਕਦਾ ਹੈ।



# ਅਮਰੀਕਾ ਦੀ ਜ਼ੇਲ੍ਹ 'ਚ ਨਜ਼ਰਬੰਦ ਸਿੱਖਾਂ 'ਤੇ ਅਣਮਨੁੱਖੀ ਤਸ਼ੱਦਦ ਦਾ ਸ਼੍ਰੋਮਣੀ ਕਮੇਟੀ ਵੱਲੋਂ ਨੋਟਿਸ

ਅੰਮ੍ਰਿਤਸਰ : ਅਮਰੀਕਾ 'ਚ ਗੈਰ-ਕਾਨੂੰਨੀ ਅਵਾਸ ਨੂੰ ਲੈ ਕੇ ਓਰੇਗੋਨ ਦੀ ਜ਼ੇਲ੍ਹ 'ਚ ਨਜ਼ਰਬੰਦ ਕੀਤੇ 52 ਭਾਰਤੀਆਂ ਜਿਨ੍ਹਾਂ ਵਿੱਚੋਂ ਬਹੁਤੇ ਸਿੱਖ ਹਨ,ਉੱਤੇ ਅਣ-ਮਨੁੱਖੀ ਤਸ਼ੱਦਦ ਦੇ ਮਾਮਲੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਭਾਰਤ ਸਰਕਾਰ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਦਫ਼ਤਰ ਤੋਂ ਜਾਰੀ ਇਕ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਮੀਡੀਆ ਰਾਹੀਂ ਮਾਮਲਾ ਸਾਹਮਣੇ ਆਉਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਇਸ ਨੂੰ ਸੰਜੀਦਗੀ ਨਾਲ ਲੈਂਦਿਆਂ ਭਾਰਤ ਸਰਕਾਰ ਤੋਂ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਬੰਦੀ 'ਤੇ ਜ਼ੇਲ੍ਹ ਅੰਦਰ ਅਣ-ਮਨੁੱਖੀ ਤਸ਼ੱਦਦ ਦੀ ਕਿਸੇ ਵੀ ਦੇਸ਼ ਦਾ ਕਾਨੂੰਨ ਇਜਾਜ਼ਤ ਨਹੀਂ ਦਿੰਦਾ,ਪਰ ਦੁੱਖ ਦੀ ਗੱਲ ਹੈ ਕਿ ਅਮਰੀਕਾ ਅੰਦਰ ਗੈਰ-ਕਾਨੂੰਨੀ ਅਵਾਸ ਦੇ ਦੋਸ਼ ਹੇਠ ਨਜ਼ਰਬੰਦ ਕੀਤੇ ਗਏ ਇਨ੍ਹਾਂ ਵਿਅਕਤੀਆਂ ਨੂੰ ਬਾਈ-ਬਾਈ ਘੰਟੇ ਜ਼ੇਲ੍ਹ ਦੇ ਸੈੱਲਾਂ ਵਿਚ ਹੀ ਬੰਦ ਰੱਖਿਆ ਜਾ



ਰਿਹਾ ਹੈ।ਇਸ ਗੱਲ ਦੀ ਤਸਦੀਕ ਓਰੇਗੋਨ ਦੇ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਵੱਲੋਂ ਜ਼ੇਲ੍ਹ ਦੇ ਦੌਰੇ ਤੋਂ ਬਾਅਦ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਜਲਦੀ ਹੀ ਇਸ ਬਾਰੇ ਭਾਰਤ ਸਰਕਾਰ ਦੀ ਵਿਦੇਸ਼ ਮੰਤਰੀ ਸ੍ਰੀ ਮਤੀ ਸੁਸ਼ਮਾ ਸਵਰਾਜ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਰਾਬਤਾ ਕੀਤਾ ਜਾਵੇਗਾ।ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਨੂੰ ਵੀ ਜ਼ੇਲ੍ਹ 'ਚ ਬੰਦ ਇਨ੍ਹਾਂ ਸਿੱਖਾਂ ਦੀ ਮੱਦਦ ਕਰਨ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਬੁਲਾਰੇ ਨੇ ਇਹ ਵੀ ਕਿਹਾ ਕਿ ਬਿਨਾ ਸ਼ੱਕ ਪ੍ਰਵਾਸ ਕਰਨ ਵਾਲੇ ਲੋਕ ਮਜ਼ਬੂਰੀ ਵੱਸ ਵੱਖ-ਵੱਖ ਦੇਸ਼ਾਂ ਵਿਚ ਪਹੁੰਚਦੇ ਹਨ ਅਤੇ ਉਥੇ ਜਾ ਕੇ ਪੱਕਾ ਨਿਵਾਸ ਕਰਨ ਦਾ ਯਤਨ ਵੀ ਕਰਦੇ ਹਨ ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਅਜਿਹੇ ਲੋਕਾਂ 'ਤੇ ਜ਼ੇਲ੍ਹਾਂ ਅੰਦਰ ਡੱਕ ਕੇ ਹੇਠਲੇ ਦਰਜ਼ੇ ਦਾ ਸਲੂਕ ਕੀਤਾ ਜਾਵੇ।ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਨੇ ਸਿੱਖ ਜਗਤ ਨੂੰ ਇਹ ਅਪੀਲ ਵੀ ਕੀਤੀ ਕਿ ਵਿਦੇਸ਼ ਜਾਣ ਲਈ ਗੈਰ-ਕਾਨੂੰਨੀ ਢੰਗ ਤਰੀਕਿਆਂ ਦਾ ਸਹਾਰਾ ਨਾ ਲਿਆ ਜਾਵੇ, ਤਾਂ ਜੋ ਅਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।

## ਪੰਜਾਬੀ ਵਿਦਿਆਰਥੀਆਂ ਵੱਲੋਂ ਕੈਨੇਡਾ 'ਚ ਕੁੱਟਮਾਰ ਦਾ ਮਾਮਲਾ

# ਨੌਜਵਾਨ ਪੜ੍ਹਾਈ ਕਰਨ ਆਉਂਦੇ ਨੇ, ਜਾਂ ਲੜਾਈ

## ਪੰਜਾਬੀ ਭਾਈਚਾਰਾ ਚਿੰਤਾ 'ਚ, ਮੁੱਖ ਮੁਲਜ਼ਮ ਰਣਕੀਰਤ ਦੇ ਵਾਰੰਟ ਜਾਰੀ



ਟੋਰੰਟੋ, - ਬਰੈਂਪਟਨ ਅਤੇ ਹਾਲਟਨ ਦੇ ਬਾਰਡਰ ਉੱਤੇ ਪੈਂਦੇ ਵਿਨਸਟਨ ਚਰਚਿਲ ਅਤੇ ਸਟੀਲਜ਼ ਦੇ ਇੰਟਰਸੈਕਸ਼ਨ ਉੱਤੇ ਮੰਗਲਵਾਰ ਦੇਰ ਰਾਤ ਨੂੰ ਇੱਕ ਲੜਾਈ ਵਿੱਚ ਤਿੰਨ ਵਿਅਕਤੀ ਜਖ਼ਮੀ ਹੋਏ। ਇਸ ਲੜਾਈ ਵਿੱਚ ਪੰਜਾਬੀਆਂ ਦੀ ਸ਼ਮੂਲੀਅਤ ਹੋਣ ਕਰਕੇ ਜਿਥੇ ਉਥੇ ਵਸਦੇ ਪੰਜਾਬੀਆਂ ਦਾ ਅਕਸ ਖਰਾਬ ਕਰਦੀ ਹੈ ਉਥੇ ਹੀ ਭਾਰਤ ਵਿੱਚ ਵੱਸਦੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਚਿੰਤਾ ਵਿੱਚ ਪਾ ਰਹੀ ਹੈ ਜਿਨ੍ਹਾਂ ਨੇ ਲੱਖਾਂ ਰੁਪਏ ਖਰਚ ਕੇ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਿਆ ਹੈ ਪਰ ਉਥੇ ਬੱਚੇ ਪੜ੍ਹਾਈ ਦੀ ਥਾਂ 'ਤੇ ਲੜਾਈ ਕਰ ਰਹੇ ਹਨ। ਇਹ ਲੜਾਈ ਮੁੱਖ ਧਾਰਾ ਦੇ ਤਕਰੀਬਨ ਸਾਰੇ ਮੀਡੀਆ ਆਊਟਲੈੱਟਾਂ ਵਿੱਚ ਛਾਪੀ ਗਈ ਹੈ। ਸੂਤਰਾਂ ਮੁਤਾਬਕ ਦੋ ਅੰਤਰਰਾਸ਼ਟਰੀ ਵਿੱਦਿਆਰਥੀ (ਲੜਕਾ ਅਤੇ ਲੜਕੀ) ਖ਼ੁਦ ਨੂੰ ਪਾਰਟਨਰ ਦੱਸ ਕੇ ਮਕਾਨ ਕਿਰਾਏ ਉੱਤੇ ਲੈਣਾ ਚਾਹੁੰਦੇ ਸੀ। ਮਕਾਨ ਮਾਲਕ ਅਤੇ ਉਸਦੇ ਰੀਅਲਟਰ ਦੋਸਤ ਵੱਲੋਂ ਪੁੱਛਗਿੱਛ ਦੌਰਾਨ ਤੱਥ ਸਹੀ ਨਹੀਂ ਨਿਕਲੇ ਜਿਸ ਕਾਰਨ ਵਿੱਦਿਆਰਥੀਆਂ ਨੂੰ ਮਕਾਨ ਕਿਰਾਏ ਉੱਤੇ ਦੇਣ ਤੋਂ ਨਾਂਹ ਕਰ ਦਿੱਤੀ ਗਈ। ਐਡਵਾਂਸ ਫੜੇ ਗਏ ਪੈਸੇ ਵਾਪਸ ਜਾ ਰਹੇ ਮਕਾਨ ਮਾਲਕ ਅਤੇ ਉਸਦੇ ਦੋ ਸਾਥੀਆਂ ਨੂੰ ਵਿਦਿਆਰਥੀਆਂ ਦੇ ਇੱਕ ਵੱਡੇ ਗੁੱਟ ਨੇ ਕਈ ਕਾਰਾਂ ਦਾ ਘੇਰਾ ਪਾ ਕੇ ਬੇਸਬਾਲ ਬੈਟਾਂ ਨਾਲ ਕੁੱਟਿਆ ਗਿਆ। ਸਿੱਟੇ ਵਜੋਂ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਟੋਰਾਂਟੋ ਹਸਪਤਾਲ ਵਿੱਚ ਤਬਦੀਲ ਕੀਤਾ ਗਿਆ ਹੈ ਜਦੋਂ ਕਿ ਦੂਜੇ ਦੋ ਲੋਕਲ ਹਸਪਤਾਲਾਂ ਵਿੱਚ ਜ਼ੇਰੇ ਇਲਾਜ ਹਨ। ਪਿਛਲੇ ਚੰਦ ਕੁ ਦਿਨਾਂ ਵਿੱਚ ਕਈ ਵੀਡੀਓ ਵਾਇਰਲ ਹੋਈਆਂ ਹਨ ਜਿਹਨਾਂ ਵਿੱਚ ਵਿੱਦਿਆਰਥੀ ਇੱਕ ਦੂਜੇ ਉੱਤੇ ਹਿੰਸਾਤਮਕ ਹਮਲੇ ਕਰਦੇ ਵੇਖੇ ਜਾ ਸਕਦੇ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਆਰੰਭੀ ਹਿੰਸਾ ਅਤੇ ਆਪਸੀ ਲੜਾਈ ਦੀ ਬਰੈਂਪਟਨ ਰਾਜਧਾਨੀ ਬਣਦਾ ਜਾ ਰਿਹਾ ਹੈ। ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹਨਾਂ ਲੜਾਈਆਂ ਦਾ ਇੱਕ ਕੇਂਦਰੀ ਨੁਕਤਾ 'ਭਰਾ ਮਾਰ ਜੰਗ' ਹੈ। ਹਿੰਸਾ ਕਰਨ ਵਾਲੇ ਵੀ ਪੰਜਾਬੀ ਅਤੇ ਹਿੰਸਾ ਦਾ ਸ਼ਿਕਾਰ ਹੋਣ ਵਾਲੇ ਵੀ ਪੰਜਾਬੀ। ਅੱਜ ਵਿਦਿਆਰਥੀਆਂ ਦਾ ਇੱਕ ਵੱਖਰਾ ਪਰ ਡਰਾਉਣਾ ਅਕਸ ਬਣਦਾ ਜਾ ਰਿਹਾ ਹੈ। ਜਿਉਂ ਜਿਉਂ ਵਕਤ ਬੀਤਦਾ ਜਾ ਰਿਹਾ ਹੈ, ਵਿਦਿਆਅਰਥੀ ਲੋਕਲ ਕਮਿਊਨਿਟੀ ਦਾ ਅਨਿੱਖੜਵਾਂ ਅਤੇ ਸਾਫ ਸੁਥਰਾ ਅੰਗ ਬਣਨ ਦੀ ਥਾਂ ਇੱਕ ਵੱਖਰੇ ਗੁੱਟ ਵਜੋਂ ਸ਼ਕਲ ਅਖਤਿਆਰ ਕਰਦੇ ਜਾ ਰਹੇ ਹਨ। ਆਖਰ ਨੂੰ ਇਹ ਵਰਤਾਰਾ ਵਾਪਰ ਕਿਉਂ ਰਿਹਾ ਹੈ? ਵੱਡੀ ਗਿਣਤੀ ਵਿੱਚ ਵਿਦਿਆਰਥੀ ਗਰੇਡ 12 ਕਰਕੇ ਪੰਜਾਬ ਤੋਂ ਕੈਨੇਡਾ ਆ ਰਹੇ ਹਨ। ਛੋਟੀ ਉਮਰ ਵਿੱਚ ਮਾਂ ਬਾਪ ਦਾ ਸਾਇਆ ਦੂਰ ਰਹਿ ਗਿਆ, ਨਵੇਂ ਮੁਲਕ ਦੀਆਂ ਨਵੀਆਂ ਦਿੱਕਤਾਂ ਸਾਹਮਣੇ ਮੂੰਹ ਅੱਡੀ ਖੜ੍ਹੀਆਂ ਹਨ ਜਿਹਨਾਂ ਵਿੱਚ ਨੌਕਰੀ ਲੱਭਣਾ (ਬਹੁ ਗਿਣਤੀ ਵਾਸਤੇ ਪੜ੍ਹਾਈ ਪਹਿਲਾ ਫ਼ਿਕਰ ਨਹੀਂ ਸਗੋਂ ਨੌਕਰੀ ਲੱਭਣਾ ਹੈ), ਮਕਾਨ ਕਿਰਾਏ ਉੱਤੇ ਲੈਣਾ, ਰੋਟੀ ਪਾਣੀ ਦਾ ਇੰਤਜ਼ਾਮ ਕਰਨਾ ਅਤੇ ਲੋਕਲ ਸ੍ਰੋਤਾਂ ਬਾਰੇ ਜਾਣਕਾਰੀ ਨਾ ਹੋਣਾ ਵਿੱਦਿਆਰਥੀਆਂ ਨੂੰ ਬੌਂਦਲਾ ਦੇਂਦਾ ਹੈ। ਜੋ ਥੋੜੀ ਬਹੁਤੀ ਜਾਣਕਾਰੀ ਉਹਨਾਂ ਨੂੰ ਮਿਲਦੀ ਹੈ, ਉਹ ਆਪਣੇ ਹੀ ਸਾਥੀਆਂ ਕੋਲੋਂ ਪ੍ਰਾਪਤ ਹੁੰਦੀ ਹੈ ਜੋ ਕਈ ਵਾਰ ਸਹੀ ਸੇਧ ਦੇਣ ਵਾਲੀ ਨਹੀਂ ਵੀ ਹੁੰਦੀ। ਮਾਪਿਆਂ ਵੱਲੋਂ ਪੜਾਈ ਦੇ ਨਾਲ-ਨਾਲ ਜੌਬ ਕਰਕੇ ਪਿੱਛੇ ਪੈਸੇ ਭੇਜਣ ਦਾ ਦਬਾਅ ਅਤੇ ਸਾਥੀਆਂ ਵਿੱਚ ਐਡਜਸਟ ਹੋਣ ਲਈ ਕਾਰ ਆਦਿ ਖਰੀਦਣ ਦੀ ਤਮੰਨਾ ਕਿੰਨੀਆਂ ਹੀ ਗੱਲਾਂ ਹਨ ਜਿਹਨਾਂ ਦਾ ਵੱਡਾ ਦਬਾਅ ਛੋਟੀ ਉਮਰ ਵਿੱਚ ਪੈ ਜਾਂਦਾ ਹੈ। ਕੈਨੇਡਾ ਵੱਸਦੇ ਪੰਜਾਬੀ ਸਮਾਜ ਵਿੱਚ ਇਹ ਗੱਲ ਹਾਲੇ ਪੂਰੀ ਤਰਾਂ ਕਬੂਲੀ ਨਹੀਂ ਗਈ ਕਿ ਜੀਵਨ ਦੇ ਸੰਕਟਾਂ ਕਾਰਣ ਮਨੁੱਖ ਨੂੰ ਮਾਨਸਿਕ ਸਿਹਤ ਦੇ ਮਸਲੇ ਹੋ ਜਾਂਦੇ ਹਨ ਜੋ ਕਿ ਦਿਮਾਗੀ ਬਿਮਾਰੀ ਤੋਂ ਵੱਖਰੇ ਹੁੰਦੇ ਹਨ। ਵਿਦਿਆਰਥੀਆਂ ਨੂੰ ਸਿਰ ਆਣ ਪਏ ਸੰਕਟ ਜੰਜਾਲ ਕਾਰਨ ਪੈਦਾ ਹੋਏ ਮਾਨਸਿਕ ਸਿਹਤ ਦੇ ਵਿਸ਼ੇ ਨੂੰ ਸਮਝਣ ਅਤੇ ਉਸ ਵਿੱਚੋਂ ਬਾਹਰ ਨਿਕਲਣ ਦਾ ਕੋਈ ਆਈਡੀਆ ਨਹੀਂ ਹੁੰਦਾ। ਸਾਨੂੰ ਸਿਰਫ਼ ਲੜਾਈਆਂ ਹੁੰਦੀਆਂ ਵਿਖਾਈ ਦੇ ਰਹੀਆਂ ਹਨ, ਲੜਾਈ ਦੇ ਕਾਰਨ ਨਹੀਂ ਪਤਾ।

## ਖ਼ੂਨੀ ਝੜਪ ਮਾਮਲੇ 'ਚ ਕੁੜੀ ਦੀ ਵੀਡੀਓ ਨੇ ਲਿਆਂਦਾ ਨਵਾਂ ਮੋੜ



ਬਰੈਂਪਟਨ, : ਬੀਤੇ ਦਿਨੀਂ ਪੰਜਾਬੀ ਵਿਦਿਆਰਥੀਆਂ ਦੀ ਸਥਾਨਕ ਲੋਕਾਂ ਨਾਲ ਹੋਈ ਖ਼ੂਨੀ ਝੜਪ ਤੋਂ ਬਾਅਦ ਇੱਕ ਕੁੜੀ ਦੀ ਵੀਡੀਓ ਨੇ ਮਾਮਲੇ 'ਚ ਨਵਾਂ ਮੋੜ ਲਿਆਂਦਾ ਹੈ। ਜਿੱਥੇ ਹਾਲਟਨ ਪੁਲਿਸ ਇਸ ਘਟਨਾ ਦੇ ਮੁੱਖ ਮੁਲਜ਼ਮ ਰਣਕੀਰਤ ਸਿੰਘ ਦੀ ਭਾਲ ਵਿੱਚ ਜੁਟੀ ਹੋਈ ਹੈ, ਉੱਥੇ ਹੀ ਵੀਡੀਓ ਵਾਲੀ ਕੁੜੀ ਨੇ ਇਸ ਘਟਨਾ ਦੇ ਪਿਛਲੇ ਸੱਚ ਦੱਸਣ ਦਾ ਦਾਅਵਾ ਕੀਤਾ ਹੈ।

ਵੀਡੀਓ ਵਿਚਲੀ ਕੁੜੀ ਖ਼ੁਦ ਨੂੰ ਮੁੱਖ ਮੁਲਜ਼ਮ ਦੀ ਗਰਲਫ੍ਰੈਂਡ ਹੋਣ ਦਾ ਦਾਅਵਾ ਕਰ ਰਹੀ ਹੈ। ਉਸ ਕੁੜੀ ਨੇ ਦੱਸਿਆ ਕਿ ਉਹ ਆਪਣੀ ਸਹੇਲੀਆਂ ਨਾਲ ਰਹਿਣ ਲਈ ਨਵਾਂ ਘਰ ਲੱਭ ਰਹੀ ਸੀ ਤੇ ਰਣਕੀਰਤ ਉਸ ਦੀ ਮਦਦ ਕਰ ਰਿਹਾ ਸੀ। ਉਸ ਮੁਤਾਬਕ ਰੀਅਲ ਅਸਟੇਟ ਏਜੰਟ ਜਸਕਰਨ ਮਾਂਗਟ ਨੇ ਉਨ੍ਹਾਂ ਨੂੰ ਘਰ ਦਿਵਾ ਦਿੱਤਾ ਤੇ ਕਾਗਜ਼ੀ ਕਾਰਵਾਈ ਪੂਰੀ ਕਰ ਲਈ ਅਤੇ ਉਨ੍ਹਾਂ ਚੈੱਕ ਵੀ ਦੇ ਦਿੱਤਾ। ਇਕੱਲੀਆਂ ਕੁੜੀਆਂ ਵੇਖ ਏਜੰਟ ਨੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਤੇ ਕਿਹਾ ਕਿ ਜੇਕਰ ਉਹ ਉਸ ਦੀ ਗੱਲ ਮੰਨੇਗੀ ਤਾਂ ਉਸ ਨੂੰ ਪਹਿਲੇ ਮਹੀਨੇ ਦਾ ਕਿਰਾਇਆ ਵੀ ਨਹੀਂ ਦੇਣਾ ਪਵੇਗਾ। ਉਸ ਨੇ ਇਹ ਵੀ ਦੱਸਿਆ ਕਿ ਜਦ ਜਸਕਰਨ ਦੇ ਇਸ ਵਤੀਰੇ ਬਾਰੇ ਉਸ ਨੇ ਰਣਕੀਰਤ ਨੂੰ ਦੱਸਿਆ ਤਾਂ ਉਨ੍ਹਾਂ ਦੋਵਾਂ ਦੀ ਫ਼ੋਨ 'ਤੇ ਕਾਫੀ ਬਹਿਸ ਹੋ ਗਈ। ਕੁੜੀ ਨੇ ਦੱਸਿਆ ਕਿ ਏਜੰਟ ਨੇ ਉਨ੍ਹਾਂ ਦੀ ਨਵੇਂ ਮਕਾਨ ਵਾਲੇ ਇਕਰਾਰਨਾਮੇ ਨੂੰ ਰੱਦ ਕਰ ਦਿੱਤਾ ਤੇ ਸਾਨੂੰ ਆਪਣੇ ਪੈਸੇ ਵਾਪਸ ਲੈ ਕੇ ਜਾਣ ਲਈ ਤੁਰੰਤ ਮਿਲਣ ਨੂੰ ਕਿਹਾ। ਉਸ ਨੇ ਦੱਸਿਆ ਕਿ ਰਣਕੀਰਤ ਨੂੰ ਏਜੰਟ ਨੇ ਕਈ ਵਾਰ ਉਕਸਾਇਆ ਤੇ ਰਾਤ ਨੂੰ ਘਟਨਾ ਵਾਲੀ ਥਾਂ 'ਤੇ ਮਿਲਣ ਲਈ ਕਿਹਾ। ਕੁੜੀ ਨੇ ਆਪਣੇ ਕਥਿਤ ਪ੍ਰੇਮੀ ਦੇ ਪੱਖ ਵਿੱਚ ਸਫਾਈ ਦਿੰਦਿਆਂ ਕਿਹਾ ਕਿ ਰਣਕੀਰਤ ਲੜਨਾ ਨਹੀਂ ਸੀ ਚਾਹੁੰਦਾ ਪਰ ਏਜੰਟ ਨੇ ਉਸ ਨੂੰ ਭੜਕਾ ਦਿੱਤਾ ਸੀ। ਉਸ ਨੇ ਸੋਸ਼ਲ ਮੀਡੀਆ 'ਤੇ ਪਾਈ ਆਪਣੀ ਵੀਡੀਓ ਵਿੱਚ ਇਹ ਵੀ ਕਿਹਾ ਕਿ ਜੇਕਰ ਕਿਸੇ ਦੀ ਧੀ-ਭੈਣ ਨਾਲ ਕੋਈ ਇਸ ਤਰ੍ਹਾਂ ਵਤੀਰਾ ਕਰ ਰਿਹਾ ਹੈ ਤਾਂ ਉਹ ਕੀ ਕਰੇ।

ਮਾਮਲੇ ਦੀ ਛਾਣਬੀਣ ਕਰ ਰਹੀ ਹਾਲਟਨ ਪੁਲਿਸ ਮੁਤਾਬਕ ਕੈਨੇਡਾ ਦੇ ਸਮੇਂ ਮੁਤਾਬਕ ਮੰਗਲਵਾਰ ਰਾਤ ਨੂੰ ਹੋਈ ਝੜਪ ਵਿੱਚ ਤਕਰੀਬਨ 20 ਤੋਂ ਜ਼ਿਆਦਾ ਵਿਅਕਤੀ ਸ਼ਾਮਲ ਸਨ। ਪੁਲਿਸ ਇਸ ਮਾਮਲੇ ਵਿੱਚ ਛੇ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਕੈਨੇਡਾਈ ਮੀਡੀਆ ਮੁਤਾਬਕ ਚਾਰ ਵਿਦਿਆਰਥੀਆਂ ਉੱਪਰ ਕਤਲ ਦੀਆਂ ਧਾਰਾਵਾਂ ਦਰਜ ਕੀਤੀਆਂ ਗਈਆਂ ਹਨ। ਮਾਮਲੇ ਵਿੱਚ ਕੁੱਲ 23 ਨੌਜਵਾਨਾਂ ਨੂੰ ਬਲੈਕਲਿਸਟ ਕੀਤਾ ਗਿਆ ਹੈ, ਇਨ੍ਹਾਂ ਵਿੱਚੋਂ ਜ਼ਿਆਦਾਤਰ ਵਿਦਿਆਰਥੀ ਹੀ ਹਨ।

ਇਹ ਪਹਿਲੀ ਵਾਰ ਨਹੀਂ ਹੈ ਕਿ ਪੰਜਾਬੀ ਵਿਦਿਆਰਥੀ ਲੜਾਈ ਝਗੜੇ ਕਾਰਨ ਵਿਵਾਦਾਂ ਵਿੱਚ ਆਏ ਹੋਣ। ਇਸ ਖ਼ੂਨੀ ਝੜਪ ਨੇ ਇੱਕ ਵਾਰ ਫਿਰ ਪ੍ਰਵਾਸੀ ਪੰਜਾਬੀ ਵਿਦਿਆਰਥੀਆਂ ਨੂੰ ਜਿੱਥੇ ਸਵਾਲਾਂ ਦੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ, ਉੱਥੇ ਕਿਰਾਏ 'ਤੇ ਮਕਾਨ ਲੈਣ ਸਬੰਧੀ ਬਹੁਤ ਮੁਸ਼ਕਲਾਂ ਆ ਰਹੀਆਂ ਹਨ। ਬਰੈਂਪਟਨ ਰੀਅਲ ਅਸਟੇਟ ਖੇਤਰ ਨੇ ਵਿਦਿਆਰਥੀਆਂ ਤੋਂ ਪਾਸਾ ਵੱਟ ਲਿਆ ਹੈ। ਵਿਦਿਆਰਥੀਆਂ ਵੱਲੋਂ ਬੇਸਬਾਲਾਂ ਤੇ ਬੈਟਾਂ ਨਾਲ ਲੜੀ ਜੰਗ ਤੋਂ ਬਾਅਦ ਮਕਾਨ ਮਾਲਕ ਵੀ ਸਟੂਡੈਂਟਸ ਤੋਂ ਪਾਸਾ ਵੱਟ ਲਿਆ ਹੈ।

ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਪੰਜਾਬੀ ਵਿਦਿਆਰਥੀਆਂ ਨੂੰ ਵੀ ਕਾਫੀ ਭੰਡਿਆ ਜਾ ਰਿਹਾ ਹੈ। ਮੁੱਖ ਮੁਲਜ਼ਮ ਰਣਕੀਰਤ ਸਿੰਘ ਨੂੰ ਖਲਨਾਇਕ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ।

ਉੱਧਰ ਕੈਨੇਡਾ ਤੋਂ ਪੰਜਾਬੀ ਮੂਲ ਦੇ ਸਿਆਸਤਦਾਨਾਂ ਨੇ ਵੀ ਵਿਦਿਆਰਥੀਆਂ ਦੀ ਇਸ ਹਰਕਤ ਦੀ ਨਿੰਦਾ ਕੀਤੀ ਹੈ। ਕੈਨੇਡਾ ਦੇ ਮੀਡੀਆ ਮੁਤਾਬਕ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 26 ਸਤੰਬਰ 2018 ਨੂੰ ਤੈਅ ਕੀਤੀ ਹੈ। ਦੇਖਣਾ ਇਹ ਹੋਵੇਗਾ ਕਿ ਹੁਣ ਇਹ ਮਾਮਲਾ ਹੋਰ ਕਿਹੜੇ ਕਿਹੜੇ ਮੋੜ ਲੈਂਦਾ ਹੈ।

## ਗੈਂਗ ਵਾਰਦਾਤਾਂ ਨੂੰ ਰੋਕਣ ਲਈ ਸਾਰਿਆਂ ਨੂੰ ਇੱਕਠੇ ਰਲ਼ ਕੇ ਹੰਭਲਾ ਮਾਰਨ ਦੀ ਲੋੜ !

ਪੰਜਾਬੀ ਭਾਈਚਾਰੇ ਦੇ ਵਿੱਚ 1994 ਦੌਰਾਨ ਰੌਨ ਅਤੇ ਜਿੰਮੀ ਦੋਸਾਂਝ ਦੇ ਕਤਲ ਨਾਲ ਸ਼ੁਰੂ ਹੋਈਆਂ ਗੈਂਗ ਵਾਰਦਾਤਾਂ ਜੋ ਅੱਜ ਤੱਕ ਜਾਰੀ ਹਨ, ਰੁਕਣ ਦਾ ਨਾਮ ਨਹੀਂ ਲੈ ਰਹੀਆਂ, ਅਤੇ ਹੁਣ ਗੈਂਗ ਵਾਰਦਾਤਾਂ ਦਾ ਸ਼ਿਕਾਰ 16-17 ਸਾਲ ਦੇ ਨੌਜਵਾਨ ਵੀ ਹੋਣ ਲੱਗ ਪਏ ਹਨ । ਹੁਣ ਤੱਕ ਇਨ੍ਹਾਂ ਵਾਰਦਾਤਾਂ ਵਿੱਚ ਲਗਭੱਗ 300 ਤੋਂ ਵੱਧ ਨੌਜਵਾਨ ਸ਼ਿਕਾਰ ਹੋ ਚੁੱਕੇ ਹਨ । ਨੌਜਵਾਨਾਂ ਦੀ ਗੈਂਗ ਹਿੰਸਾ ਪਿਛਲੇ ਲੱਗਭਗ 24 ਸਾਲਾਂ ਤੋਂ ਰੁਕਣਾ ਦਾ ਨਾਮ ਨਹੀਂ ਲੈ ਰਹੀਆਂ । ਸਾਊਥ ਵੈਨਕੂਵਰ ਤੋਂ ਸਰੀ ਅਤੇ ਫੇਰ ਐਬਟਸਫੋਰਡ ਸੈਂਕੜੇ ਨੌਜਵਾਨ ਇਸ ਹਿੰਸਾ ਦਾ ਸ਼ਿਕਾਰ ਹੋ ਚੁੱਕੇ ਹਨ ਅਤੇ ਮਾਪਿਆਂ ਦੀ ਨੀਂਦ ਹਰਾਮ ਹੋਈ ਪਈ ਹੈ। ਹਰ ਮਾਪੇ ਨੂੰ ਫਿਕਰ ਰਹਿੰਦਾ ਹੈ ਕਿ ਉਹਨਾਂ ਬੱਚਾ ਇਨ੍ਹਾਂ ਗੈਂਗਾਂ ਵਿੱਚ ਨਾ ਚਲਾ ਜਾਵੇ ਜਾਂ ਇਸ ਹਿੰਸਾ ਦਾ ਸ਼ਿਕਾਰ ਨਾ ਹੋ ਜਾਵੇ । ਇੱਥੇ ਇਹ ਵੀ ਸੱਚ ਹੈ ਕਿ ਅਨੇਕਾਂ ਕਤਲਾਂ ਦੀ ਕੋਈ ਵਿਸ਼ੇਸ਼ ਤਫਤੀਸ਼ ਨਹੀਂ ਹੋਈ ਅਤੇ ਇਹ ਵੀ ਖਿਆਲ ਪ੍ਰਗਟਾਇਆ ਜਾਂਦਾ ਹੈ ਕਿ ਪੁਲਿਸ ਵਿਭਾਗ ਨੂੰ ਕਤਲ ਅਤੇ ਕਤਲ ਹੋਣ ਵਾਲੇ ਬਾਰੇ ਜਾਣਕਾਰੀ ਹੁੰਦੀ ਹੈ ਪਰ ਉਹ ਕੁਝ ਨਹੀਂ ਕਰ ਸਕਦੇ ਅਤੇ ਕਈ ਵਾਰ ਗਵਾਹੀ ਦੇਣ ਲਈ ਵੀ ਕੋਈ ਸਾਹਮਣੇ ਨਹੀਂ ਆਉਂਦਾ, ਜਾਂ ਕਾਨੂੰਨ ਅਨੁਸਾਰ ਗੈਂਗ ਮੈਂਬਰਾਂ ਨੂੰ ਸਜ਼ਾ ਮਿਲਣੀ ਅਸੰਭਵ ਹੁੰਦੀ ਹੈ। ਇਸ ਦੇ ਨਾਲ ਇਹ ਵੀ ਕਿਹਾ ਜਾਂਦਾ ਹੈ ਕਿ ਪੰਜਾਬੀ ਮੁੰਡੇ ਤਾਂ ਛੋਟੇ ਪੱਧਰ ਤੇ ਹੀ ਡਰੱਗ ਦਾ ਧੰਦਾ ਕਰਦੇ ਹਨ, ਅਸਲ ਧੰਦੇ ਕਰਨ ਵਾਲੇ ਤਾਂ ਵੱਡੇ ਗੈਂਗ ਹਨ, ਜੋ ਨੌਜਵਾਨ ਮੁੰਡਿਆਂ ਨੂੰ ਇਸ ਧੰਦੇ ਲਈ ਵਰਤਦੇ ਹਨ। ਇਹ ਵੀ ਸੱਚ ਹੈ ਕਿ ਹਰ ਵਾਰ, ਜਦੋਂ ਵੀ ਚੋਣਾਂ ਹੁੰਦੀਆਂ ਹਨ ਚਾਹੇ ਉਹ ਸਿਟੀ, ਪ੍ਰੋਵਿੰਸ਼ਲ ਜਾਂ ਫੈਡਰਲ ਚੋਣਾਂ ਹੋਣ ਇਹ ਮਸਲਾ ਜ਼ਰੂਰ ਅੱਗੇ ਆਉਂਦਾ ਹੈ ਅਤੇ ਫਿਰ ਆਇਆ - ਗਿਆ ਹੋ ਜਾਂਦਾ ਹੈ। ਗੈਂਗਾਂ ਨੂੰ ਰੋਕਣ ਦੇ ਨਾਮ ਤੇ ਕਈ ਸੰਸਥਾਵਾਂ ਵੀ ਬਣੀਆਂ ਹਨ ਪਰ ਕੋਈ ਸਫਲ ਨਤੀਜਾ ਸਾਹਮਣੇ ਨਹੀਂ ਆਇਆ । ਭਾਈਚਾਰੇ ਲਈ ਇਹ ਇੱਕ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਨੌਜਵਾਨ ਗੈਂਗਾਂ ਵਿੱਚ ਕਿਉਂ ਜਾਂਦੇ ਹਨ ਅਤੇ ਸਾਨੂੰ ਪ੍ਰਸ਼ਾਸ਼ਨ ਤੇ ਕਿਉਂ ਨਿਰਭਰ ਹੋਣਾ ਪੈ ਰਿਹਾ ਹੈ । ਬੱਚਿਆਂ ਨੂੰ ਗੈਂਗਾਂ ਤੋਂ ਬਚਾਉਣ ਲਈ ਇਹ ਜ਼ਰੂਰੀ ਹੈ ਸਕੂਲ ਅਧਿਆਪਕ, ਮਾਪੇ, ਪੁਲਿਸ ਅਤੇ ਸਿਆਸਤਦਾਨਾਂ ਨੂੰ ਰਲ ਕੇ ਭੂਮੀਕਾ ਨਿਭਾਉਣ ਤਾਂ ਹੀ ਇਨਾਂ ਗੈਂਗਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜਿੱਥੇ ਸਿਟੀ ਅਧਿਕਾਰੀਆਂ ਨੂੰ ਸਕੂਲ, ਖੇਡ ਗਰਾਊਂਡਾਂ ਵਿੱਚ ਕੈਮਰੇ ਅਤੇ ਪੁਲਿਸ ਦੀ ਨਫਰੀ ਵੀ ਵਧਾਉਣੀ ਚਾਹੀਦੀ ਹੈ ਤਾਂ ਕਿ ਗੈਂਗ ਦੀ ਭਰਤੀ ਰੁਕ ਸਕੇ । ਬੱਚਿਆਂ ਦੇ ਸਕੂਲ ਲਾਕਰਾਂ ਨੂੰ ਵੀ ਲਗਾਤਾਰ ਚੈਕ ਕੀਤਾ ਜਾਣਾ ਵੀ ਸ਼ਾਮਲ ਹੋਵੇ। ਇਸ ਲਈ ਭਾਈਚਾਰੇ ਵਲੋਂ ਲਗਾਤਾਰ ਸਕੂਲ ਟਰਸਟੀਆਂ, ਕੌਂਸਲਰਾਂ, ਐਮ.ਐਲ.ਏਜ਼ ਅਤੇ ਐਮ.ਪੀਜ਼ ਤੇ ਲਗਾਤਾਰ ਦਬਾਓ ਬਣਾਇਆ ਜਾਣਾ ਚਾਹੀਦਾ ਹੈ ਤਾਂ ਕਿ ਬੱਚਿਆਂ ਲਈ ਸੱਰਖਿਅਤ ਮਹੌਲ ਸਿਰਜਿਆ ਜਾ ਸਕੇ। ਅਸੀਂ ਇੱਥੇ ਇਸ ਗੱਲ ਨੂੰ ਵੀ ਨਹੀਂ ਨਕਾਰ ਸਕਦੇ ਜਿੱਥੇ ਅਸੀਂ ਪ੍ਰਸ਼ਾਸ਼ਨ ਨੂੰ ਦੋਸ਼ੀ ਗਰਦਾਨਦੇ ਹਾਂ ਉੱਥੇ ਸਾਡੇ ਪਰਿਵਾਰਾਂ ਦੇ ਮਾਹੌਲ ਅਤੇ ਅਖੌਤੀ ਸਭਿਆਚਾਰ ਨੂੰ ਬਦਲਣ ਦੀ ਵੀ ਸਖ਼ਤ ਲੋੜ ਹੈ । ਇਥੇ ਇਹ ਗੱਲ ਜ਼ਰੂਰ ਵਿਚਾਰਨਯੋਗ ਹੈ ਆਖਰ ਪੰਜਾਬੀ ਪਰਿਵਾਰਾਂ ਦੇ ਨੌਜਵਾਨ ਬਹੁਤ ਤੇਜ਼ੀ ਨਾਲ ਗੈਂਗਾਂ ਵੱਲ ਆਕਰਸ਼ਤ ਕਿਉਂ ਹੁੰਦੇ ਹਨ ਚਾਹੇ ਇੱਥੋਂ ਦੇ ਜੰਮਪਲ ਹੋਣ ਜਾਂ ਪੰਜਾਬ ਦੇ! ਹੁਣ ਪੰਜਾਬ ਤੋਂ ਪੜ੍ਹਨ ਲਈ ਆਉਣ ਵਾਲੇ ਕਈ ਵਿਦਿਆਰਥੀਆਂ ਦੀਆਂ ਲੜਾਈਆਂ ਵੀ ਆਮ ਸੁਣਨ ਨੂੰ ਮਿਲ ਰਹੀਆਂ ਹਨ । ਇੱਥੇ ਹਰ ਪੰਜਾਬੀ ਪਰਿਵਾਰ ਦਾ ਸੋਚਣਾ ਬਣਦਾ ਹੈ ਕਿ ਅਸੀਂ ਆਪਣੇ ਆਪ ਨੂੰ ਬਦਲਣਾ ਹੈ ਕਿ ਨਹੀਂ..? ਪੰਜਾਬੀ ਭਾਈਚਾਰੇ ਅੰਦਰ ਪਰਿਵਾਰਾਂ ਵਿੱਚ ਲੜਾਈ, ਆਪਣੇ ਆਪ ਨੂੰ ਅਖੌਤੀ ਅਣਖੀ ਸਮਝਣਾ, ਅਸੱਭਿਅਕ, ਅਸ਼ਲੀਲ ਅਤੇ ਹਿੰਸਾ ਨੂੰ ਭੜਕਾਉਣ ਵਾਲੇ ਪੰਜਾਬੀ ਗਾਣੇ, ਸ਼ਰਾਬ ਦੇ ਨਸ਼ੇ ਦਾ ਪ੍ਰਯੋਗ ਕਰਨ 'ਚ ਵਡਿਆਈ ਸਮਝਣਾ ਜਿਸ ਕਾਰਣ ਨਸ਼ਾ ਸਾਡੇ ਅਖੌਤੀ ਸਭਿਆਚਾਰ ਦਾ ਅਨਿਖਣਵਾਂ ਅੰਗ ਬਣ ਚੁੱਕਾ ਹੈ । ਪੰਜਾਬੀ ਗਾਣਿਆਂ ਵਿੱਚ ਸ਼ਰਾਬ ਦੇ ਪ੍ਰਯੋਗ ਨੂੰ ਜਾਂ ਹਥਿਆਰਾਂ ਦੀ ਵਰਤੋਂ ਨੂੰ ਕੁਝ ਜਿਆਦਾ ਹੀ ਦਰਸਾਇਆ ਗਿਆ ਹੈ ਅਜਿਹੀਆਂ ਗੱਲਾਂ ਨੇ ਕੈਨੇਡਾ ਵਿੱਚ ਗੈਂਗ ਕਲਚਰ ਨੂੰ ਵਧਾਉਣ ਵਿਚ ਜ਼ਰੂਰ ਹਿੱਸਾ ਪਾਇਆ ਹੋਵੇਗਾ, ਇਸਦੇ ਨਾਲ ਹੀ ਨਸ਼ਿਆਂ ਦੇ ਵਪਾਰ ਵਿੱਚ ਮੁਕਾਬਲੇ ਕਾਰਨ ਹਿੰਸਕ ਵਾਰਦਾਤਾਂ ਵੀ ਵਾਪਰਦੀਆਂ ਹਨ ਅਤੇ ਫੋਕੀ ਅਣਖ ਤੇ ਸਾਡੇ ਸੁਭਾਅ ਵਿੱਚ ਅੜੀਅਲਪਣ ਵੀ ਹਿੰਸਕ ਹੋਣ ਦਾ ਕਰਨ ਬਣ ਰਿਹਾ ਹੈ। ਇਸਦੇ ਉਲਟ ਪੰਜਾਬੀ ਸਭਿਆਚਾਰ ਦੀ ਉਨਤੀ ਜਾਂ ਸਮਾਜਕ ਬੁਰਾਈਆਂ ਨੂੰ ਖਤਮ ਕਰਨ ਵਾਲੇ ਸਾਹਿਤ ਜਾਂ ਗਾਣਿਆਂ ਦੀ ਰਚਨਾ ਬਹੁਤ ਘੱਟ ਹੋਈ ਹੈ । ਪੰਜਾਬੀ ਭਾਈਚਾਰੇ ਵਲੋਂ ਜੰਗੀ ਪੱਧਰ ਤੇ ਸਕੂਲੀ ਵਿਦਿਆਰਥੀਆਂ ਦੀਆਂ ਰੁੱਚੀਆਂ ਠੀਕ ਕਰਨ ਲਈ ਵਿਸ਼ੇਸ਼ ਸਾਧਨ ਜਾਂ ਉਪਾਅ ਉਪਲੱਬਧ ਕਰਨੇ ਚਾਹੀਦੇ ਹਨ । ਨੌਜਵਾਨਾਂ ਨੂੰ ਦੱਸਣਾ ਚਾਹੀਦਾ ਹੈ ਕਿ ਜਿਨ੍ਹਾਂ ਨੌਜਵਾਨਾਂ ਨੇ ਨਸ਼ਿਆਂ ਦੇ ਧੰਦਿਆਂ ਨੂੰ ਛੇਤੀ ਪੈਸਾ ਕਮਾਉਣ ਲਈ ਸੁੱਖ ਸਾਧਨ ਮੰਨਿਆ ਸੀ, ਉਹ ਨੌਜਵਾਨਾਂ ਦੀ ਗਲਤ ਸੋਚਣੀ ਸੀ ਕਿਉਂਕਿ ਅਜਿਹੇ ਧੰਦੇ ਕਰਨ ਵਾਲੇ ਜਵਾਨੀ 'ਚ ਹੀ ਖਤਮ ਹੋ ਗਏ । ਕੋਈ ਅਜਿਹਾ ਪਰਿਵਾਰ ਨਹੀ ਦਿਸਦਾ ਜੋ ਅਜਿਹੇ ਧੰਦੇ ਕਰਨ ਸਦਕਾ ਮੌਜਾਂ ਮਾਣਦਾ ਹੋਵੇ, ਸਗੋਂ ਦਿਨ-ਰਾਤ ਸਿਰ ਤੇ ਮੌਤ ਖੜੀ ਰਹਿੰਦੀ ਹੈ । ਪੰਜਾਬੀ ਭਾਈਚਾਰੇ ਵਿਚ ਅਧਿਆਪਕ ਪੇਸ਼ਾ ਕਰਨ ਵਾਲੇ ਲੋਕ ਬਹੁਤ ਘੱਟ ਹਨ, ਸਾਡਾ ਯਤਨ ਹੋਵੇ ਕਿ ਵੱਧ ਤੋਂ ਵੱਧ ਮਨੋ-ਵਿਗਿਆਨੀ ਤੇ ਅਧਿਆਪਕ ਤਿਆਰ ਕੀਤੇ ਜਾਣ, ਤਾਂ ਜੋ ਸਾਡੇ ਭਵਿੱਖ 'ਚ ਆਉਣ ਵਾਲੀ ਪਨੀਰੀ ਨੂੰ ਗਲਤ ਰਾਹਾਂ ਤੋਂ ਬਚਾਉਣ ਵਿਚ ਸਹਾਇਕ ਬਣ ਸਕਣ । ਕੈਨੇਡਾ ਸਰਕਾਰ ਵਲੋਂ ਜੋ ਜੁਰਮਾਂ ਨੂੰ ਰੋਕਣ ਲਈ ਪੈਸੇ ਦਾ ਐਲਾਨ ਕੀਤਾ ਗਿਆ ਹੈ ਉਸ ਦੀ ਸਹੀ ਵਰਤੋਂ ਹੋਵੇ ਜਿਸ ਲਈ ਨਵੇਂ ਕਾਨੂੰਨਾਂ ਦੀ ਵੀ ਲੋੜ ਹੈ, ਅਤੇ ਸਰਕਾਰ ਵਲੋਂ ਹਿੰਸਕ ਵਾਰਦਾਤਾਂ ਪ੍ਰਤੀ ਸੰਜੀਦਾ ਹੋਣ ਦੀ ਵੀ ਲੋੜ ਹੈ ਤਾਂ ਕਿ ਜੁਰਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ । ਮਾਪਿਆਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਪ੍ਰਤੀ ਬਹੁਤ ਜ਼ਿਆਦਾ ਚੌਕਸੀ ਵਰਤਣ । ਕੈਨੇਡਾ ਦੇ ਵਿੱਚ ਪੰਜਾਬੀਆਂ ਦੀ ਵਸੋਂ 2 ਤੋਂ 3 ਪ੍ਰਤੀਸ਼ਤ ਹੈ ਪਰ ਗੈਂਗਾਂ ਲੜਾਈਆਂ ਵਿੱਚ ਅਸੀਂ ਕਿਤੇ ਅੱਗੇ ਹਾਂ । ਪਰਿਵਾਰਾਂ ਨੂੰ ਚਾਹੀਦਾ ਹੈ ਕਿ ਨਸ਼ਿਆਂ ਤੇ ਸ਼ਰਾਬ ਦੀ ਵਰਤੋਂ ਜਾਂ ਪਾਰਟੀ ਸਭਿਆਚਾਰ ਅਤੇ ਦਿਖਾਵੇ ਦੇ ਵੱਡੀਆਂ ਕਾਰਾਂ ਤੇ ਵੱਡੇ ਘਰਾਂ ਦੀ ਦੌੜ ਨੂੰ ਘੱਟ ਕਰਨ ਦਾ ਯਤਨ ਕਰਨ । ਇੱਥੇ ਭਾਈਚਾਰਕ ਜੱਥੇਬੰਦੀਆਂ, ਧਾਰਮਕ ਸੰਸਥਾਵਾਂ ਤੇ ਹੋਰ ਅਦਾਰਿਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਬੱਚਿਆਂ ਨੂੰ ਸਹੀ ਦਿਸ਼ਾ ਵੱਲ ਲਿਜਾਉਣ ਲਈ ਵੱਧ ਤੋਂ ਵੱਧ ਪ੍ਰੋਗਰਾਮ ਉਲੀਕਣਤਾਂ ਕਿ ਭਾਈਚਾਰਾ ਸਹੀ ਦਿਸ਼ਾ ਵਲ ਜਾ ਸਕੇ

# ਰੇਤ ਮਾਫ਼ੀਆ ਵੱਲੋਂ 'ਆਪ' ਵਿਧਾਇਕ 'ਤੇ ਜਾਨਲੇਵਾ ਹਮਲਾ

## ਧੱਕਾ-ਮੁੱਕੀ 'ਚ ਜ਼ਖ਼ਮੀ ਹੋਏ ਅਮਰਜੀਤ ਪੀ.ਜੀ.ਆਈ. ਦਾਖ਼ਲ

### ਪੁਲਿਸ ਵੱਲੋਂ ਹਮਲੇ ਦੇ ਦੋਸ਼ 'ਚ ਤਿੰਨ ਗ੍ਰਿਫ਼ਤਾਰ



ਰੂਪਨਗਰ : ਇਥੋਂ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ 'ਤੇ ਅੱਜ ਰੇਤ ਮਾਫ਼ੀਆ ਵੱਲੋਂ ਹਮਲਾ ਕੀਤਾ ਗਿਆ। ਇਹ ਹਮਲਾ ਉਸ ਸਮੇਂ ਹੋਇਆ ਜਦੋਂ ਉਹ ਨੂਰਪੁਰ ਬੇਦੀ ਵਿਖੇ ਨਾਜਾਇਜ਼ ਮਾਈਨਿੰਗ ਦੀ ਚੈਕਿੰਗ ਕਰਨ ਗਏ ਸਨ। ਉਹ 'ਆਪ' ਪਾਰਟੀ ਦੇ ਵਿਧਾਇਕ ਹਨ। ਇਸ ਹਮਲੇ 'ਚ ਉਹ ਗੰਭੀਰ ਜ਼ਖਮੀ ਹੋ ਗਏ ਹਨ। ਜਿਸ ਤੋਂ ਬਾਅਦ ਉਹਨਾਂ ਨੂੰ ਸਿਵਲ ਹਸਪਤਾਲ ਅਨੰਦਪੁਰ ਸਾਹਿਬ ਲਿਜਾਇਆ ਗਿਆ। ਜਿੱਥੋਂ ਉਹਨਾਂ ਦੀ ਗੰਭੀਰ ਹਾਲਤ ਦੇਖਦੇ ਹੋਏ ਉਹਨਾਂ ਨੂੰ ਚੰਡੀਗੜ੍ਹ ਦੇ ਪੀਜੀਆਈ ਹਸਪਤਾਲ 'ਚ ਭੇਜ ਦਿੱਤਾ ਗਿਆ ਹੈ। ਇਸ ਹਮਲੇ 'ਚ ਉਹਨਾਂ ਦੀ ਪੱਗ ਵੀ ਉਤਰ ਗਈ ਸੀ। ਇਸ ਤੋਂ ਬਿਨਾਂ ਇਸ ਹਮਲੇ ਦੌਰਾਨ ਉਹਨਾਂ ਦੇ ਸੁਰੱਖਿਆ ਕਰਮਚਾਰੀ ਵੀ ਮੌਜੂਦ ਸਨ। ਪਰ ਰੇਤ ਮਾਫ਼ੀਆ ਦੇ ਕਾਰਕੂੰਨਾਂ ਨੇ ਉਹਨਾਂ 'ਤੇ ਵੀ ਹਮਲਾ ਕਰ ਦਿੱਤਾ ਸੀ। ਪਰ ਇਹ ਗੱਲ ਵਿਚਾਰਨਯੋਗ ਹੈ ਕਿ ਜਦੋਂ ਤੋਂ ਹੀ ਕਾਂਗਰਸ ਸਰਕਾਰ ਸੱਤਾ 'ਚ ਆਈ ਹੈ ਖ਼ਾਸਕਰ ਨਜਾਇਜ਼ ਮਾਇਨਿੰਗ ਮਾਮਲੇ ਦੇ ਕਾਰਨ ਹਮੇਸ਼ਾਂ ਹੀ ਚਰਚਾ 'ਚ ਰਹੀ ਹੈ। ਇਸ ਤੋਂ ਪਹਿਲਾਂ ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਜੀਤ ਨੂੰ ਨਜਾਇਜ਼ ਮਾਇਨਿੰਗ ਮਾਮਲੇ 'ਚ ਅਸਤੀਫ਼ਾ ਦੇਣਾ ਪਿਆ ਸੀ। ਇਸ ਤੋਂ ਬਾਅਦ ਸ਼ਾਹਕੋਟ ਤੋਂ ਵਿਧਾਇਕ ਲਾਡੀ ਸੇਰੋਵਾਲੀਆਂ 'ਤੇ ਵੀ ਵੋਟਾਂ ਤੋਂ ਪਹਿਲਾਂ ਨਜਾਇਜ਼ ਮਾਇਨਿੰਗ ਮਾਮਲੇ 'ਚ ਪਰਚਾ ਹੋਇਆ ਸੀ। ਇਸ ਹਮਲੇ ਤੋਂ ਬਾਅਦ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਤੇ ਹੋਏ ਹਮਲੇ ਦੀ ਨਿਖੇਧੀ ਕੀਤੀ। ਉਹਨਾਂ ਨੇ ਕਿਹਾ ਕਿ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ। ਆਮ ਆਦਮੀ ਪਾਰਟੀ ਦੇ ਰੋਪੜ ਤੋਂ ਵਿਧਾਇਕ ਅਮਰਜੀਤ ਸੰਦੋਆ 'ਤੇ ਹਮਲਾ ਕਰਨ ਦੇ ਇਲਜ਼ਾਮ ਵਿੱਚ ਤਿੰਨ ਬੰਦਿਆਂ ਨੂੰ ਹਿਰਾਸਤ ਵਿੱਚ ਲਿਆ ਗਿਆ। ਰੋਪੜ ਦੇ ਐਸਐਸਪੀ ਰਾਜ ਬਚਨ ਸਿੰਘ ਸੰਧੂ ਨੇ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ। ਜਲਦ ਹੀ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾਏਗੀ। ਉਨ੍ਹਾਂ ਕਿਹਾ ਕਿ ਅਜਵਿੰਦਰ ਸਿੰਘ ਸਰਪੰਚ ਤੇ ਉਸ ਦੇ ਦੋ ਸਾਥੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਨ੍ਹਾਂ ਤੋਂ ਪੁੱਛਗਿੱਛ ਜਾਰੀ ਹੈ। ਯਾਦ ਰਹੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਰਜੀਤ ਸੰਦੋਆ 'ਤੇ ਨੂਰਪੁਰ ਬੇਦੀ ਦੇ ਬੇਈਂ ਹਾਰਾ ਪਿੰਡ ਵਿੱਚ ਮਈਨਿੰਗ ਮਾਫੀਆ ਨੇ ਹਮਲਾ ਕਰ ਦਿੱਤਾ ਸੀ। ਹਮਲੇ 'ਚ ਸੰਦੋਆ 'ਤੇ ਸੱਟਾਂ ਲੱਗੀਆਂ ਤੇ ਸਿਵਲ ਹਸਪਤਾਲ ਨੇ ਉਨ੍ਹਾਂ ਨੂੰ ਪੀਜੀਆਈ ਰੈਫਰ ਕਰ ਦਿੱਤਾ ਹੈ। ਸੰਦੋਆ ਨੇ ਪਿਛਲੇ ਲੰਮੇ ਸਮੇਂ ਤੋਂ ਸਤਲੁਜ ਦਰਿਆ ਵਿੱਚ ਸਰਗਰਮ ਮਾਈਨਿੰਗ ਮਾਫੀਆ ਵਿਰੁੱਧ ਮੁਹਿੰਮ ਛੇੜੀ ਹੋਈ ਹੈ। ਬੀਤੇ ਦਿਨੀਂ ਖਰੜ ਨੇੜੇ ਮਾਈਨਿੰਗ ਮਾਫ਼ੀਆ ਨੇ ਜੰਗਲਾਤ ਮਹਿਕਮੇ ਦੇ ਤਿੰਨ ਅਧਿਕਾਰੀਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ। ਇਨ੍ਹਾਂ 'ਚੋਂ ਇੱਕ ਦੀ ਹਾਲਤ ਗੰਭੀਰ ਬਣੀ ਹੋਈ ਹੈ।

## 'ਆਪ' ਦੀ ਅੰਦਰੂਨੀ ਕੁੜੱਤਣ ਹੋਈ ਜੱਗ ਜਾਹਿਰ

# ਪ੍ਰੈੱਸ ਕਾਨਫਰੰਸ ਦੌਰਾਨ ਖਹਿਰਾ ਤੇ ਡਾ. ਬਲਬੀਰ ਵਿਚਾਲੇ ਤਕਰਾਰ



ਚੰਡੀਗੜ੍ਹ :ਆਮ ਆਦਮੀ ਪਾਰਟੀ ਦੀ ਹੋਈ ਪ੍ਰੈੱਸ ਕਾਨਫਰੰਸ 'ਚ ਪਾਰਟੀ ਆਗੂਆਂ ਦੀ ਆਪਸੀ ਕੁੜੱਤਣ ਇੱਕ ਵਾਰ ਫਿਰ ਜੱਗ ਜ਼ਾਹਰ ਹੋਈ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਤੇ ਪੰਜਾਬ ਦੇ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਆਪਸ 'ਚ ਖਹਿੰਦੇ ਵੀ ਨਜ਼ਰ ਆਏ। ਦਰਅਸਲ ਡਾ. ਬਲਬੀਰ ਕਹਿ ਰਹੇ ਸਨ ਕਿ ਰੈਫਰੰਡਮ 2020 ਮਾਮਲੇ 'ਤੇ ਖਹਿਰਾ ਨੂੰ ਮੈਂ ਪੰਜ ਵਾਰ ਕਾਲ ਕੀਤੀ ਜਦਕਿ ਖਹਿਰਾ ਨੇ ਕਿਹਾ ਕਿ ਮੈਨੂੰ ਉਨ੍ਹਾਂ ਦੀ ਸਿਰਫ ਇਕੋ ਕਾਲ ਆਈ ਸੀ। ਹਾਲਾਂਕਿ ਡਾ. ਬਲਬੀਰ ਇਸ ਦੌਰਾਨ ਗੱਲ ਗੋਲਮੋਲ ਕਰਦੇ ਵੀ ਨਜ਼ਰ ਆਏ। ਮਾਮਲਾ ਇੱਥੋਂ ਤੱਕ ਵਿਗੜ ਗਿਆ ਕਿ ਖਹਿਰਾ ਪ੍ਰੈੱਸ ਕਾਨਫਰੰਸ ਵਿਚਾਲੇ ਛੱਡ ਕੇ ਚਲੇ ਗਏ। ਦੂਜੇ ਪਾਸੇ ਪ੍ਰੈੱਸ ਕਾਰਫਰੰਸ ਦੌਰਾਨ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਤਾਰ ਸੰਧਵਾ ਨੇ ਮੀਡੀਆ ਨਾਲ ਬਦਤਮੀਜ਼ੀ ਕੀਤੀ। ਉਨ੍ਹਾਂ ਮੀਡੀਆ 'ਤੇ ਭੜਾਸ ਕੱਢਦਿਆਂ ਕਿਹਾ ਕਿ ਮੀਡੀਆ ਸਾਡੀ ਪਾਰਟੀ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲਾਂਕਿ ਪਾਰਟੀ ਦੇ ਵਿਧਾਇਕ ਕੰਵਰ ਸੰਧੂ ਨੇ ਸੰਧਵਾ ਦੀ ਗਲਤੀ ਲਈ ਮੀਡੀਆ ਤੋਂ ਮਾਫੀ ਵੀ ਮੰਗੀ।

## ਵਿਧਾਇਕ 'ਤੇ ਹਮਲੇ ਮਗਰੋਂ **ਆਪ** ਕੱਢੇਗੀ ਸਰਕਾਰ ਦਾ ਜ਼ੂਲੂਸ

ਚੰਡੀਗੜ੍ਹ: ਰੋਪੜ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ 'ਤੇ ਹਮਲੇ ਦੇ ਵਿਰੋਧ ਵਿੱਚ 'ਆਪ' ਪੂਰੇ ਪੰਜਾਬ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਤਲੇ ਫੂਕੇਗੀ। ਵਿਧਾਇਕ ਸੰਦੋਆ ਨੂੰ ਪੀਜੀਆਈ ਦਾਖ਼ਲ ਕਰਵਾਇਆ ਗਿਆ ਹੈ ਤੇ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਇੱਥੇ ਹੀ ਸਰਕਾਰ ਵਿਰੁੱਧ ਆਪਣੇ ਸੰਘਰਸ਼ ਦਾ ਐਲਾਨ ਕੀਤਾ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਭਲਕੇ ਪੰਜਾਬ ਭਰ ਵਿੱਚ ਮਈਨਿੰਗ ਮਾਫੀਆ ਦੇ ਮਸਲੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਤਲੇ ਸਾੜੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਪੂਰੀ ਤਰ੍ਹਾਂ ਇੱਕਜੁੱਟ ਹੈ ਤੇ ਇਸ ਤਰ੍ਹਾਂ ਦੀ ਗੁੰਡਾਗਰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕੰਵਰ ਸੰਧੂ ਨੇ ਕਿਹਾ ਪੰਜਾਬ ਵਿੱਚ ਗੁੰਡਾ ਰਾਜ ਚੱਲ ਰਿਹਾ ਹੈ ਤੇ ਰੋਜ਼ ਮਾਈਨਿੰਗ ਮਾਫੀਆ ਦੇ ਹਮਲੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀਆਂ ਸਮੇਂ ਉਨ੍ਹਾਂ ਦੀ ਸਰਪ੍ਰਸਤੀ ਤੇ ਹੁਣ ਕਾਂਗਰਸੀ ਮਾਫੀਆ ਨੂੰ ਸਰਪ੍ਰਸਤੀ ਦੇ ਰਹੇ ਹਨ। ਸੰਦੋਆ ਦੇ ਹਮਲੇ ਦੇ ਚਸ਼ਮਦੀਦ ਰਾਕੇਸ਼ ਜਿੰਦਲ ਨੇ ਕਿਹਾ ਕਿ ਵਿਧਾਇਕ ਸਵੇਰੇ 9 ਵਜੇ ਮੀਡੀਆ ਨੂੰ ਨਾਲ ਲੈ ਕੇ ਨਜ਼ਾਇਜ਼ ਮਈਨਿੰਗ ਰੁਕਵਾਉਣ ਗਏ। ਉੱਥੇ ਮਾਫੀਆ ਹਥਿਆਰ ਬੰਦ ਸੀ। ਉਨ੍ਹਾਂ ਕਿਹਾ ਕਿ ਮਾਫੀਆ ਨੇ ਸੰਦੋਆ ਦੇ ਪੱਥਰ ਮਾਰੇ। ਰਾਕੇਸ਼ ਨੇ ਦੱਸਿਆ ਕਿ ਹਮਲਾਵਰ ਕੌਣ ਸੀ ਪਤਾ ਨਹੀਂ ਲੱਗਿਆ ਪਰ ਸ਼ਰ੍ਹੇਆਮ ਗੁੰਡਾਗਰਦੀ ਕਰ ਰਹੇ ਸੀ।

# ਕੈਪਟਨ ਅਮਰਿੰਦਰ ਸਿੰਘ ਪੰਜਾਬ 'ਚ ਗੈਰ-ਕਾਨੂੰਨੀ ਮਾਈਨਿੰਗ ਨੂੰ ਦੇ ਰਹੇ ਨੇ ਸ਼ਹਿ : ਖਹਿਰਾ

ਰੂਪਨਗਰ (ਵਿਜੇ)' ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਗੰਭੀਰ ਦੋਸ਼ ਲਗਾਇਆ ਹੈ ਕਿ ਉਹ ਪੰਜਾਬ 'ਚ ਮਾਈਨਿੰਗ ਮਾਫੀਆ ਨੂੰ ਸ਼ਹਿ ਦੇ ਰਹੇ ਹਨ। ਕੁਝ ਕਾਂਗਰਸੀ ਵਿਧਾਇਕ ਗੈਰ-ਕਾਨੂੰਨੀ ਮਾਈਨਿੰਗ ਤੋਂ ਪੈਸੇ ਇਕੱਠੇ ਕਰਕੇ ਮੁੱਖ ਮੰਤਰੀ ਨੂੰ ਹਿੱਸਾ ਦੇ ਰਹੇ ਹਨ। ਉਨ੍ਹਾਂ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਬਰਗਾੜੀ ਕਾਂਡ ਅਤੇ ਮੌੜ ਮੰਡੀ ਬੰਬ ਕਾਂਡ ਦੇ ਸਬੰਧ 'ਚ ਜਲਦ ਇਕ ਵਾਈਟ ਪੇਪਰ ਜਾਰੀ ਕਰੇ।

ਇਥੇ ਬੇਲਾ ਚੌਂਕ 'ਚ 'ਆਪ' ਵਿਧਾਇਕ ਅਮਰਜੀਤ ਸਿੰਘ ਸੰਦੋਆ 'ਤੇ ਹੋਏ ਕਾਤਲਾਨਾ ਹਮਲੇ ਦੇ ਸਬੰਧ 'ਚ ਆਯੋਜਿਤ ਇਕ ਧਰਨੇ ਨੂੰ ਸੰਬੋਧਨ ਕਰਦੇ ਹੋਏ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੁਝ ਮਹੀਨੇ ਪਹਿਲਾਂ ਮੁੱਖ ਮੰਤਰੀ ਨੇ ਹੈਲੀਕਾਪਟਰ ਤੋਂ ਨਵਾਂਸ਼ਹਿਰ ਜ਼ਿਲਾ ਨਿਰੀਖਣ ਕੀਤਾ ਸੀ ਅਤੇ ਉਸ ਤੋਂ ਬਾਅਦ ਟਵੀਟ ਕਰਕੇ ਲਿਖਿਆ ਸੀ ਕਿ ਉਥੇ ਗੈਰ-ਕਾਨੂੰਨੀ ਮਾਈਨਿੰਗ ਹੋ ਰਹੀ ਹੈ, ਜਿਸ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਜਦੋਂ ਜਾਂਚ ਸ਼ੁਰੂ ਹੋਈ ਤਾਂ ਉਸ 'ਚ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਵੱਲੋਂ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਜ਼ਦੀਕੀ ਰਿਸ਼ਤੇਦਾਰ ਸ਼ਾਮਲ ਪਾਏ ਗਏ ਅਤੇ ਫਿਰ ਜਾਂਚ ਉਥੇ ਰੋਕ ਦਿੱਤੀ ਗਈ। ਪੰਜਾਬ 'ਚ ਮੁੱਖ ਮੰਤਰੀ ਦੀ ਸ਼ਹਿ ਦੇ ਬਿਨਾਂ ਗੈਰ-ਕਾਨੂੰਨੀ ਮਾਈਨਿੰਗ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਪੰਜਾਬ ਸਰਕਾਰ ਅਕਾਲੀ ਸਰਕਾਰ ਦੀਆਂ ਨੀਤੀਆਂ 'ਤੇ ਚੱਲ ਰਹੀ ਹੈ ਅਤੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਅਕਾਲੀ ਅਤੇ ਕਾਂਗਰਸੀ ਇਕੱਠੇ ਹਨ। ਉਨ੍ਹਾਂ ਕਿਹਾ ਕਿ ਬਰਗਾੜੀ 'ਚ ਜੋ ਬੇਅਦਬੀ ਦੀ ਘਟਨਾ ਹੋਈ ਸੀ, ਉਸ ਦਾ ਹਾਲੇ ਤੱਕ ਕੋਈ ਪਤਾ ਨਹੀਂ ਚੱਲਿਆ ਅਤੇ ਬਹਿਬਲ ਕਲਾਂ ਕਾਂਡ 'ਚ ਜੋ ਨੌਜਵਾਨ ਮਾਰੇ ਗਏ ਸਨ, ਉਨ੍ਹਾਂ ਨੂੰ ਵੀ ਕੋਈ ਇਨਸਾਫ ਨਹੀਂ ਮਿਲਿਆ।

ਬੇਅਦਬੀ ਦੇ ਮਾਮਲਿਆਂ 'ਚ ਜੋ ਅਕਾਲੀ ਸਰਕਾਰ ਦੀ ਨੀਤੀ ਸੀ, ਉਹੀ ਕੈਪਟਨ ਅਮਰਿੰਦਰ ਸਿੰਘ ਦੀ ਨੀਤੀ ਹੈ। ਅਕਾਲੀਆਂ ਨੇ ਵੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਨਹੀਂ ਫੜਿਆ ਅਤੇ ਅਮਰਿੰਦਰ ਸਿੰਘ ਸਰਕਾਰ ਨੇ ਵੀ ਕਿਸੇ ਅਸਲ ਦੋਸ਼ੀ ਨੂੰ ਹਾਲੇ ਤੱਕ ਗ੍ਰਿਫਤਾਰ ਨਹੀਂ ਕੀਤਾ। ਇਸ ਦੇ ਨਾਲ ਹੀ ਮੌੜ ਮੰਡੀ ਸਥਿਤ ਹੋਏ ਬੰਬ ਕਾਂਡ ਦੇ ਦੋਸ਼ੀਆਂ ਨੂੰ ਵੀ ਹਾਲੇ ਤੱਕ ਗ੍ਰਿਫਤਾਰ ਨਹੀਂ ਕੀਤਾ ਅਤੇ ਜਦੋਂ ਉਨ੍ਹਾਂ ਦੀ ਜਾਂਚ ਅਸਲ ਦੋਸ਼ੀਆਂ ਵੱਲ ਜਾਂਦੀ ਹੈ ਤਾਂ ਸਰਕਾਰ ਉੱਥੇ ਜਾਂਚ ਬੰਦ ਕਰ ਦਿੰਦੀ ਹੈ। ਬੇਅਦਬੀ ਮਾਮਲਿਆਂ ਅਤੇ ਮੌੜ ਮੰਡੀ ਬੰਬ ਕਾਂਡ ਸਬੰਧੀ ਪੁਲਸ ਜਾਂਚ ਤੇ ਆਪਣਾ ਵਾਈਟ ਪੇਪਰ ਜਾਰੀ ਕਰੇ ਤਾਂ ਕਿ ਲੋਕਾਂ ਨੂੰ ਸੱਚਾਈ ਪਤਾ ਚੱਲ ਸਕੇ।

ਉਨ੍ਹਾਂ ਇਹ ਵੀ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ 'ਚ ਗੈਰ-ਕਾਨੂੰਨੀ ਮਾਈਨਿੰਗ ਦੇ ਵਿਰੁੱਧ ਆਪਣਾ ਅੰਦੋਲਨ ਸ਼ੁਰੂ ਕਰੇਗੀ ਅਤੇ ਇਹ ਮਾਮਲਾ ਅਗਲੇ ਵਿਧਾਨ ਸਭਾ ਸੈਸ਼ਨ 'ਚ ਵੀ ਚੁੱਕਿਆ ਜਾਵੇਗਾ। ਇਹ ਦੁੱਖ ਦੀ ਗੱਲ ਹੈ ਕਿ ਪੰਜਾਬ 'ਚ ਇਕ ਵਿਧਾਇਕ ਦੀ ਪੱਗੜੀ ਉਤਾਰੀ ਜਾਂਦੀ ਹੈ ਅਤੇ ਉਸ 'ਤੇ ਕਾਤਲਾਨਾ ਹਮਲਾ ਕੀਤਾ ਜਾਂਦਾ ਹੈ, ਜਿਸ ਦੇ ਮੁੱਖ ਦੋਸ਼ੀ ਹਾਲੇ ਤੱਕ ਗ੍ਰਿਫਤਾਰ ਨਹੀਂ ਹੋਏ ਅਤੇ ਨਾ ਹੀ ਸਰਕਾਰ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਹੈ ਕਿਉਂਕਿ ਉਹ ਦੋਸ਼ੀ ਹਾਲੇ ਵੀ ਚੰਡੀਗੜ੍ਹ ਖੇਤਰ 'ਚ ਘੁੰਮ ਰਹੇ ਹਨ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਜ਼ਿਲਾ ਪ੍ਰਸਾਸ਼ਨ ਨੇ ਗੈਰ-ਕਾਨੂੰਨੀ ਮਾਈਨਿੰਗ ਦੇ ਸਬੰਧ 'ਚ ਜੋ ਰਿਪੋਰਟ ਸਰਕਾਰ ਨੂੰ ਭੇਜੀ ਹੈ, ਉਹ ਸਰਕਾਰੀ ਦਬਾਅ 'ਚ ਬਣਾਈ ਗਈ ਹੈ ਅਤੇ ਤੱਥਾਂ ਦੇ ਉਲਟ ਹੈ ਕਿਉਂਕਿ ਸਰਕਾਰ ਨਹੀਂ ਚਾਹੁੰਦੀ ਕਿ ਉਹ ਪੰਜਾਬ 'ਚ ਗੈਰ-ਕਾਨੂੰਨੀ ਮਾਈਨਿੰਗ ਨੂੰ ਸਵੀਕਾਰ ਕਰੇ। ਜਦਕਿ ਆਮ ਆਦਮੀ ਪਾਰਟੀ ਦੇ ਕੋਲ ਸਾਰੇ ਸਬੂਤ ਹਨ ਕਿ ਜ਼ਿਲਾ ਰੂਪਨਗਰ 'ਚ ਗੈਰ-ਕਾਨੂੰਨੀ ਮਾਈਨਿੰਗ ਹੋ ਰਹੀ ਹੈ। ਕੈਪਟਨ ਸਰਕਾਰ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਅਕਾਲੀਆਂ ਨੂੰ ਵੀ ਮਾਤ ਦੇ ਰਹੀ ਹੈ। ਪਟਵਾਰੀ ਤੋਂ ਲੈ ਕੇ ਚੀਫ ਸੈਕਟਰੀ ਅਤੇ ਸਿਪਾਹੀ ਤੋਂ ਲੈ ਕੇ ਡੀ. ਜੀ. ਪੀ. ਤੱਕ ਭ੍ਰਿਸ਼ਟਾਚਾਰ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕੈਪਟਨ ਸਰਕਾਰ ਦੇ ਸਾਸ਼ਨ 'ਚ ਆਮ ਵਿਅਕਤੀ ਨੂੰ ਕੋਈ ਇਨਸਾਫ ਨਹੀਂ ਮਿਲ ਰਿਹਾ। ਇਸ ਮੌਕੇ 'ਤੇ ਅਮਰਜੀਤ ਸਿੰਘ ਸੰਦੋਆ ਵਿਧਾਇਕ ਰੂਪਨਗਰ, ਸਰਬਜੀਤ ਕੌਰ ਮਾਨੂਕੇ ਵਿਧਾਇਕ ਜਗਰਾਓ, ਬਲਬੀਰ ਸਿੰਘ ਕੋ ਪ੍ਰੈਜ਼ੀਡੈਂਟ, ਵਿਧਾਇਕ ਹਰਪਾਲ ਸਿੰਘ ਚੀਮਾ ਦਿੜਬਾ, ਵਿਧਾਇਕ ਪਿਰਮਲ ਸਿੰਘ ਭਦੌੜ, ਗੁਰਦਿੱਤ ਸਿੰਘ ਸੇਖੋਂ ਆਦਿ ਮੌਜੂਦ ਸਨ।

# ਕੈਨੇਡਾ ਨੇ 'ਅਮਲੀਆਂ' ਦੀਆਂ ਕੀਤੀਆਂ ਮੌਜਾਂ

### ਭੰਗ-ਸੁੱਖਾ ਕੀਤਾ ਆਮ



ਓਟਾਵਾ : ਕੈਨੇਡਾ ਦੀ ਸੰਸਦ ਨੇ ਇਤਿਹਾਸਕ ਬਿੱਲ ਪਾਸ ਕਰਦਿਆਂ ਪੂਰੇ ਦੇਸ਼ ਵਿੱਚ ਮਾਰੀਜੁਆਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੈਨੇਡਾ ਦੁਨੀਆ ਦਾ ਦੂਜਾ ਦੇਸ਼ ਬਣਿਆ ਹੈ ਜਿਸ ਨੇ ਭੰਗ ਜਾਂ ਸੁੱਖੇ ਦੇ ਰੂਪ ਵਿੱਚ ਵਰਤੇ ਜਾਣ ਵਾਲੇ ਨਸ਼ੇ ਮਾਰੀਜੁਆਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੈਨੇਡਾ ਵਾਸੀ ਹੁਣ ਭੰਗ ਦੇ ਬੂਟਿਆਂ ਨੂੰ ਕਾਨੂੰਨੀ ਤੌਰ 'ਤੇ ਉਗਾ ਸਕਣਗੇ ਤੇ ਵਰਤ ਸਕਣਗੇ। ਸੈਨੇਟ ਨੇ 52-29 ਵੋਟਾਂ ਦੇ ਫਰਕ ਨਾਲ ਮਾਰੀਜੁਆਨਾ ਨੂੰ ਪ੍ਰਵਾਨਗੀ ਦੇਣ ਦੇ ਪੱਖ ਵਿੱਚ ਫੈਸਲਾ ਦੇ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਕੈਨੇਡੀਅਨ ਲੋਕ ਭੰਗ ਜਾਂ ਸੁੱਖੇ ਦਾ 'ਸੁਆਦ' ਇਸ ਸਤੰਬਰ ਤੋਂ ਲੈ ਸਕਣਗੇ। ਪੂਰੀ ਦੁਨੀਆ ਵਿੱਚ ਦੱਖਣੀ ਅਮਰੀਕਾ ਦੇ ਦੇਸ਼ ਦਸੰਬਰ 2013 ਵਿੱਚ ਯੁਰੂਗੁਆਏ ਵੱਲੋਂ ਵਿਕਰੀ ਲਈ ਹਰੀ ਝੰਡੀ ਦਿੱਤੇ ਜਾਣ ਤੋਂ ਬਾਅਦ ਕੈਨੇਡਾ ਦੂਜਾ ਮੁਲਕ ਹੈ ਜਿਸ ਨੇ ਮਾਰੀਜੁਆਨਾ ਨੂੰ ਕਾਨੂੰਨੀ ਰੂਪ ਵਿੱਚ ਮਨਜ਼ੂਰੀ ਦਿੱਤੀ ਹੈ। ਹਾਲਾਂਕਿ, ਅਮਰੀਕਾ ਦੇ 30 ਸੂਬੇ ਅਜਿਹੇ ਹਨ ਜਿੱਥੇ ਮੈਡੀਕਲ ਖੇਤਰ 'ਚ ਮਾਰੀਜੁਆਨਾ ਵਰਤਿਆ ਜਾਂਦਾ ਹੈ। ਕੈਨੇਡਾ ਸਰਕਾਰ ਦੇ ਇਸ ਫੈਸਲੇ ਨਾਲ ਹੁਣ ਕੋਈ ਵੀ 30 ਗ੍ਰਾਮ ਤਕ ਦਾ ਮਾਰੀਜੁਆਨਾ ਜਨਤਕ ਖੇਤਰ 'ਤੇ ਆਪਣੇ ਕੋਲ ਰੱਖ ਸਕਦਾ ਹੈ। ਘਰ ਵਿੱਚ ਚਾਰ ਬੂਟੇ ਲਾਉਣ ਦੀ ਖੁੱਲ੍ਹ ਹੋਵੇਗੀ ਤੇ ਇਸ ਨੂੰ ਨਿਜੀ ਵਰਤੋਂ ਵਿੱਚ ਲਿਆਂਦਾ ਜਾਵੇਗਾ। ਸਰਕਾਰ ਮੁਤਾਬਕ ਮਾਰੀਜੁਆਨਾ ਦੀ ਖਰੀਦੋ-ਫਰੋਖ਼ਤ ਲਈ ਸਖ਼ਤ ਨਿਯਮ ਲਾਗੂ ਰਹਿਣਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਵਿੱਟਰ 'ਤੇ ਇਸ ਬਿਲ ਦੀ ਸ਼ਲਾਘਾ ਕੀਤੀ ਤੇ ਇਸ ਨੂੰ ਕੈਨੇਡਾ ਦੇ ਨੌਜਵਾਨ ਪੱਖੀ ਕਰਾਰ ਦਿੱਤਾ। ਸਰਕਾਰ ਨੂੰ ਆਸ ਹੈ ਕਿ ਆਉਣ ਵਾਲੇ ਅੱਠ ਤੋਂ ਬਾਰਾਂ ਮਹੀਨਿਆਂ ਦੌਰਾਨ ਸੂਬਿਆਂ ਤੋਂ ਲੈ ਕੇ ਨਗਰ ਨਿਗਮ ਪ੍ਰਸ਼ਾਸਨ ਮਾਰੀਜੁਆਨਾ ਵਿਕਰੀ ਕੇਂਦਰਾਂ ਦੀ ਸਥਾਪਨਾ ਕਰ ਲੈਣਗੇ।

# ਹੁਣ ਭਾਰਤ 'ਚ ਬਣੇਗਾ ਵੱਖਰਾ 'ਗਊ ਮੰਤਰਾਲਾ' ?

ਭੋਪਾਲ: ਮੱਧ ਪ੍ਰਦੇਸ਼ ਸਰਕਾਰ ਤੋਂ ਦਰਜਾ ਪ੍ਰਾਪਤ ਕੈਬਨਿਟ ਮੰਤਰੀ ਅਖਿਲੇਸ਼ਵਰਾਨੰਦ ਨੇ ਗਊ ਸੇਵਾ ਸਬੰਧੀ ਬੀਜੇਪੀ ਲੀਡਰਾਂ ਦੀਆਂ ਵੱਖ-ਵੱਖ ਮੰਗਾਂ ਬਾਰੇ ਕਿਹਾ ਹੈ ਕਿ ਸੂਬੇ ਵਿੱਚ 'ਗਊ ਮੰਤਰਾਲਾ' ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਖ਼ੁਦ ਵੀ ਕਿਸਾਨ ਹਨ ਤੇ ਉਨ੍ਹਾਂ ਵਰਗੇ ਕਈ ਹੋਰ ਲੋਕ ਵੀ ਉਨ੍ਹਾਂ ਦੀ ਮਦਦ ਕਰਨਗੇ। ਉਨ੍ਹਾਂ ਕਿਹਾ ਕਿ ਇਸ ਲਈ ਉਨ੍ਹਾਂ ਨੂੰ ਕਈ ਲੋਕਾਂ ਦਾ ਸਮਰਥਨ ਵੀ ਹਾਸਲ ਹੈ। ਮਹਾਂਮੰਡਲੇਸ਼ਵਰ ਸਵਾਮੀ ਅਖਿਲੇਸ਼ਵਰਾਨੰਦ ਗਿਰੀ ਮੱਧ ਪ੍ਰਦੇਸ਼ ਗੌਪਾਲਨ ਤੇ ਪਸ਼ੂਧਨ ਪ੍ਰੋਮੋਸ਼ਨ ਬੋਰਡ ਚੇਅਰਮੈਨ ਹਨ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕੁਝ ਮਹੀਨੇ ਪਹਿਲਾਂ ਰਾਜ ਮੰਤਰੀ ਤੋਂ ਤਰੱਕੀ ਕਰਕੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਦਾ ਦਰਜਾ ਦਿੱਤਾ ਸੀ। ਅਖਿਲੇਸ਼ਵਰਾਨੰਦ ਆਪਣੇ ਬਿਆਨਾਂ ਕਾਰਨ ਕਈ ਵਾਰ ਸੁਰਖ਼ੀਆਂ ਵਿੱਚ ਰਹਿੰਦੇ ਹਨ। ਉਨ੍ਹਾਂ ਕਿਹਾ ਸੀ ਕਿ ਤੀਜਾ ਵਿਸ਼ਵਯੁੱਧ ਗਊਆਂ ਦੀ ਵਜ੍ਹਾ ਕਾਰਨ ਹੋਏਗਾ। ਮਿੱਥਾਂ ਵਿੱਚ ਵੀ ਇਸ ਦਾ ਜ਼ਿਕਰ ਹੈ ਤੇ 1857 ਵਿੱਚ ਆਜ਼ਾਦੀ ਦੀ ਪਹਿਲੀ ਲੜਾਈ ਵੀ ਗਊ ਕਾਰਨ ਹੀ ਹੋਈ ਸੀ। ਅਖਿਲੇਸ਼ਵਰਾਨੰਦ ਗਊ ਸੇਵਾ 'ਚ ਜੁਟੇ ਹੋਏ ਹਨ। ਪਿਛਲੇ ਦਿਨੀਂ ਹੀ ਉਨ੍ਹਾਂ ਕਿਹਾ ਸੀ ਕਿ ਸੂਬੇ ਵਿੱਚ ਬੇਸਹਾਰਾ ਗਊਆਂ ਦੀ ਸੁਰੱਖਿਆ ਤੇ ਗਊਸ਼ਾਲਾਵਾਂ ਨੂੰ ਆਤਮ ਨਿਰਭਰ ਬਣਾਉਣ ਦੇ ਯਤਨ ਜਾਰੀ ਹਨ। ਸੂਬੇ ਵਿੱਚ ਮੌਜੂਦਾ 545 ਗਊਸ਼ਾਲਾਵਾਂ ਚੱਲ ਰਹੀਆਂ ਹਨ। ਇਨ੍ਹਾਂ ਵਿੱਚੋਂ 56 'ਤੇ ਖੋਜ ਕਾਰਜ ਵੀ ਚੱਲ ਰਹੇ ਹਨ।

# ਪੀੜਤਾਂ ਦੇ ਹੱਕ ਵਿੱਚ ਡਟੀਆਂ ਪੀੜਤ ਪਤਨੀਆਂ
# ਧੋਖੇਬਾਜ਼ ਐਨ.ਆਰ.ਆਈ. ਪਤੀਆਂ ਦੇ ਪਾਸਪੋਰਟ ਕਰਵਾਏ ਮੁਲਤਵੀ




ਚੰਡੀਗੜ੍ਹ – ਪਿਛਲੇ ਸਾਲ ਤੱਕ ਆਪਣੇ ਪਰਵਾਸੀ (ਐੱਨ.ਆਰ.ਆਈ.) ਪਤੀਆਂ ਦੁਆਰਾ ਉਜਾੜੀਆਂ ਇਹ ਔਰਤਾਂ ਦੁਖੀ ਸਨ, ਸਿਰਫ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਦਾ ਸਾਥ ਦਿੱਤਾ। ਫਿਰ ਉਨ੍ਹਾਂ ਨੇ ਇੱਕ ਦੂਜੇ ਨੂੰ ਲੱਭ ਲਿਆ ਕਿਉਂਕਿ ਇਨ੍ਹਾਂ ਔਰਤਾਂ 'ਚ ਇੱਕ ਗੱਲ ਸਾਂਝੀ ਸੀ, ਉਹ ਸੀ ਉਨ੍ਹਾਂ ਨਾਲ ਹੋਇਆ ਧੋਖਾ।

ਪਿਛਲੇ ਹਫਤੇ ਇਨ੍ਹਾਂ ਲਈ ਚੰਗੀ ਖ਼ਬਰ ਆਈ ਜਦੋਂ ਖੇਤਰੀ ਪਾਸਪੋਰਟ ਦਫਤਰ (ਆਰ ਪੀ ਓ), ਚੰਡੀਗੜ੍ਹ ਨੇ ਇਨ੍ਹਾਂ ਦੇ 14 ਐੱਨ.ਆਰ. ਆਈਜ਼ ਪਤੀਆਂ ਦਾ ਪਾਸਪੋਰਟ ਮੁਲਤਵੀ ਕਰ ਦਿੱਤਾ। ਇਹ ਔਰਤਾਂ ਹੁਣ ਆਰ ਪੀ ਓ 'ਤੇ ਟਾਸਕ ਫੋਰਸ ਗਰੁੱਪ ਚਲਾ ਰਹੀਆਂ ਹਨ। ਕਮਰੇ ਫਾਈਲਾਂ ਨਾਲ ਭਰੇ ਹੋਏ ਹਨ ਜੋ ਵਿਸ਼ਵਾਸਘਾਤ ਦੀਆਂ ਕਹਾਣੀਆਂ ਅਤੇ ਟੁੱਟਣ ਵਾਲੇ ਸੁਪਨਿਆਂ ਦੀ ਕਹਾਣੀ ਬਿਆਨ ਕਰਦੇ ਹਨ।

ਪਰ ਆਪਣੇ ਇੱਕ ਕਮਰੇ ਦੇ ਦਫਤਰ ਤੋਂ ਕੰਮ ਕਰਦੇ ਹੋਏ, ਇਹ ਔਰਤਾਂ ਹੋਰਾਂ ਨੂੰ ਨਵੀਂ ਆਸ ਦੇ ਰਹੀਆਂ ਹਨ। ਰੂਪਾਲੀ ਗੁਪਤਾ ਇੱਕ ਫੋਨ ਕਰਨ ਵਾਲੇ ਨੂੰ ਉਸ ਦੇ ਫਰਾਰ ਹੋਏ ਪਤੀ ਦੇ ਖਿਲਾਫ ਜਾਇਜ਼ ਮਾਮਲਾ ਬਣਾਉਣ ਲਈ ਲੋੜੀਂਦੇ ਦਸਤਾਵੇਜ਼ਾਂ ਬਾਰੇ ਦੱਸਦੇ ਹੋਈ ਕਹਿੰਦੀ ਹੈ ਕਿ ਅਸੀਂ ਉਨ੍ਹਾਂ ਕੁੜੀਆਂ ਦੀ ਮਦਦ ਕਰ ਰਹੀਆਂ ਹਾਂ ਜੋ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਸਾਡੀ ਮਦਦ ਮੰਗਦੀਆਂ ਹਨ।"

**ਰਾਜ ਫੰਡ ਦੀ ਜ਼ਰੂਰਤ :**

ਜਸਟਿਸ ਗਰਗ ਦਾ ਕਹਿਣਾ ਹੈ ਕਿ ਐੱਨ.ਆਰ.ਆਈਜ਼ ਲਈ ਕੌਮੀ ਕਮਿਸ਼ਨ ਹੋਣਾ ਚਾਹੀਦਾ ਹੈ। ਅਜਿਹਿਆਂ ਔਰਤਾਂ ਦੇ ਮੁੜ ਵਸੇਬੇ ਲਈ ਰਾਜ ਫੰਡ ਹੋਣਾ ਚਾਹੀਦਾ ਹੈ।

**ਏਕਤਾ 'ਚ ਤਾਕਤ :**

ਬਠਿੰਡਾ ਦੀ ਰੂਪਾਲੀ ਇੱਕ ਕੰਪਿਊਟਰ ਇੰਜਨੀਅਰ ਹੈ। ਜਿਸ ਨੇ ਸਭ ਤੋਂ ਪਹਿਲਾਂ ਇਸ ਮੁੱਦੇ ਬਾਰੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਟਵਿੱਟਰ ਤੇ ਮੈਸੇਜ ਟਵੀਟ ਕੀਤਾ ਸੀ। ਉਸਦੇ ਮਾਤਾ-ਪਿਤਾ ਨੇ ਇੱਕ ਵਿਆਹ ਦੇ ਵਿਗਿਆਪਨ ਨੂੰ ਵੇਖਕੇ 28 ਸਤੰਬਰ 2017 ਨੂੰ ਸਰੀ ਦੇ ਤਿਰਲੋਚਨ ਗੋਇਲ ਨਾਲ ਰੂਪਾਲੀ ਦਾ ਵਿਆਹ ਕਰ ਦਿੱਤਾ। ਤਿੰਨ ਮਹੀਨਿਆਂ ਬਾਅਦ ਗਰਭਵਤੀ ਰੁਪਾਲੀ ਨੂੰ ਪਤਾ ਲੱਗਿਆ ਕਿ ਉਹ ਪਹਿਲਾਂ ਹੀ ਵਿਆਹੇ ਹੋਏ ਸਨ। ਗੋਇਲ ਉਨ੍ਹਾਂ ਦੇ ਵਿਆਹ ਦੇ ਤੋਹ.ਫੇ ਲੈ ਕੇ ਫਰਾਰ ਹੋ ਗਿਆ। ਪਿਛਲੇ ਹਫਤੇ ਉਸ ਦਾ ਪਾਸਪੋਰਟ ਜ਼ਬਤ ਕੀਤਾ ਗਿਆ।

ਖੇਤਰੀ ਪਾਸਪੋਰਟ ਅਫਸਰ ਸਿਸਾਬ ਕਬੀਰਰਾਜ ਨੇ ਕਿਹਾ ਕਿ "ਪਾਸਪੋਰਟ ਦੇ ਮੁਲਤਵੀ ਕੀਤੇ ਜਾਣ ਨਾਲ ਇਨ੍ਹਾਂ ਐਨਆਰਆਈ ਪਤੀਆਂ ਦਾ ਵੀਜ਼ਾ ਰੱਦ ਹੋ ਜਾਵੇਗਾ। ਇਹ ਕਿਸੇ ਵਿਦੇਸ਼ੀ ਦੇਸ਼ 'ਚ ਠਹਿਰਣ ਦੇ ਸਾਰੇ ਕਾਨੂੰਨੀ ਅਧਾਰ ਗਵਾ ਦੇਣਗੇ ਤੇ ਭਾਰਤੀ ਦੂਤਾਵਾਸਾਂ ਦੇ ਦਖਲ ਨਾਲ ਉਨ੍ਹਾਂ ਨੂੰ ਭਾਰਤ ਵਾਪਸ ਆਉਣ ਦਾ ਇਕ ਮੌਕਾ ਮਿਲੇਗਾ। ਰੂਪਾਲੀ ਤੋਂ ਪ੍ਰੇਰਿਤ ਹੋ ਕੇ ਹੋਰ ਔਰਤਾਂ ਨੇ ਦੋਵਾਂ ਮੰਤਰੀਆਂ ਅਤੇ ਔਰਤਾਂ ਲਈ ਕਮਿਸ਼ਨ ਨੂੰ ਆਪਣੀਆਂ ਮੁਸੀਬਤਾਂ ਬਾਰੇ ਟਵੀਟ ਕਰਨਾ ਸ਼ੁਰੂ ਕਰ ਦਿੱਤਾ। 25 ਦਸੰਬਰ, 2017 ਨੂੰ ਉਹਨਾਂ ਨੇ ਇੱਕ-ਦੂਜੇ ਨਾਲ ਨੰਬਰ ਸਾਂਝੇ ਕੀਤੇ। ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਤੋਂ ਰਿਤੂ ਸ਼ਰਮਾ ਅਤੇ ਪੁਣੇ ਤੋਂ ਸੁਮੇਰਾ ਪਾਰਕਰ ਨੇ ਮੁਲਾਕਾਤ ਕੀਤੀ। ਜਦੋਂ ਕਿ ਖਰੜ ਦੀ ਯਸਮੀਨ ਕੌਰ, ਬੁਢਲਾਡਾ ਤੋਂ ਅੰਮ੍ਰਿਤ ਪਾਲ ਕੌਰ ਅਤੇ ਕੈਥਲ ਵਿੱਚ ਮੁੰਦਰੀ ਤੋਂ ਗੀਨਾ ਚੌਹਾਨ ਐਨ.ਆਰ.ਆਈਜ਼, ਪੰਜਾਬ ਦੇ ਰਾਜ ਕਮਿਸ਼ਨ 'ਚ ਮਿਲਿਆ।

**ਇਕੱਠੇ ਹੋਣਾ ਸਾਡੀ ਤਾਕਤ**

ਰਿਤੂ ਸ਼ਰਮਾ ਨੇ ਕਿਹਾ, "ਹਾਲਾਂਕਿ ਟਵੀਟ ਕਰਨ ਨਾਲ ਕੋਈ ਕਾਰਵਾਈ ਨਹੀਂ ਹੋਈ ਅਤੇ ਸਗੋਂ ਲੋਕਾਂ ਨੇ ਪ੍ਰਵਾਸੀ ਭਾਰਤੀਆਂ ਨਾਲ ਵਿਆਹ ਕਰਾਉਣ ਲਈ ਸਾਨੂੰ ਝਿੜਕਿਆ, ਫਿਰ ਅਸੀਂ ਇੱਕਠਿਆਂ ਆ ਗਈਆਂ।" ਉਨ੍ਹਾਂ ਨੇ ਆਪਣੇ 60 ਮੈਂਬਰੀ ਸਮੂਹ ਦਾ ਨਾਂ Together We Can ਰੱਖਿਆ।

ਐੱਮ ਐੱਸ ਸੀ ਕਰ ਚੁੱਕੀ ਅੰਮ੍ਰਿਤ ਪਾਲ ਕੌਰ ਨੇ ਅਕਤੂਬਰ 2013 'ਚ ਇੱਕ ਆਸਟਰੇਲੀਆਈ ਨਾਗਰਿਕ ਕੁਲਪ੍ਰੀਤ ਸਿੰਘ ਨਾਲ ਵਿਆਹ ਕਰਵਾਇਆ। ਜੋ ਪਹਿਲਾਂ ਹੀ ਤਿੰਨ ਵਿਆਹ ਕਰਾ ਚੁੱਕਿਆ ਸੀ. ਉਸਨੇ ਇੱਕ ਹ.ਫਤੇ ਦੇ ਬਾਅਦ ਅੰਮ੍ਰਿਤ ਪਾਲ ਨੂੰ ਛੱਡ ਦਿੱਤਾ। ਇੱਕ ਸਾਲ ਬਾਅਦ ਤਲਾਕ ਦੇ ਕਾਗਜ਼ ਭੇਜ ਦਿੱਤੇ। ਮਈ ਵਿੱਚ ਔਰਤਾਂ ਦੀ ਮੁਲਾਕਾਤ ਹੋਈ ਅਤੇ ਉਨ੍ਹਾਂ ਨੇ ਆਪਣੇ ਪਤੀਆਂ ਦੇ ਪਾਸਪੋਰਟਾਂ ਨੂੰ ਮੁਲਤਵੀ ਕਰਨ ਦੀ ਬੇਨਤੀ ਕਰਨ ਲਈ ਕਬੀਰ ਜੀ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਨਾ ਸਿਰਫ ਆਪਣੇ ਲਈ ਸਗੋਂ ਹੋਰ ਘੱਟ ਪੜ੍ਹੀਆਂ-ਲਿਖੀਆਂ ਔਰਤਾਂ ਨੂੰ ਇਨਸਾਫ ਦਿਵਾਉਣ ਲਈ ਲਈ ਕੰਮ ਕਰਨ ਦਾ ਫੈਸਲਾ ਕੀਤਾ। 14 ਪਾਸਪੋਰਟਾਂ ਨੂੰ ਮੁਅੱਤਲ ਕਰਨ ਦੇ ਆਰ.ਪੀ.ਓ. ਦੇ ਫੈਸਲੇ ਨੇ ਔਰਤਾਂ ਨੂੰ ਉਤਸ਼ਾਹਿਤ ਕੀਤਾ। ਉਹ ਐੱਨ.ਆਰ.ਆਈ ਕਮਿਸ਼ਨ ਦੇ ਚੇਅਰਮੈਨ ਜਸਟਿਸ ਰਾਕੇਸ਼ ਕੁਮਾਰ ਗਰਗ (ਸੇਵਾ ਮੁਕਤ) ਦੀਆਂ ਸ਼ੁਕਰਗੁਜ਼ਾਰ ਹਨ। ਜਿਨ੍ਹਾਂ ਨੇ ਭਗੌੜੇ ਪਤੀਆਂ ਦੇ ਖਿਲਾਫ ਐੱਫ.ਆਈ.ਆਰਜ਼ ਦਰਜ ਕਰਨ ਲਈ ਪੁਲਿਸ ਨੂੰ ਨਿਰਦੇਸ਼ ਦਿੱਤੇ।

**ਅਜਿਹੇ ਵਿਆਹ ਰਜਿਸਟਰ ਕਰੋ :**

ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਕਿਹਾ ਕਿ ਉਹ ਅਜਿਹੇ ਮਾਮਲਿਆਂ 'ਚ ਕਾਰਵਾਈ ਨਾ ਕਰਨ ਵਾਲੇ ਪੰਜਾਬ ਪੁਲਿਸ ਦੇ ਅਫਸਰਾਂ ਵਿਰੁੱਧ ਕਾਰਵਾਈ ਦੀ ਮੰਗ ਕਰਨਗੇ। ਗੁਲਾਟੀ ਦਾ ਕਹਿਣਾ ਹੈ ਕਿ ਉਹ ਕੈਨੇਡਾ, ਅਮਰੀਕਾ, ਬਰਤਾਨੀਆ, ਆਸਟ੍ਰੇਲੀਆ, ਇਟਲੀ ਅਤੇ ਜਰਮਨੀ ਦੇ ਰਾਜਦੂਤ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਰਹਿ ਰਹੇ ਲੋਕਾਂ ਦੇ ਪਾਸਪੋਰਟ ਮੁਲਤਵੀ ਹੋਣ ਬਾਰੇ ਜਾਣੂ ਕਰਾਉਣ ਦੀ ਯੋਜਨਾ ਬਣਾ ਰਹੇ ਹਨ ਤਾਂ ਜੋ ਸਰਕਾਰਾਂ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਦੇਸ਼ ਨਿਕਾਲਾ ਦੇ ਸਕਣ। ਗੁਲਾਟੀ ਕਹਿੰਦੀ ਹੈ, "2013 'ਚ ਇਕ ਕਾਨੂੰਨ ਮੁਤਾਬਕ ਐੱਨ.ਆਰ.ਆਈਜ਼ ਨਾਲ ਵਿਆਹ ਕਰਾਉਣ ਵਾਲੀਆਂ ਔਰਤਾਂ ਨੂੰ ਕਮਿਸ਼ਨ ਨਾਲ ਆਪਣੇ ਵਿਆਹ ਨੂੰ ਰਜਿਸਟਰ ਕਰਾਉਣਾ ਪੈਂਦਾ ਹੈ, ਪਰ ਹੁਣ ਤੱਕ ਸਾਡੇ ਕੋਲ ਸਿਰਫ ਇਕ ਜੋੜੇ ਨੇ ਹੀ ਅਜਿਹਾ ਕਰਾਇਆ ਹੈ, ਇਸ ਮੁੱਦੇ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਯੋਜਨਾ ਹੈ।"

# ਅਮਰੀਕਾ 'ਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋ ਰਹੇ 100 ਪੰਜਾਬੀ ਗ੍ਰਿਫਤਾਰ



ਵਾਸ਼ਿੰਗਟਨ : ਅਮਰੀਕਾ ਵਿਚ ਭਾਰਤੀ ਮਿਸ਼ਨ ਨੇ 2 ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਨਾਲ ਸੰਪਰਕ ਕੀਤਾ ਹੈ, ਜਿੱਥੇ ਕਰੀਬ 100 ਭਾਰਤੀ ਬੰਦ ਹਨ। ਇਨ੍ਹਾਂ ਵਿਚ ਜ਼ਿਆਦਾਤਰ ਪੰਜਾਬ ਤੋਂ ਹਨ, ਜਿਨ੍ਹਾਂ ਨੂੰ ਦੇਸ਼ ਦੀ ਦੱਖਣੀ ਸਰਹੱਦ ਤੋਂ ਗੈਰ-ਕਾਨੂੰਨੀ ਢੰਗ ਨਾਲ ਪ੍ਰਵੇਸ਼ ਕਰਨ ਕਾਰਨ ਹਿਰਾਸਤ ਵਿਚ ਲਿਆ ਗਿਆ ਸੀ। ਅਧਿਕਾਰੀਆਂ ਮੁਤਾਬਕ ਅਮਰੀਕਾ ਦੇ ਨਿਊ ਮੈਕਸੀਕੋ ਸੂਬੇ ਵਿਚ ਸਥਿਤ ਸੰਘੀ ਹਿਰਾਸਤ ਕੇਂਦਰ ਵਿਚ 40 ਤੋਂ 45 ਭਾਰਤੀ ਬੰਦ ਹਨ, ਜਦੋਂ ਕਿ ਓਰੇਗਨ ਦੇ ਹਿਰਾਸਤ ਕੇਂਦਰ ਵਿਚ 52 ਭਾਰਤੀ ਬੰਦ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਸਿੱਖ ਅਤੇ ਈਸਾਈ ਹਨ। ਭਾਰਤੀ ਦੂਤਘਰ ਨੇ ਇਕ ਬਿਆਨ ਵਿਚ ਦੱਸਿਆ ਕਿ ਉਸ ਨੇ ਦੋਵਾਂ ਹਿਰਾਸਤ ਕੇਂਦਰਾਂ ਨਾਲ ਸੰਪਰਕ ਕੀਤਾ ਹੈ। ਬਿਆਨ ਵਿਚ ਕਿਹਾ ਗਿਆ, 'ਵਣਜ ਦੂਤਘਰ ਦੇ ਅਧਿਕਾਰੀ ਓਰੇਗਨ ਦੇ ਹਿਰਾਸਤ ਕੇਂਦਰ ਦੇ ਦੌਰੇ 'ਤੇ ਗਏ ਸਨ, ਜਦੋਂ ਕਿ ਦੂਜੇ ਨਿਊ ਮੈਕਸੀਕੋ ਦੇ ਹਿਰਾਸਤ ਕੇਂਦਰ ਦੇ ਦੌਰੇ 'ਤੇ ਜਾਣਗੇ। ਅਸੀਂ ਹਾਲਾਤ 'ਤੇ ਨਜ਼ਰ ਰੱਖ ਰਹੇ ਹਾਂ।' ਇਨ੍ਹਾਂ ਵਿਚ 12 ਤੋਂ ਵਧ ਲੋਕ ਨਿਊ ਮੈਕਸੀਕੋ ਦੇ ਕੇਂਦਰ ਵਿਚ ਕਈ ਮਹੀਨਿਆਂ ਤੋਂ ਬੰਦ ਹਨ। ਬਾਕੀ ਭਾਰਤੀਆਂ ਨੂੰ ਇੱਥੇ ਲੱਗਭਗ ਇਕ ਹਫਤਾ ਪਹਿਲਾਂ ਲਿਆਇਆ ਗਿਆ ਸੀ। ਇਨ੍ਹਾਂ ਕੇਂਦਰਾਂ ਵਿਚ ਬੰਦ ਜ਼ਿਆਦਾਤਰ ਲੋਕ ਸ਼ਰਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਗ੍ਰਹਿ ਦੇਸ਼ ਵਿਚ 'ਹਿੰਸਾ ਜਾਂ ਅੱਤਿਆਚਾਰ' ਦਾ ਸਾਹਮਣਾ ਕਰਨਾ ਪਿਆ ਹੈ। ਉੱਤਰੀ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਪ੍ਰਧਾਨ ਸਤਨਾਮ ਸਿੰਘ ਚਾਹਲ ਦਾ ਮੰਨਣਾ ਹੈ ਕਿ ਹਜ਼ਾਰਾਂ ਭਾਰਤੀ ਅਮਰੀਕਾ ਦੀਆਂ ਜੇਲਾਂ ਵਿਚ ਬੰਦ ਹਨ। ਇਨ੍ਹਾਂ ਵਿਚੋਂ ਹਜ਼ਾਰਾਂ ਲੋਕ ਇਕੱਲੇ ਪੰਜਾਬ ਤੋਂ ਹੀ ਹਨ। ਨਾਪਾ ਨੇ ਸਾਲ 2013, 2014 ਅਤੇ 2015 ਦਰਮਿਆਨ ਫ੍ਰੀਡਮ ਆਫ ਇਨਫਾਰਮੇਸ਼ਨ ਐਕਟ (ਐੱਫ.ਓ.ਆਈ.ਏ.) ਦੇ ਤਹਿਤ ਪ੍ਰਾਪਤ ਸੂਚਨਾ ਦੇ ਆਧਾਰ 'ਤੇ ਦੱਸਿਆ ਕਿ ਅਮਰੀਕੀ ਸਰਹੱਦ 'ਤੇ 27,000 ਤੋਂ ਵਧ ਭਾਰਤੀਆਂ ਨੂੰ ਫੜਿਆ ਗਿਆ ਹੈ। ਇਨ੍ਹਾਂ ਵਿਚ 4000 ਔਰਤਾਂ ਅਤੇ 350 ਬੱਚੇ ਹਨ। ਇਸ ਕਾਨੂੰਨ ਤਹਿਤ ਸਾਲ 2015 ਵਿਚ ਪ੍ਰਾਪਤ ਸੂਚਨਾ ਮੁਤਾਬਕ ਦੇਸ਼ ਵਿਚ ਗੈਰ-ਕਾਨੂੰਨੀ ਰੂਪ ਨਾਲ ਰਹਿਣ ਦੇ ਦੋਸ਼ ਵਿਚ 900 ਤੋਂ ਵਧ ਭਾਰਤੀ ਵੱਖ-ਵੱਖ ਸੰਘੀ ਅਦਾਲਤਾਂ ਵਿਚ ਬੰਦ ਹਨ। ਚਾਹਲ ਨੇ ਦੋਸ਼ ਲਗਾਇਆ ਹੈ ਕਿ ਪੰਜਾਬ ਵਿਚ ਮਨੁੱਖੀ ਤਸਕਰਾਂ, ਅਧਿਕਾਰੀਆਂ ਅਤੇ ਰਾਜਨੇਤਾਵਾਂ ਦਾ ਗਠਜੋੜ ਹੈ, ਜੋ ਨੌਜਵਾਨ ਪੰਜਾਬੀਆਂ ਨੂੰ ਉਕਸਾਉਂਦੇ ਹਨ ਕਿ ਉਹ ਆਪਣਾ ਘਰ-ਬਾਰ ਛੱਡ ਕੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਜਾਣ। ਇਸ ਲਈ ਉਹ ਪ੍ਰਤੀ ਵਿਅਕਤੀ 35 ਤੋਂ 50 ਲੱਖ ਰੁਪਏ ਵਸੂਲਦੇ ਹਨ। ਉਨ੍ਹਾਂ ਨੇ ਪੰਜਾਬ ਸਕਰਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਮਨੁੱਖੀ ਤਸਕਰੀ ਕਾਨੂੰਨ ਨੂੰ ਸਖਤਾਈ ਨਾਲ ਲਾਗੂ ਕਰਨ। ਇਮੀਗ੍ਰੇਸ਼ਨ ਦੇ ਮਾਮਲੇ ਦੇਖਣ ਵਾਲੀ ਵਕੀਲ ਅਕਾਂਕਸ਼ਾ ਕਾਲਰਾ ਮੁਤਾਬਕ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਪ੍ਰਵੇਸ਼ ਕਰਨ ਵਾਲੇ ਭਾਰਤੀਆਂ ਵਿਚ ਸਭ ਤੋਂ ਵਧ ਪੰਜਾਬ ਅਤੇ ਗੁਜਰਾਤ ਤੋਂ ਹੁੰਦੇ ਹਨ। ਉਥੇ ਇਸ ਮਾਮਲੇ ਦੇ ਧਿਆਨ ਵਿਚ ਆਉਂਦੇ ਹੀ ਹਰਸਿਮਰਤ ਬਾਦਲ ਨੇ ਇਸ ਘਟਨਾ ਬਾਰੇ ਕਿਹਾ ਕਿ ਇਹ ਬਹੁਤ ਹੀ ਮੰਦਭਾਗਾ ਹੈ ਕਿ 52 ਭਾਰਤੀ ਪੋਰਟਲੈਂਡ, ਓਰੇਗਨ (ਅਮਰੀਕਾ) ਦੀ ਫੈਡਰਲ ਜੇਲ ਵਿਚ ਬੰਦ ਹਨ। ਮੈਂ ਜਨਰਲ ਵੀ.ਕੇ. ਸਿੰਘ ਨਾਲ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਨੇ ਮੈਨੂੰ ਭਰੋਸਾ ਦਿੱਤਾ ਹੈ ਕਿ ਸਾਨ ਫਰਾਂਸਿਸਕੋ ਵਿਚ ਭਾਰਤ ਦੇ ਵਣਜ ਦੂਤ ਅਮਰੀਕਾ ਵਿਚ ਹਿਰਾਸਤ ਵਿਚ ਰੱਖੇ ਭਾਰਤੀਆਂ ਤੱਕ ਪਹੁੰਚ ਕਰਨ ਲਈ ਕੰਮ ਕਰ ਰਹੇ ਹਨ।

# ਪਾਕਿਸਤਾਨ ਅਤੇ 'ਟਰੰਪ' ਕਾਰਡ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਵੇਂ ਸਾਲ ਦਾ ਆਗਾਜ਼ ਪਾਕਿਸਤਾਨ ਨੂੰ ਦਬਕਾ ਮਾਰ ਕੇ ਕੀਤਾ ਹੈ। ਇਹੀ ਨਹੀਂ, ਪਾਕਿਸਤਾਨ ਨੂੰ ਅਮਰੀਕਾ ਤੋਂ ਮਿਲ ਰਹੀ ਆਰਥਕ ਸਹਾਇਤਾ ਬੰਦ ਕਰਨ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਹੈ ਕਿ ਪਾਕਿਸਤਾਨ ਨੇ ਅਮਰੀਕਾ ਨਾਲ ਫਰੇਬ ਕੀਤਾ ਹੈ। ਇਹ ਸ਼ਾਇਦ ਪਹਿਲੀ ਵਾਰ ਹੈ, ਜਦੋਂ ਕਿਸੇ ਅਮਰੀਕੀ ਰਾਸ਼ਟਰਪਤੀ ਨੇ ਪਾਕਿਸਤਾਨ ਉਪਰ ਇਉਂ ਸਿੱਧੇ ਦੋਸ਼ ਲਾਏ ਹਨ। ਟਰੰਪ ਦੇ ਇਸ ਟਵੀਟ ਨਾਲ ਕਈ ਪਾਸਿਓਂ ਪ੍ਰਤੀਕ੍ਰਿਆਵਾਂ ਆਈਆਂ ਹਨ।

ਪਾਕਿਸਤਾਨ ਸਰਕਾਰ ਨੇ ਤਾਂ ਆਪਣਾ ਪੱਖ ਜ਼ਾਹਰ ਕੀਤਾ ਹੀ ਹੈ ਅਤੇ ਕਿਹਾ ਹੈ ਕਿ ਅਮਰੀਕਾ ਨੇ ਸਬੰਧਤ ਰਕਮ ਅਫਗਾਨਿਸਤਾਨ ਵਿਚ ਅਤਿਵਾਦ ਖਿਲਾਫ ਲੜਾਈ ਲਈ ਦਿੱਤੀ ਸੀ, ਜਦਕਿ ਕਈ ਬੁੱਧੀਜੀਵੀਆਂ ਨੇ ਟਰੰਪ ਦੀ ਇਸ ਟਵੀਟ 'ਤੇ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਬੁੱਧੀਜੀਵੀਆਂ ਨੇ ਅੰਕੜੇ ਜਾਰੀ ਕਰਦਿਆਂ ਅਮਰੀਕਾ ਦੇ ਅਫਗਾਨਿਸਤਾਨ ਵਿਚ ਸਿੱਧੇ ਦਖਲ ਦੀ ਚਰਚਾ ਛੇੜੀ ਹੈ। ਇਨ੍ਹਾਂ ਅੰਕੜਿਆਂ ਮੁਤਾਬਕ, ਟਰੰਪ ਨੇ ਜਿਨ੍ਹਾਂ 15 ਵਰ੍ਹਿਆਂ ਦੌਰਾਨ ਪਾਕਿਸਤਾਨ ਨੂੰ 33 ਅਰਬ ਡਾਲਰ ਦੇਣ ਦੀ ਗੱਲ ਕੀਤੀ ਹੈ, ਉਨ੍ਹਾਂ ਹੀ 15 ਵਰ੍ਹਿਆਂ ਦੌਰਾਨ ਅਮਰੀਕਾ ਨੇ ਅਫਗਾਨਿਸਤਾਨ ਨੂੰ ਕਈ ਗੁਣਾਂ ਵੱਧ, ਭਾਵ 110 ਅਰਬ ਡਾਲਰ ਦੀ ਸਹਾਇਤਾ ਦਿੱਤੀ ਹੈ। ਨਾਲ ਇਹ ਖੁਲਾਸਾ ਵੀ ਕੀਤਾ ਹੈ ਕਿ ਅਫਗਾਨਿਸਤਾਨ ਦੀ ਆਬਾਦੀ ਪਾਕਿਸਤਾਨ ਦਾ ਪੰਜਵਾਂ ਕੁ ਹਿੱਸਾ ਹੀ ਬਣਦੀ ਹੈ। ਉਂਜ, ਇਸ ਸਮੁੱਚੇ ਮਸਲੇ ਦੀ ਹਕੀਕਤ ਇਹ ਹੈ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਅਫਗਾਨਿਸਤਾਨ ਵਿਚ ਅਲ-ਕਾਇਦਾ ਖਿਲਾਫ ਲੜਾਈ ਵਿਚ ਜਬਰੀ ਸ਼ਾਮਲ ਕੀਤਾ ਸੀ ਅਤੇ ਅਜਿਹਾ ਕਰਦਿਆਂ ਉਸ ਨੂੰ ਡਾਢਾ ਮਜਬੂਰ ਕੀਤਾ ਗਿਆ ਸੀ। ਇਹ ਗੱਲ ਵੱਖਰੀ ਹੈ ਕਿ ਅਜਿਹਾ ਕਰਨ ਦਾ ਪਾਕਿਸਤਾਨ ਨੂੰ ਖਮਿਆਜ਼ਾ ਭੁਗਤਣਾ ਪਿਆ। ਇਰਾਕ ਤੋਂ ਬਾਅਦ ਜੇ ਕਿਸੇ ਮੁਲਕ ਵਿਚ ਅਤਿਵਾਦੀ ਹਮਲਿਆਂ ਵਿਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ ਤਾਂ ਉਹ ਪਾਕਿਸਤਾਨ ਹੀ ਹੈ। ਇਹ ਗੱਲ ਹਰ ਅਮਰੀਕੀ ਅਤੇ ਸੰਸਾਰ ਦੇ ਹੋਰ ਮੁਲਕਾਂ ਦੇ ਲੋਕ ਵੀ ਜਾਣਦੇ ਹਨ। ਅਮਰੀਕਾ ਨੇ ਪਾਕਿਸਤਾਨ ਨੂੰ ਜਿਹੜੀ ਮਦਦ ਦਿੱਤੀ ਹੈ, ਉਸ ਦੇ ਬਦਲੇ ਇਸ ਨੇ ਪਾਕਿਸਤਾਨ ਦੀ ਪ੍ਰਭੂਸੱਤਾ ਨੂੰ ਵੀ ਦਾਅ ਉਤੇ ਲਾਈ ਰੱਖਿਆ ਹੈ ਅਤੇ ਇਸ ਮਾਮਲੇ ਵਿਚ ਕਸੂਤਾ ਫਸਿਆ ਪਾਕਿਸਤਾਨ ਕੁਝ ਵੀ ਨਾ ਕਰ ਸਕਿਆ। ਇਸੇ ਕਰ ਕੇ ਪਾਕਿਸਤਾਨ ਦੇ ਆਵਾਮ ਦਾ ਖਾਸਾ ਹਿੱਸਾ ਅਮਰੀਕਾ ਦੇ ਖਿਲਾਫ ਹੈ ਅਤੇ ਇਸ ਦੀਆਂ ਪਾਕਿਸਤਾਨ ਬਾਰੇ ਨੀਤੀਆਂ ਦਾ ਸਿੱਧਾ ਵਿਰੋਧ ਕਰਦਾ ਰਿਹਾ ਹੈ।

ਅਸਲ ਵਿਚ ਹੁਣ ਸੰਸਾਰ ਦੀ ਸਫਬੰਦੀ ਤੇਜ਼ੀ ਨਾਲ ਬਦਲ ਰਹੀ ਹੈ। ਦੱਖਣੀ ਏਸ਼ੀਆ ਵਿਚ ਅਮਰੀਕਾ ਨੂੰ ਆਪਣੇ ਹਿਤ ਪਾਲਣ ਲਈ ਪਾਕਿਸਤਾਨ ਤੋਂ ਕਿਤੇ ਵੱਧ ਭਰੋਸੇਮੰਦ ਸਾਥੀ, ਭਾਰਤ ਦੇ ਰੂਪ ਵਿਚ ਮਿਲ ਗਿਆ ਹੈ। ਅਮਰੀਕਾ ਦੱਖਣੀ ਏਸ਼ੀਆ ਦੇ ਖਿੱਤੇ ਵਿਚ ਚੀਨ ਦਾ ਅਸਰ ਘਟਾਉਣ ਲਈ ਭਾਰਤ ਨੂੰ ਅੱਗੇ ਕਰਨਾ ਚਾਹੁੰਦਾ ਹੈ ਅਤੇ ਇਲਾਕੇ ਦੀ ਸਿਆਸਤ ਤੇ ਭਾਰਤ ਦੇ ਹੁਣ ਵਾਲੇ ਹੁਕਮਰਾਨਾਂ ਦੀ ਸਿਆਸਤ ਮੁਤਾਬਕ, ਫਿਲਹਾਲ ਭਾਰਤ ਨੂੰ ਇਹ ਸੌਦਾ ਸਹੀ ਪ੍ਰਤੀਤ ਹੁੰਦਾ ਹੈ। ਟਰੰਪ ਦੇ ਪਾਕਿਸਤਾਨ ਬਾਰੇ ਗੁੱਸੇ ਦਾ ਲਾਹਾ ਵੀ ਭਾਰਤ ਲੈਣਾ ਚਾਹੁੰਦਾ ਹੈ। ਭਾਰਤ ਅਤੇ ਅਮਰੀਕਾ ਕਾਫੀ ਚਿਰ ਤੋਂ ਹਾਫਿਜ਼ ਸਈਦ ਅਤੇ ਮਸੂਦ ਅਜ਼ਹਰ ਖਿਲਾਫ ਕਾਰਵਾਈ ਦੀ ਤਾਕ ਵਿਚ ਹਨ, ਪਰ ਇਸ ਮਾਮਲੇ ਵਿਚ ਚੀਨ ਇਨ੍ਹਾਂ ਦੋਹਾਂ ਮੁਲਕਾਂ ਦੇ ਰਾਹ ਦਾ ਰੋੜਾ ਬਣ ਕੇ ਖਲੋਤਾ ਹੋਇਆ ਹੈ। ਜ਼ਾਹਰ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣੇ ਚਾਹ ਰਹੇ ਹਨ। ਉਂਜ, ਇਹ ਮਾਮਲਾ ਭਾਰਤ ਲਈ ਰਤਾ ਕੁ ਗੁੰਝਲਦਾਰ ਹੈ, ਕਿਉਂਕਿ ਅਮਰੀਕਾ ਦਾ ਇਹ ਇਤਿਹਾਸ ਰਿਹਾ ਹੈ ਕਿ ਇਹ ਕਿਸੇ ਉਤੇ ਐਵੇਂ ਹੀ ਮਿਹਰਬਾਨ ਨਹੀਂ ਹੁੰਦਾ। ਇਸ ਕਿਸੇ ਵੀ ਮੁਲਕ ਦੀ ਮਦਦ ਜਾਂ ਉਸ ਦਾ ਵਿਰੋਧ ਆਪਣੇ ਹਿਤਾਂ ਨੂੰ ਐਨ ਧਿਆਨ ਵਿਚ ਰੱਖ ਕੇ ਕਰਦਾ ਹੈ।

# ਯਾਤਰੀ ਦੇ ਨਸ਼ੇ 'ਚ ਹੋਣ ਦਾ ਪਤਾ ਲਗਾਵੇਗੀ ਉਬੇਰ ਦੀ ਇਹ ਟੈਕਨਾਲੋਜੀ




ਕੈਬ ਸਰਵਿਸ ਪ੍ਰਦਾਤਾ ਕੰਪਨੀ ਉਬੇਰ ਜਲਦ ਹੀ ਆਪਣੇ ਪਲੇਟਫਾਰਮ 'ਚ ਇਕ ਨਵੀਂ ਟੈਕਨਾਲੋਜੀ ਨੂੰ ਸ਼ਾਮਲ ਕਰਨ ਵਾਲੀ ਹੈ। ਇਹ ਟੈਕਨਾਲੋਜੀ ਯਾਤਰੀਆਂ ਦੇ ਰਵੱਈਏ ਨੂੰ ਪਛਾਣਨ 'ਚ ਮਦਦ ਕਰੇਗੀ ਜਿਸ ਨਾਲ ਇਹ ਪਤਾ ਕੀਤਾ ਜਾ ਸਕੇਗਾ ਕਿ ਕੈਬ ਬੁੱਕ ਕਰਨ ਵਾਲੇ ਯਾਤਰੀ ਨਸ਼ੇ 'ਚ ਹਨ ਜਾਂ ਨਹੀਂ। ਜਾਣਕਾਰੀ ਮੁਤਾਬਕ Uber ਨੇ ਹਾਲ ਹੀ 'ਚ ਇਕ ਪੇਟੈਂਟ ਦਾਖਲ ਕੀਤਾ ਹੈ ਅਤੇ ਡਿਵੈੱਲਪਿੰਗ ਤੇ ਟੈਸਟਿੰਗ ਤੋਂ ਬਾਅਦ ਇਸ ਫੀਚਰ ਨੂੰ ਯੂਜ਼ਰਸ ਲਈ ਰਿਲੀਜ਼ ਕੀਤਾ ਜਾ ਸਕਦਾ ਹੈ।

**ਇੰਝ ਕਰੇਗਾ ਕੰਮ:** ਇਹ ਨਵਾਂ ਸਿਸਟਮ ਯਾਤਰੀ ਦੇ ਨਸ਼ੇ ਦੇ ਲੇਵਲ ਨੂੰ ਪਛਾਣਨ ਲਈ ਕਈ ਫੈਕਟਰ 'ਤੇ ਕੰਮ ਕਰੇਗਾ। ਇਸ ਸਿਸਟਮ 'ਚ ਯਾਤਰੀ ਦੁਆਰਾ ਕਿੰਨੀ ਵਾਰ ਟਾਇਪਿੰਗ ਮਿਸਟੇਕ ਕੀਤੀ ਗਈ ਹੈ ਕਿੰਨੀ ਵਾਰ ਰਿਮੂਵ ਕਰਕੇ ਦੁਬਾਰਾ ਟਾਇਪ ਕੀਤਾ ਗਿਆ ਹੈ ਵਰਗੀਆਂ ਐਕਟੀਵਿਟੀਸ ਨੂੰ ਨੋਟਿਸ ਕੀਤਾ ਜਾਵੇਗਾ। 19 ਸਿਸਮਟ ਨਾਲ ਮਿਲੇਗੀ ਮਦਦ ਇਸ ਤੋਂ ਇਲਾਵਾ ਯਾਤਰੀ ਕਿੰਨੀ ਦੇਰ ਤੋਂ ਐਪ 'ਤੇ ਮੌਜੂਦ ਹੈ ਅਤੇ ਕਿੰਨੀ ਦੇਰ 'ਚ ਉਸ ਨੇ ਕੈਬ ਬੁੱਕ ਕੀਤੀ ਵਰਗੀਆਂ ਗੱਲਾਂ ਵੀ ਇਸ ਆਰਟੀਫਿਸ਼ੀਅਲ ਇੰਟੈਲੀਜੰਸੀ ਫੀਚਰ ਦੇ ਜ਼ਰੀਏ ਪਤਾ ਲੱਗਣਗੀਆਂ।

# ਅਮਰੀਕਾ 'ਚ ਬਣਿਆ ਦੁਨੀਆ ਦਾ ਸਭ ਤੋਂ ਪਾਵਰਫੁੱਲ ਸੁਪਰ ਕੰਪਿਊਟਰ




ਅਮਰੀਕੀ ਡਿਪਾਰਟਮੈਂਟ ਆਫ ਐਨਰਜੀ ਨੇ ਦੁਨੀਆ ਦੇ ਸਭ ਤੋਂ ਫਾਸਟੈਸਟ ਸੁਪਰਕੰਪਿਊਟਰ ਨੂੰ ਪਹਿਲੀ ਵਾਰ ਲੋਕਾਂ ਦੇ ਸਾਹਮਣੇ ਵਿਖਾਇਆ ਹੈ। ਇਹ ਸੁਪਰਕੰਪਿਊਟਰ 200 ਪੈਟਾਫਲੋਪਸ ( petaflops) 'ਤੇ ਕੰਮ ਕਰਦਾ ਹੈ ਅਤੇ ਇਕ ਸੈਕਿੰਡ 'ਚ 200,000 ਟ੍ਰਿਲੀਅਨ ਗਣਨਾ ਕਰਨ ਦੀ ਸਮਰੱਥਾ ਰੱਖਦਾ ਹੈ। ਅਮਰੀਕੀ ਮਲਟੀ ਪ੍ਰੋਗਰਾਮ ਸਾਇੰਸ ਅਤੇ ਟੈਕਨਾਲੌਜੀ ਨੈਸ਼ਨਲ ਲੈਬੋਰੇਟਰੀ (ORNL) ਦੁਆਰਾ Summit ਨਾਂ ਇਸ ਸੁਪਰਕੰਪਿਊਟਰ ਦਾ ਉਦਘਾਟਨ ਕੀਤਾ ਗਿਆ ਹੈ। ORNL ਨੇ ਹੀ ਪਿਛਲੇ ਸੁਪਰਕੰਪਿਊਟਰ Titan ਨੂੰ ਵੀ ਬਣਾਇਆ ਸੀ ਜੋ 7 ਪੈਟਾਪਲੋਪਸ 'ਤੇ ਆਧਾਰਿਤ ਸੀ ਅਤੇ ਇਸ ਨੂੰ ਸਾਲ 2012 'ਚ ਲਿਆਇਆ ਗਿਆ ਸੀ। Summit ਨੂੰ ਲੈ ਕੇ ਦੱਸਿਆ ਗਿਆ ਹੈ ਕਿ ਇਹ Titan ਤੋਂ 8 ਗੁਣਾ ਜ਼ਿਆਦਾ ਸਪੀਡ ਤੋਂ ਕੰਮ ਕਰਦਾ ਹੈ ਅਤੇ ਦੁਨੀਆ ਦਾ ਸਭ ਤੋਂ ਪਾਵਰਫੁੱਲ ਸੁਪਰਕੰਮਿਊਟਰ ਹੈ।ਸੁਪਰ ਕੰਪਿਊਟਰ 'ਚ ਲੱਗੇ 4,608 ਸਰਵਰਸ Summit ਸੁਪਰ ਕੰਪਿਊਟਰ 'ਚ IBM 13922 ਸਿਸਟਮਸ ਦਾ ਇਸਤੇਮਾਲ ਕੀਤਾ ਗਿਆ ਹੈ ਅਤੇ ਇਨ੍ਹਾਂ 'ਚ 4,608 ਸਰਵਰਸ ਲੱਗੇ ਹਨ ਜਿਨ੍ਹਾਂ ਦਾ ਸਾਈਜ਼ ਦੋ ਟੈਨਿਸ ਕੋਰਟ ਦੇ ਬਰਾਬਰ ਹੈ। ਇਨ੍ਹਾਂ 'ਚੋਂ ਹਰ ਇਕ 'ਚ ਦੋ BB-core IBM PowerI ਪ੍ਰੋਸੈਸਰਸ ਲਗਾਏ ਗਏ ਹਨ ਉਥੇ ਹੀ ਅਲਗ ਤੋਂ 6 NVIDIA Tesla VA00 ਗਰਾਫਿਕਸ ਪ੍ਰੋਸੈਸਿੰਗ ਯੂਨੀਟਸ ਵੀ ਲੱਗੀਆਂ ਹਨ ਜੋ ਇਸ ਦੀ ਸਪੀਡ 'ਤੇ ਕੰਮ ਕਰਨ ਦੀ ਸਮਰੱਥਾ ਪ੍ਰਦਾਨ ਕਰਦੇ ਹਨ। ਐਨਗੈਜੇਟ ਦੀ ਰਿਪੋਰਟ ਮੁਤਾਬਕ Summit ਸੁਪਰ ਕੰਪਿਊਟਰ ਕੂਲਿੰਗ ਲਈ ਇਕ ਮਿੰਟ 'ਚ 4,000 ਗੈਲਨ (15,141 ਲਿਟਰ) ਪਾਣੀ ਦਾ ਇਸਤੇਮਾਲ ਕਰਦਾ ਹੈ। ਉਥੇ ਹੀ ਇਸ ਨੂੰ ਚਲਾਉਣ ਲਈ 8, 100 ਘਰਾਂ 'ਚ ਇਸਤੇਮਾਲ ਕੀਤੀ ਜਾਣ ਵਾਲੀ ਪਾਵਰ ਜਿੰਨੀ ਮਾਤਰਾ ਦੀ ਜਰੂਤ ਪੈਂਦੀ ਹੈ।

# ਟੈਕਨਾਲੌਜੀ ਡਿਪਾਰਟਮੈਂਟ 'ਚ ਦੁਨੀਆ ਨੂੰ ਲੀਡ ਕਰ ਰਿਹਾ ਅਮਰੀਕਾ

ਸੈਕਰੇਟਰੀ ਆਫ ਐਨਰਜੀ (Secretary of Energy) ਰਿਕ ਪੇਰੀ (Rick Perry) ਨੇ ਦੱਸਿਆ ਕਿ Summit ਸੁਪਰਕੰਪਿਊਟਰ ਦੇ ਲਾਂਚ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਟੈਕਨਾਲੌਜੀ ਡਿਪਾਰਟਮੈਂਟ 'ਚ ਅਮਰੀਕਾ ਦੁਨੀਆ ਨੂੰ ਲੀਡ ਕਰ ਰਿਹਾ ਹੈ। ਇਸ ਦੀ ਮਦਦ ਨਾਲ ਐਨਰਜੀ ਰਿਸਰਚ, ਸਾਇਿਟੀਫਿਕ ਡਿਸਕਵਰੀ ਅਤੇ ਨੈਸ਼ਨਲ ਸਕਿਓਰਿਟੀ ਨੂੰ ਉਤਸ਼ਾਹ ਮਿਲੇਗਾ। ਇਸ ਨੇ ਅਮਰੀਕਾ ਨੂੰ ਸਾਲ 2021 ਤੱਕ ਐਕਸਾਸਕੇਲ (exascale) ਸੁਪਰ ਕੰਪਿਊਟਰ ਨੂੰ ਡਿਲੀਵਰ ਕਰਨ ਦੇ ਟੀਚੇ ਦੇ ਇਕ ਕੱਦਮ ਕੋਲ ਪਹੁੰਚਾ ਦਿੱਤਾ ਹੈ। ਇਸ ਦੇ ਰਾਹੀਂ ਅਮਰੀਕੀ ਲੋਕਾਂ ਨੂੰ ਨਵੇਂ ਚੁਣੌਤੀਆਂ ਹੋਰ ਲੱਭਣ ਲਈ ਅੱਗੇ ਲੈ ਜਾਣ 'ਚ ਕਾਫ਼ੀ ਮਦਦ ਮਿਲੇਗੀ।

# ਫੇਸਬੁੱਕ ਨੂੰ ਪਛਾੜ ਵਟਸਐਪ ਨੇ ਹਾਸਲ ਕੀਤਾ ਪਹਿਲਾ ਸਥਾਨ : ਰਿਪੋਰਟ

ਦੁਨੀਆ ਦੀ ਸਭ ਤੋਂ ਵੱਡੀ ਇੰਸਟੈਂਟ ਮੈਸੇਜਿੰਗ ਐਪ ਵਟਸਐਪ ਭਾਰਤੀ ਯੂਜ਼ਰਸ 'ਚ ਸਭ ਤੋਂ ਜ਼ਿਆਦਾ ਲੋਕਪ੍ਰਿਅ ਹੈ। ਇਸ ਗੱਲ ਦੀ ਜਾਣਕਾਰੀ ਕਾਮਸਕੋਰ ਦੀ ਇਕ ਰਿਪੋਰਟ, ਗਲੋਬਲ ਡਿਜੀਟਲ ਫਿਊਚਰ ਇੰਨ ਫੋਕਸ 'ਚ ਦਿੱਤੀ ਗਈ ਹੈ। ਕਾਮਸਕੋਰ ਦੀ ਰਿਪੋਰਟ ਮੁਤਾਬਕ, ਭਾਰਤੀ ਯੂਜ਼ਰਸ ਨੇ ਸਭ ਤੋਂ ਜ਼ਿਆਦਾ ਆਪਣਾ ਸਮਾਂ ਵਟਸਐਪ 'ਤੇ ਬੀਤਾਇਆ ਹੈ। ਉਥੇ ਹੀ ਗੂਗਲ ਪਲੇਅ, ਯੂਟਿਊਬ, ਜੀਮੇਲ ਅਤੇ ਗੂਗਲ ਸਰਚ ਨੂੰ ਦੂਜਾ, ਤੀਜਾ, ਚੌਥਾ ਅਤੇ ਪੰਜਵਾਂ ਸਥਾਨ ਮਿਲਿਆ ਹੈ। ਉਥੇ ਹੀ ਜੇਕਰ ਸੋਸ਼ਲ ਨੈੱਟਵਰਕਿੰਗ ਸਾਈਟਸ ਦੀ ਗੱਲ ਕਰੀਏ ਤਾਂ ਭਾਰਤ 'ਚ ਸਭ ਤੋਂ ਜ਼ਿਆਦਾ ਸਮਾਂ ਫੇਸਬੁੱਕ 'ਤੇ ਬੀਤਾਇਆ ਗਿਆ ਹੈ। ਜਿਸ ਤੋਂ ਬਾਅਦ ਇੰਸਟਾਗ੍ਰਾਮ ਅਤੇ ਸਨੈਪਚੈਟ ਦਾ ਨਾਂ ਆਉਂਦਾ ਹੈ। ਉਥੇ ਹੀ ਟਵਿਟਰ 'ਤੇ ਭਾਰਤੀ ਯੂਜ਼ਰਸ ਨੇ ਕਾਫੀ ਘੱਟ ਸਮਾਂ ਬੀਤਾਇਆ ਹੈ। ਦੁਨੀਆ ਦੀ ਸਭ ਤੋਂ ਵੱਡੀ ਇੰਸਟੈਂਟ ਮੈਸੇਜਿੰਗ ਐਪ 'ਵਟਸਐਪ' 'ਚ ਇਕ ਵਾਰ ਫਿਰ ਨਵੀਂ ਅਪਡੇਟ ਆਈ ਹੈ। ਵਟਸਐਪ ਨੇ ਆਪਣੇ ਯੂਜ਼ਰਸ ਨੂੰ ਲਾਕ ਵੁਆਇਸ ਰਿਕਾਰਡਿੰਗ ਦਾ ਫੀਚਰ ਦੇ ਦਿੱਤਾ ਹੈ। ਖਾਸ ਗੱਲ ਇਹ ਹੈ ਕਿ ਇਸ ਵਾਰ ਲਾਕ ਵੁਆਇਸ ਰਿਕਾਰਡਿੰਗ ਦਾ ਫੀਚਰ ਸਾਰੇ ਯੂਜ਼ਰਸ ਲਈ ਜਾਰੀ ਹੋ ਗਿਆ ਹੈ। ਇਸ ਤੋਂ ਪਹਿਲਾਂ ਬੀਟਾ ਵਰਜ਼ਨ 'ਤੇ ਇਸ ਦੀ ਟੈਸਟਿੰਗ ਚੱਲ ਰਹੀ ਸੀ। ਇਸ ਤੋਂ ਇਲਾਵਾ ਇਕ ਹੋਰ ਫੀਚਰ ਆਇਆ ਹੈ ਜਿਸ ਨਾਲ ਤੁਹਾਨੂੰ ਇਹ ਪਤਾ ਲੱਗ ਜਾਵੇਗਾ ਕਿ ਕਿਹੜਾ ਮੈਸੇਜ ਫਾਰਵਰਡ ਕੀਤਾ ਗਿਆ ਹੈ। ਸਭ ਤੋਂ ਪਹਿਲਾਂ, ਜਿਸ ਨੂੰ ਤੁਸੀਂ ਵੁਆਇਸ ਮੈਸੇਜ ਭੇਜਣਾ ਚਾਹੁੰਦੇ ਹੋ ਉਸ ਦੀ ਚੈਟ ਓਪਨ ਕਰੋ। ਹੁਣ ਤੁਹਾਨੂੰ ਮੈਸੇਜ ਟਾਈਪ ਕਰਨ ਵਾਲੀ ਥਾਂ 'ਤੇ ਸੱਜੇ ਪਾਸੇ ਮਾਈਕ੍ਰੋਫੋਨ ਦਾ ਆਈਕਨ ਮਿਲੇਗਾ। ਉਸ 'ਤੇ ਕਲਿੱਕ ਕਰਕੇ ਨਹੀਂ ਰੱਖਣਾ ਹੈ, ਸਗੋਂ ਉਸ 'ਤੇ ਕਲਿੱਕ ਕਰਕੇ ਉਸ ਨੂੰ ਉਪਰ ਵਲ ਸਕਰੋਲ ਕਰਨਾ ਹੈ। ਇਸ ਤੋਂ ਬਾਅਦ ਤੁਹਾਡੀ ਵੁਆਇਸ ਰਿਕਾਰਡਿੰਗ ਸ਼ੁਰੂ ਹੋ ਜਾਵੇਗੀ ਅਤੇ ਟਾਈਮਰ ਆਨ ਹੋ ਜਾਵੇਗਾ, ਜਿਸ ਨਾਲ ਤੁਹਾਨੂੰ ਪਤਾ ਚੱਲੇਗਾ ਕਿ ਕਿੰਨੀ ਦੇਰ ਰਿਕਾਰਡਿੰਗ ਹੋ ਰਹੀ ਹੈ। ਰਿਕਾਰਡਿੰਗ ਸ਼ੁਰੂ ਹੋਣ ਤੋਂ ਬਾਅਦ ਤੁਹਾਨੂੰ ਕੈਂਸਲ ਦਾ ਇਕ ਬਟਨ ਦਿਸੇਗਾ, ਉਥੇ ਹੀ ਜੇਕਰ ਤੁਸੀਂ ਰਿਕਾਰਡਿੰਗ ਨੂੰ ਭੇਜਣਾ ਚਾਹੁੰਦੇ ਹੋ ਤਾਂ ਸੈਂਡ ਬਟਨ 'ਤੇ ਕਲਿੱਕ ਕਰੋ। ਇਸ ਫੀਚਰ ਦਾ ਫਾਇਦਾ ਇਹ ਹੋਵਾ ਕਿ ਵੁਆਇਸ ਰਿਕਾਰਡਿੰਗ ਲਈ ਬਟਨ ਨੂੰ ਦਬਾ ਕੇ ਨਹੀਂ ਰੱਖਣਾ ਪਵੇਗਾ। ਹੁਣ ਦੂਜੇ ਫੀਚਰ, ਮੈਸੇਜ ਫਾਰਵਰਡਿੰਗ ਦੀ ਗੱਲ ਕਰੀਏ ਤਾਂ ਬੀਟਾ 'ਤੇ ਇਸ ਦੀ ਟੈਸਟਿੰਗ ਹੋ ਰਹੀ ਹੈ। ਇਸ ਦੀ ਅਪਡੇਟ ਆਉਣ ਤੋਂ ਬਾਅਦ ਕੋਈ ਮੈਸੇਜ ਆਉਣ 'ਤੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਉਹ ਮੈਸੇਜ ਤੁਹਾਨੂੰ ਫਾਰਵਰਡ ਕੀਤਾ ਗਿਆ ਹੈ ਜਾਂ ਭੇਜਿਆ ਗਿਆ ਹੈ।




# ਮਾਈਕ੍ਰੋਸਾਫਟ ਨੇ ਸਕਾਟਲੈਂਡ ਦੇ ਕੰਢੇ 'ਤੇ ਪਾਣੀ ਹੇਠਾਂ ਤਾਇਨਾਤ ਕੀਤਾ ਪਹਿਲਾ ਡਾਟਾ ਸੈਂਟਰ

ਕੰਪਿਊਟਰ ਨੂੰ ਓਵਰਹੀਟਿੰਗ ਤੋਂ ਬਚਾਉਣ ਲਈ ਜ਼ਿਆਦਾਤਰ ਲਿਕਵਿਡ ਕੂਲਿੰਗ ਸਿਸਟਮ ਦੀ ਵਰਤੋਂ ਹੁੰਦੀ ਹੈ। ਡਾਟਾ ਸੈਂਟਰਜ਼ ਨੂੰ ਠੰਡਾ ਕਰਨ ਲਈ ਵੀ ਇਹੋ ਤਕਨੀਕ ਵਰਤੋਂ ਵਿਚ ਲਿਆਂਦੀ ਜਾਂਦੀ ਹੈ, ਜਿਸ ਵਿਚ ਕਾਫੀ ਖਰਚਾ ਹੁੰਦਾ ਹੈ। ਮਾਈਕ੍ਰੋਸਾਫਟ ਨੇ ਇਸ ਦਾ ਬਦਲ ਲੱਭ ਲਿਆ ਹੈ। ਕੰਪਨੀ ਨੇ ਡਾਟਾ ਸੈਂਟਰਜ਼ ਵਾਲੀ ਵਾਟਰਟਾਈਟ ਸਿਲੰਡ੍ਰੀਕਲ ਸ਼ੈੱਲ ਬਣਾਈ ਹੈ, ਜਿਸ ਨੂੰ ਸਕਾਟਲੈਂਡ ਦੇ ਕੰਢੇ 'ਤੇ ਪਾਣੀ ਹੇਠਾਂ ਤਾਇਨਾਤ ਕੀਤਾ ਗਿਆ ਹੈ। ਕੰਪਨੀ ਨੇ 12 ਮੀਟਰ ਲੰਮਾ ਪ੍ਰੋਟੋਟਾਈਪ ਬਣਾਇਆ ਹੈ, ਜਿਸ ਵਿਚ 864 ਸਰਵਰਜ਼ ਲਾਏ ਗਏ ਹਨ, ਜਿਨ੍ਹਾਂ ਨੂੰ 12 ਸਰਵਰ ਰੈਕਸ ਵਿਚ ਲੋਡ ਕੀਤਾ ਗਿਆ ਹੈ। ਇਸ ਨੂੰ ਪਾਣੀ ਦੇ 36 ਮੀਟਰ ਅੰਦਰ ਰੱਖਿਆ ਗਿਆ ਹੈ। ਨੈਟਿਕ ਨਾਂ ਦੇ ਇਸ ਪ੍ਰਾਜੈਕਟ ਵਿਚ ਵਾਟਰਟਾਈਟ ਸਿਲੰਡ੍ਰੀਕਲ ਸ਼ੈੱਲ ਨੂੰ ਠੰਡਾ ਕਰਨ ਲਈ ਪਾਈਪਸ ਲਾਈਆਂ ਗਈਆਂ ਹਨ, ਜੋ ਸਰਵਰ ਰੈਕਸ 'ਤੇ ਲਾਏ ਗਏ ਰੇਡੀਏਟਰ ਤਕ ਪਹੁੰਚ ਕੇ ਇਨ੍ਹਾਂ ਨੂੰ ਠੰਡਾ ਕਰਨ ਵਿਚ ਮਦਦ ਕਰਦੀਆਂ ਹਨ। ਇਸ ਡਾਟਾ ਸੈਂਟਰ ਨੂੰ ਮਾਈਕ੍ਰੋਸਾਫਟ ਨੇ ਫਰੈਂਚ ਸਮੁੰਦਰੀ ਨਿਰਮਾਣ ਕੰਪਨੀ 'ਨੇਵਲ ਗਰੁੱਪ' ਨਾਲ ਮਿਲ ਕੇ ਤਿਆਰ ਕੀਤਾ ਹੈ। ਇਹ ਸੈਂਟਰ ਫਾਈਬਰ ਆਪਟਿਕ ਕੇਬਲ ਰਾਹੀਂ ਜੁੜਿਆ ਰਹੇਗਾ ਅਤੇ ਜ਼ਿਆਦਾਤਰ ਪਾਵਰ ਆਰਕਨੀ ਟਾਪੂ ਸਮੂਹ ਵਿਚ ਲੱਗੀ ਵਿੰਡ ਟਰਬਾਈਨ ਤੋਂ ਹੀ ਲੈ ਕੇ ਕੰਮ ਕਰੇਗਾ।

# 17 ਜੁਲਾਈ ਤੋਂ ਬਾਅਦ ਬੰਦ ਹੋ ਜਾਵੇਗਾ Yahoo Messenger

ਵੈੱਬ 'ਤੇ ਜੇਕਰ ਇੰਸਟੈਂਟ ਮੈਸੇਂਜਰ ਦੇ ਰੂਪ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾ ਪ੍ਰੋਡਕਟ ਸੀ ਯਾਹੂ ਮੈਸੇਂਜਰ। ਹੁਣ ਮੈਸੇਂਜਰ ਪੂਰੀ ਤਰ੍ਹਾਂ ਨਾਲ ਖਤਮ ਹੋਣ ਵਾਲਾ ਹੈ ਭਾਵ ਬੰਦ ਹੋਣ ਵਾਲਾ ਹੈ। ਯਾਹੂ ਨੇ ਐਲਾਨ ਕੀਤਾ ਹੈ ਕਿ ਉਹ ਇਸ ਮੈਸੇਂਜਰ ਨੂੰ ਜੁਲਾਈ 17 ਤੋਂ ਪੂਰੀ ਤਰ੍ਹਾਂ ਨਾਲ ਖਤਮ ਕਰ ਦੇਵੇਗਾ, ਜਿਸ ਤੋਂ ਬਾਅਦ ਨਾ ਤਾਂ ਚੈੱਟ ਕੀਤੀ ਜਾ ਸਕੇਗੀ ਤੇ ਨਾਲ ਹੀ ਇਸ ਦੀ ਕੋਈ ਸਰਵਿਸ ਦਾ ਇਸਤੇਮਾਲ ਕੀਤਾ ਜਾ ਸਕੇਗਾ। ਮੈਸੇਂਜਰ ਨੂੰ ਖਤਮ ਕਰਨ ਨੂੰ ਲੈ ਕੇ ਯਾਹੂ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ ਕਿ ਯਾਹੂ ਦੇ ਬਦਲੇ ਕੰਪਨੀ ਕੁਝ ਨਵਾਂ ਅਤੇ ਹੋਰ ਬਿਹਤਰ ਲੈ ਕੇ ਆਵੇਗੀ ਜਿਸ ਨਾਲ ਉਹ ਯੂਜ਼ਰਸ ਨੂੰ ਆਪਣੇ ਨਾਲ ਜੋੜ ਸਕੇ। ਕੰਪਨੀ ਨੇ ਅਗੇ ਕਿਹਾ ਕਿ ਸਾਨੂੰ ਪਤਾ ਹੈ ਕਿ ਸਾਡੇ ਕਈ ਅਜਿਹੇ ਲਾਇਲ ਕਸਟਮਰਸ ਹਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਯਾਹੂ ਮੈਸੇਂਜਰ ਦਾ ਹੀ ਇਸਮੇਤਾਲ ਕੀਤਾ ਸੀ। ਕੰਪਨੀ ਨੇ ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਯਾਹੂ ਦੇ ਬਦਲੇ ਜੇਕਰ ਯੂਜ਼ਰਸ ਕੋਈ ਮੈਸੇਂਜਰ ਦਾ ਇਸਤੇਮਾਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਆਪਸ਼ਨ ਹੈ ਕਿ ਉਹ ਸਾਡਾ ਨਵਾਂ ਮੈਸੇਜਿੰਗ ਐਪ ਇਸਤੇਮਾਲ ਕਰ ਸਕਦੇ ਹਨ ਜੋ ਯਾਹੂ ਸਕੀਵਰਲ ਦੇ ਨਾਂ ਤੋਂ ਜਾਣਿਆ ਜਾਵੇਗਾ ਅਤੇ ਜੋ ਫਿਲਹਾਲ ਬੀਟਾ ਵਰਜ਼ਨ ਦੇ ਰੂਪ 'ਚ ਉਪਲੱਬਧ ਹੈ। ਜੇਕਰ ਤੁਸੀਂ ਉਨ੍ਹਾਂ ਯੂਜ਼ਰਸ 'ਚੋਂ ਹੋ ਤਾਂ ਯਾਹੂ ਤੁਹਾਨੂੰ 6 ਮਹੀਨੇ ਦਾ ਸਮਾਂ ਦੇ ਰਿਹਾ ਹੈ ਜਿਸ ਨਾਲ ਤੁਸੀਂ ਆਪਣੀ ਚੈੱਟ ਹਿਸਟਰੀ ਡਾਊਨਲੋਡ ਕਰ ਸਕਦੇ ਹੋ ਕਿਉਂਕਿ ਮੈਸੇਂਜਰ ਬੰਦ ਹੋਣ ਤੋਂ ਬਾਅਦ ਯੂਜ਼ਰਸ ਲਈ ਅਜਿਹਾ ਕਰਨਾ ਮੁਸ਼ਕਲ ਹੋਵੇਗਾ। ਯਾਹੂ ਨੇ ਇਹ ਵੀ ਕਿਹਾ ਕਿ ਮੈਸੇਂਜਰ ਬੰਦ ਹੋਣ ਤੋਂ ਬਾਅਦ ਯੂਜ਼ਰਸ ਦੀ ਅਕਾਊਂਟ ਆਈ.ਡੀ. 'ਤੇ ਕੋਈ ਫਰਕ ਨਹੀਂ ਪਵੇਗਾ, ਮੇਲ, ਫੈਂਟਿਸੀ ਅਤੇ ਦੂਜੀਆਂ ਚੀਜ਼ਾਂ ਪਹਿਲਾਂ ਤਰ੍ਹਾਂ ਹੀ ਚੱਲਣਗੀਆਂ।

# ਸਿੰਘ ਸਭਾ ਸਾਊਥਾਲ ਦੇ ਟਰਸੱਟੀ ਤੇ ਟਕਸਾਲੀ ਅਕਾਲੀ ਆਗੂ ਸ. ਬਿਲਗਾ ਨਹੀਂ ਰਹੇ



ਲੰਡਨ - ਗੁਰਦਵਾਰਾ ਸ਼੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਟਰੱਸਟੀ ਤੇ ਟਕਸਾਲੀ ਅਕਾਲੀ ਆਗੂ ਸ.ਸੁਰਜੀਤ ਸਿੰਘ ਬਿਲਗਾ ਜੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ।ਪੰਜਾਬ ਦੇ ਮਸ਼ਹੂਰ ਪਿੰਡ ਬਿਲਗਾ ਦੇ ਜੰਮਪਲ ਸ. ਸੁਰਜੀਤ ਸਿੰਘ ਬਿਲਗਾ ਸਾਊਥਾਲ ਦੇ ਪੁਰਾਣੇ ਟਕਸਾਲੀ ਆਗੂਆ ਵਿੱਚੋਂ ਇਕ ਸਨ।ਯੂਰਪ ਦੇ ਸਭ ਤੋਂ ਵੱਡੇ ਗੁਰਦਵਾਰਾ ਸ਼੍ਰੀ ਗੁਰੂ ਸਿੰਘ ਸਭਾ ਸਾਊਥਾਲ ਸੰਸਥਾ ਬਣਾਉਣ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਸੀ।ਉਹ ਸਭਾ ਦੇ ਸਭ ਤੋਂ ਪੁਰਾਣੇ ਟਰੱਸਟੀ ਸਨ।ਸ. ਬਿਲਗਾ ਨੂੰ ਸ਼ਰਧਾਂਜਲੀ ਭੇਟ ਸਭਾ ਦੇ ਮੁਖੀ ਸ. ਗੁਰਮੇਲ ਸਿੰਘ ਮੱਲੀ ਨੇ ਕਿਹਾ ਕਿ ਸ. ਬਿਲਗਾ ਨੇ ਆਪਣੀ ਸਾਰੀ ਜ਼ਿੰਦਗੀ ਸਿੰਘ ਸਭਾ ਦੀ ਚੜ੍ਹਦੀਕਲਾ ਤੇ ਭਲਾਈ ਲਈ ਕੰਮ ਕੀਤਾ ਗਿਆ।ਸਭਾ ਨੂੰ ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਭਾ ਦੇ ਸਾਬਕਾ ਮੁਖੀ ਸ. ਹਿੰਮਤ ਸਿੰਘ ਸੋਹੀ, ਡਾ. ਪਰਵਿੰਦਰ ਸਿੰਘ ਗਰਚਾ, ਸ. ਸੁਖਦੀਪ ਸਿੰਘ ਰੰਧਾਵਾ, ਕੌਂਸਲਰ ਰਾਜੂ ਸੰਸਾਰਪੁਰੀ, ਸੁਖਦੇਵ ਸਿੰਘ ਔਜਲਾ, ਨੇ ਕਿਹਾ ਕਿ ਸ. ਬਿਲਗਾ ਸਭਾ ਦੇ ਥੰਮ੍ਹ ਸਨ ਉਨ੍ਹਾਂ ਦੇ ਵਿਛੋੜੇ ਨਾਲ ਸਭਾ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਵਾਹਿਗੁਰੂ ਜੀ ਸ. ਬਿਲਗਾ ਜੀ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖ਼ਸ਼ਣ ਤੇ ਸਮੂਹ ਸੰਗਤਾ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਸਿੱਖ ਭਾਈਚਾਰੇ ਦਾ ਸਿੰਗਾਪੁਰ ਦੇ ਵਿਕਾਸ 'ਚ ਅਹਿਮ ਯੋਗਦਾਨ : ਹਲੀਮਾ ਯਾਕੂਬ



**ਸਿੰਗਾਪੁਰ,** : ਸਿੰਗਾਪੁਰ ਦੀ ਰਾਸ਼ਟਰਪਤੀ ਹਲੀਮਾ ਯਾਕੂਬ ਨੇ ਬਹੁ ਸੱਭਿਆਚਾਰਕ ਅਤੇ ਬਹੁ-ਜਾਤੀ ਦੇਸ਼ ਵਿਚ ਅੰਤਰ-ਨਸਲੀ ਅਤੇ ਅੰਤਰ-ਧਾਰਮਿਕ ਮਾਮਲਿਆਂ ਵਿਚ ਸਰਗਰਮੀ ਦਿਖਾਉਣ ਲਈ ਸਿੱਖ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ ਹੈ। ਰਾਸ਼ਟਰਪਤੀ ਨੇ ਸ੍ਰੀ ਗੁਰੂ ਸਿੰਘ ਸਭਾ ਦੇ 100 ਸਾਲ ਪੂਰੇ ਹੋਣ 'ਤੇ ਜਸ਼ਨ ਮਨਾ ਰਹੇ ਸਿੱਖ ਭਾਈਚਾਰੇ ਵੱਲੋਂ ਇਕ ਪੁਸਤਕ ਲੋਕ ਅਰਪਣ ਦੇ ਮੌਕੇ 'ਤੇ ਇਕ ਸੰਦੇਸ਼ ਵਿਚ ਕਿਹਾ ਕਿ ਸਭ ਤੋਂ ਪੁਰਾਣੇ ਗੁਰਦੁਆਰਿਆਂ ਵਿਚੋਂ ਇਕ ਇਸ ਗੁਰਦੁਆਰੇ ਨੇ ਮਿਲ ਕੇ ਇਕ ਦੂਜੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਸੰਗਠਿਤ ਸਮਾਜ ਦੇ ਨਿਰਮਾਣ ਦੀਆਂ ਸੱਭਿਆਚਾਰਕ ਅਤੇ ਬਹੁ-ਜਾਤੀ ਸਮਾਜ 'ਤੇ ਮਾਣ ਹੈ। ਸਾਲਾਂ ਦੌਰਾਨ ਵੱਖ-ਵੱਖ ਭਾਈਚਾਰਿਆਂ ਨੇ ਸਿੰਗਾਪੁਰ ਦੇ ਕੋਸ਼ਿਸ਼ਾਂ ਵਿਚ ਬਹੁਤ ਵੱਡਾ ਯੋਗਦਾਨ ਦਿੱਤਾ ਹੈ।

ਉਨ੍ਹਾਂ ਨੇ 'ਦਾਸਤਾਨ : ਸ੍ਰੀ ਗੁਰੂ ਸਿੰਘ ਸਭਾ ਸਿੰਗਾਪੁਰ ਜਰਨੀ' ਵਿਚ ਲਿਖਿਆ, "ਸਿੰਗਾਪੁਰ ਨੂੰ ਆਪਣੇ ਬਹੁ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤ ਕਰਨ ਵਿਚ ਆਪਣੀ ਭੂਮਿਕਾ ਨਿਭਾਈ।" ਉਨ੍ਹਾਂ ਨੇ ਸਿੰਗਾਪੁਰ ਦੇ ਸਿੱਖਾਂ ਦੀਆਂ ਸਮਾਜਿਕ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ, "ਸਿੱਖ ਭਾਈਚਾਰਾ ਆਪਣੇ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਨ ਅਤੇ ਪੂਰੇ ਸਮਾਜ ਨਾਲ ਜੁੜੇ ਰਹਿਣ ਵਿਚ ਵੀ ਸਰਗਰਮ ਰਿਹਾ ਹੈ।" ਜ਼ਿਕਰਯੋਗ ਹੈ ਕਿ ਸਿੰਗਾਪੁਰ ਵਿਚ 13000 ਤੋਂ ਜ਼ਿਆਦਾ ਸਿੱਖ ਵੱਸਦੇ ਹਨ।

# ਪੁਲਾੜ ਸੈਲਾਨੀ ਧਰਤੀ ਤੋਂ ਪਰੇ ਯਾਤਰਾ ਲਈ ਸ਼ਾਇਦ ਤਿਆਰ ਨਾ ਹੋਣ : ਨਾਸਾ ਪੁਲਾੜ ਯਾਤਰੀ




ਲੰਡਨ (ਭਾਸ਼ਾ) ਪੁਲਾੜ ਵਿਚ ਜਾਣ ਦੇ ਚਾਹਵਾਨ ਵਿਅਕਤੀਆਂ ਨੂੰ ਆਪਣੀ ਇਸ ਇੱਛਾ 'ਤੇ ਦੁਬਾਰਾ ਤੋਂ ਵਿਚਾਰ ਕਰਨ ਦੀ ਲੋੜ ਹੈ। ਕਿਉਂਕਿ ਅਜਿਹੀ ਉਡਾਣ ਦੀਆਂ ਆਪਣੀਆਂ ਅਜਿਹੀਆਂ ਕਈ ਮੁਸ਼ਕਲਾਂ ਹੁੰਦੀਆਂ ਹਨ ਜਿਨ੍ਹਾਂ ਲਈ ਆਮ ਲੋਕ ਪਹਿਲਾਂ ਤੋਂ ਤਿਆਰ ਨਹੀਂ ਹੁੰਦੇ ਹਨ। ਨਾਸਾ ਦੀ ਇਕ ਪੁਲਾੜ ਯਾਤਰੀ ਨੇ ਇਹ ਸਲਾਹ ਉਨ੍ਹਾਂ ਲੋਕਾਂ ਨੂੰ ਦਿੱਤੀ ਹੈ ਜੋ ਪੁਲਾੜ ਸੈਲਾਨੀ ਕੰਪਨੀਆਂ ਨਾਲ ਇਸ ਤਰ੍ਹਾਂ ਦਾ ਕੋਈ ਕਰਾਰ ਕਰ ਚੁੱਕੇ ਹਨ।ਅੱਜ ਤੱਕ ਸਿਰਫ ਰੂਸੀ ਪੁਲਾੜ ਏਜੰਸੀ, ਰੋਸਕੋਸਮੋਸ ਸਾਲ 2001 ਅਤੇ ਸਾਲ 2009 ਵਿਚਕਾਰ 2 ਕਰੋੜ ਤੋਂ 4 ਕਰੋੜ ਅਮਰੀਕੀ ਡਾਲਰ ਦੇ ਵਿਚਕਾਰ ਦੀ ਕੀਮਤ 'ਤੇ ਸੈਲਾਨੀਆਂ ਨੂੰ ਪੁਲਾੜ ਵਿਚ ਲੈ ਗਈ ਸੀ। ਹਾਲਾਂਕਿ ਬਲੂ ਓਰੀਜਨ, ਵਰਜਿਨ ਗੈਲੇਕਟਿਕ ਅਤੇ ਸਪੇਸਐਕਸ ਜਿਹੀਆਂ ਏਅਰੋਸਪੇਸ ਕੰਪਨੀਆਂ ਅਗਲੇ ਦਹਾਕਿਆਂ ਵਿਚ ਵਪਾਰਕ ਉਡਾਣਾਂ ਨੂੰ ਸ਼ੁਰੂ ਕਰ ਸਕਦੀ ਹੈ। ਐਂਜੇਲੀਨਾ ਜੌਲੀ, ਕੇਟ ਵਿੰਸਲੇਟ ਅਤੇ ਲਿਓਨਾਰਡੋ ਡੀ.ਆਈ. ਕੈਮਪ੍ਰਿਓ ਜਿਹੇ ਹਾਲੀਵੁੱਡ ਕਲਾਕਾਰਾਂ ਸਮੇਤ ਸੈਂਕੜੇ ਲੋਕ ਪਹਿਲਾਂ ਹੀ ਟਿਕਟ ਖਰੀਦ ਚੁੱਕੇ ਹਨ।ਪੁਲਾੜ ਵਿਚ ਬੱਚੇ ਨੂੰ ਜਨਮ ਦੇ ਕੇ ਪਹਿਲੀ ਮਾਂ ਬਨਣ ਦਾ ਮਾਣ ਹਾਸਲ ਕਰਨ ਵਾਲੀ ਨਾਸਾ ਪੁਲਾੜ ਯਾਤਰੀ ਅੰਨਾ ਫਿਸ਼ਰ ਨੇ ਚਿਤਾਵਨੀ ਦਿੱਤੀ ਹੈ ਕਿ ਪੁਲਾੜ ਉਡਾਣ ਦੀਆਂ ਮੁਸ਼ਕਲਾਂ ਲਈ ਕਈ ਲੋਕ ਤਿਆਰ ਨਹੀਂ ਹਨ।ਉਨ੍ਹਾਂ ਨੇ ਕਿਹਾ ਕਿ ਆਮ ਲੋਕ ਇਸ ਦੀਆਂ ਸਖ਼ਤ ਤਿਆਰੀਆਂ ਦੇ ਆਦੀ ਨਹੀਂ ਹੁੰਦੇ ਅਤੇ ਇਸ ਨਾਲ ਉਨ੍ਹਾਂ ਦੇ ਸਰੀਰ 'ਤੇ ਉਲਟ ਪ੍ਰਭਾਵ ਪੈਂਦਾ ਹੈ। ਫਿਸ਼ਨ ਨੇ ਕਿਹਾ ਕਿ ਉਹ ਸਾਲ 1984 ਵਿਚ ਡਿਸਕਵਰੀ ਸਪੇਸ ਸ਼ਟਲ 'ਤੇ ਆਪਣੇ ਮਿਸ਼ਨ ਦੇ ਪਹਿਲੇ ਦੋ ਦਿਨਾਂ ਤੱਕ ਬੀਮਾਰ ਸੀ।ਉਨ੍ਹਾਂ ਨੇ ਚਿੰਤਾ ਜ਼ਾਹਰ ਕੀਤੀ ਕਿ ਸੈਂਕੜੇ ਹਜ਼ਾਰ ਪੌਂਡ ਦਾ ਭੁਗਤਾਨ ਕਰਨ ਵਾਲੇ ਲੋਕ ਪੂਰੀ ਤਰ੍ਹਾਂ ਨਾਲ ਨਹੀਂ ਜਾਣਦੇ ਕੀ ਹੋ ਸਕਦਾ ਹੈ।

# ਲੀਬੀਆ ਦੇ ਤੱਟ ਤੋਂ ਲੱਗਭਗ 1000 ਪ੍ਰਵਾਸੀਆਂ ਨੂੰ ਬਚਾਇਆ ਗਿਆ



ਤ੍ਰਿਪੋਲੀ- ਲੀਬੀਆ ਦੇ ਤੱਟ ਰੱਖਿਅਕ ਬਲ ਨੇ ਭੂ-ਮੱਧ ਸਾਗਰ ਖੇਤਰ ਵਿਚ ਆਪਣੀਆਂ ਕਿਸ਼ਤੀਆਂ ਵਿਚ ਸੰਕਟ ਵਿਚ ਫਸੇ ਲੱਗਭਗ 1000 ਪ੍ਰਵਾਸੀਆਂ ਨੂੰ ਬਚਾਇਆ ਹੈ। ਜਲ-ਸੈਨਾ ਨੇ ਅੱਜ ਇਹ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਹ ਲੋਕ ਯੂਰਪ ਵੱਲ ਜਾ ਰਹੇ ਸਨ।ਜਲ-ਸੈਨਾ ਦੇ ਬੁਲਾਰੇ ਅਯੂਬ ਕਾਸਿਮ ਨੇ ਦੱਸਿਆ ਕਿ ਕੱਲ ਚਲਾਈਆਂ ਗਈਆਂ 3 ਵੱਖ-ਵੱਖ ਮੁਹਿੰਮਾਂ ਵਿਚ ਤੱਟ ਰੱਖਿਅਕ ਬਲ ਕੁੱਲ 948 ਪ੍ਰਵਾਸੀਆਂ ਨੂੰ ਲੀਬੀਆ ਦੇ ਤੱਟ 'ਤੇ ਲਿਆਏ। ਜਲ-ਸੈਨਾ ਅਧਿਕਾਰੀ ਰਾਮੀ ਘੋਮਏਦ ਨੇ ਦੱਸਿਆ ਕਿ ਪ੍ਰਵਾਸੀ ਛੋਟੀ ਕਿਸ਼ਤੀ 'ਤੇ ਸਨ ਅਤੇ ਰਾਜਧਾਨੀ ਤ੍ਰਿਪੋਲੀ ਦੇ ਪੂਰਬੀ ਤੱਟ 'ਤੇ ਭੂ-ਮੱਧ ਸਾਗਰ ਖੇਤਰ ਵਿਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਸਨ। ਕਾਸਿਮ ਨੇ ਦੱਸਿਆ ਕਿ ਪਹਿਲਾਂ 97 ਪ੍ਰਵਾਸੀਆਂ ਦੇ ਇਕ ਸਮੂਹ ਨੂੰ ਬਚਾਇਆ ਗਿਆ, ਜਦੋਂ ਕਿ ਦੂਜੀ ਮੁਹਿੰਮ ਵਿਚ 361 ਲੋਕਾਂ ਨੂੰ ਬਚਾਇਆ ਗਿਆ, ਜਿਸ ਵਿਚ 88 ਔਰਤਾਂ ਅਤੇ 44 ਬੱਚੇ ਸ਼ਾਮਲ ਸਨ ਅਤੇ ਕੱਲ ਦੇਰ ਸ਼ਾਮ 490 ਪ੍ਰਵਾਸੀਆਂ ਦੇ ਇਕ ਸਮੂਹ ਨੂੰ ਬਚਾਇਆ ਗਿਆ।ਇਸ ਦੌਰਾਨ ਇਟਲੀ ਦੇ ਗ੍ਰਹਿ ਮੰਤਰੀ ਮਤੇਓ ਸਲਵਿਨੀ ਨੇ ਸਮੁੰਦਰ ਵਿਚ ਫਸੇ ਪ੍ਰਵਾਸੀਆਂ ਨੂੰ ਬਚਾਉਣ ਲਈ ਲੀਬੀਆਈ ਅਧਿਕਾਰੀਆਂ ਨੂੰ ਧੰਨਵਾਦ ਕਿਹਾ। ਉਨ੍ਹਾਂ ਟਵੀਟ ਕੀਤਾ, 'ਮੈਂ ਅਧਿਕਾਰੀਆਂ ਅਤੇ ਲੀਬੀਆ ਤੱਟ ਰੱਖਿਅਕ ਬਲ ਦਾ ਇਕ ਮੰਤਰੀ ਅਤੇ ਪਿਤਾ ਦੇ ਰੂਪ ਵਿਚ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ।' ਉਨ੍ਹਾਂ ਕਿਹਾ, 'ਅੱਜ ਉਨ੍ਹਾਂ ਨੇ ਉਨ੍ਹਾਂ ਦੀ ਜਾਨ ਬਚਾਈ ਅਤੇ ਉਹ 820 ਪ੍ਰਵਾਸੀਆਂ ਨੂੰ ਲੀਬੀਆ ਵਾਪਸ ਲਿਆਏ।'

# ਨਸ਼ਟ ਹੋਣ ਵਾਲਾ ਪਲਾਸਟਿਕ ਬਣਾਉਣ ਦੀ ਦਿਸ਼ਾ ਵਲ ਵਧੇ ਕਦਮ



ਵਾਸ਼ਿੰਗਟਨ- ਜ਼ਮੀਨ ਤੋਂ ਲੈ ਕੇ ਸਮੁੰਦਰ ਤੱਕ ਵਧ ਰਿਹਾ ਪਲਾਸਟਿਕ ਪ੍ਰਦੂਸ਼ਣ ਪੂਰੇ ਵਿਸ਼ਵ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਬਣ ਗਿਆ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਵਿਗਿਆਨਕ ਲੰਬੇ ਸਮੇਂ ਤੋਂ ਅਜਿਹੇ ਜੈਵਿਕ ਪਲਾਸਟਿਕ ਦਾ ਨਿਰਮਾਣ ਕਰਨ ਵਿਚ ਜੁਟੇ ਸਨ, ਜੋ ਆਸਾਨੀ ਨਾਲ ਗਲ ਸਕੇ। ਕੋਲੋਰਾਡੋ ਸਟੇਟ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੂੰ ਇਸ ਦਿਸ਼ਾ ਵਿਚ ਕੁੱਝ ਸਫਲਤਾ ਮਿਲੀ ਹੈ।ਉਨ੍ਹਾਂ ਨੇ ਬੈਕਟੀਰੀਆ, ਉਲੀ ਅਤੇ ਹੋਰ ਸੂਖਮਜੀਵਾਂ ਵੱਲੋਂ ਬਣਾਏ ਜਾਣ ਵਾਲੇ ਪਾਲੀਮਰ ਨੂੰ ਨਕਲੀ ਰੂਪ ਨਾਲ ਤਿਆਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਆਉਣ ਵਾਲੇ ਸਮੇਂ ਵਿਚ ਇਹ ਕੁਦਰਤੀ ਰੂਪ ਨਾਲ ਨਸ਼ਟ ਹੋਣ ਅਤੇ ਉੱਚ ਗੁਣਵੱਤਾ ਵਾਲੇ ਨਵਿਆਉਣਯੋਗ ਪਲਾਸਟਿਕ ਦੇ ਨਿਰਮਾਣ ਵਿਚ ਮੀਲ ਦਾ ਪੱਥਰ ਸਾਬਤ ਹੋਵੇਗਾ। ਬੈਕਟੀਰੀਅਲ ਪਾਲੀ 3-ਹਾਈਡ੍ਰੌਕਸੀਬਿਊਟਾਈਰੇਟ (ਪੀ3ਐੱਚਬੀ) ਨਾਮਕ ਇਹ ਪਾਲੀਮਰ ਉਦਯੋਗਿਕ ਨਿਰਮਾਣ ਵਿਚ ਇਸਤੇਮਾਲ ਹੋਣ ਵਾਲੇ ਪੈਟਰੋਲੀਅਮ ਪਲਾਸਟਿਕ ਦੀ ਜਗ੍ਹਾ ਲੈ ਸਕਦਾ ਹੈ।ਪਹਿਲਾਂ ਇਸ ਦਾ ਇਸਤੇਮਾਲ ਸਿਰਫ ਬਾਇਓਮੈਡੀਕਲ ਖੇਤਰ ਵਿਚ ਕੀਤਾ ਜਾਂਦਾ ਸੀ। ਵਿਗਿਆਨਕਾਂ ਨੇ ਘੱਟ ਖਰਚ ਵਿਚ ਨਕਲੀ ਪੀ3ਐੱਚਬੀ ਦਾ ਨਿਰਮਾਣ ਕਰਨ ਲਈ ਸਕਸੀਨੇਟ ਨਾਮਕ ਪਦਾਰਥ ਦਾ ਇਸਤੇਮਾਲ ਕੀਤਾ।ਇਹ ਪਦਾਰਥ ਸਕਸੀਨਿਕ ਐਸਿਡ ਅਤੇ ਐਲਕੋਹਲ ਦੀ ਪ੍ਰਤੀਕਿਰਿਆ ਨਾਲ ਬਣਦਾ ਹੈ।ਸਕਸੀਨੇਟ ਦੇ ਇਸਤੇਮਾਲ ਨਾਲ ਬਣਾਏ ਗਏ ਪੀ3ਐੱਚਬੀ ਅਤੇ ਸੂਖਮਜੀਵਾਂ ਵੱਲੋਂ ਬਣਾਏ ਗਏ ਪੀ3ਐੱਚਬੀ ਦੀਆਂ ਵਿਸ਼ੇਸ਼ਤਾਵਾਂ ਇਕੋ ਵਰਗੀਆਂ ਹਨ। ਖੋਜਕਰਤਾਵਾਂ ਮੁਤਾਬਕ ਇਸ ਨਕਲੀ ਪਾਲੀਮਰ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਘੱਟ ਕੀਮਤ ਅਤੇ ਜ਼ਿਆਦਾ ਤੇਜ਼ੀ ਨਾਲ ਵੱਡੀ ਗਿਣਤੀ ਵਿਚ ਇਸ ਦਾ ਉਤਪਾਦਨ ਕੀਤਾ ਜਾ ਸਕਦਾ ਹੈ।

# ਆਸਟ੍ਰੇਲੀਆ ਮਹਾਨ ਬੈਰੀਅਰ ਰੀਫ ਦੀ ਸੁਰੱਖਿਆ ਕਰਨ 'ਚ ਅਸਫਲ : ਰਿਪੋਰਟ



ਸਿਡਨੀ (ਬਿਊਰੋ) ਆਸਟ੍ਰੇਲੀਆ ਜ਼ਮੀਨ ਅਕਵਾਇਰ ਦੇ ਪ੍ਰਭਾਵਾਂ ਤੋਂ ਪ੍ਰਭਾਵਿਤ ਗ੍ਰੇਟ ਬੈਰੀਅਰ ਰੀਫ ਦੀ ਰੱਖਿਆ ਲਈ ਆਪਣੀਆਂ ਵਚਨਬੱਧਤਾਵਾਂ ਦੀ ਉਲੰਘਣਾ ਕਰ ਰਿਹਾ ਹੈ। ਵਾਤਾਵਰਣ ਸਮੂਹਾਂ ਨੇ ਸੋਮਵਾਰ ਨੂੰ ਇਹ ਦਾਅਵਾ ਕੀਤਾ ਅਤੇ ਕਥਿਤ ਅਸਫਲਤਾਵਾਂ ਦੀ ਜਾਂਚ ਲਈ ਸੰਯੁਕਤ ਰਾਸ਼ਟਰ ਨੂੰ ਬੇਨਤੀ ਕੀਤੀ।ਉੱਧਰ ਕੈਨਬਰਾ ਨੇ ਰੀਫ ਦੀ ਰੱਖਿਆ ਲਈ ਕੋਸ਼ਿਸ਼ਾਂ ਨੂੰ ਵਧਾਉਣ ਦਾ ਦਾਅਵਾ ਕੀਤਾ ਹੈ ਪਰ ਸਮੂਹਾਂ ਨੇ ਕਿਹਾ ਕਿ ਫੈਡਰਲ ਸਰਕਾਰ ਵਿਸ਼ਵ ਵਿਰਾਸਤ ਸੂਚੀ ਖੇਤਰ ਲਈ ਇਕ ਪ੍ਰਮੁੱਖ ਖਤਰੇ ਨੂੰ ਰੋਕਣ ਵਿਚ ਅਸਫਲ ਰਹੀ ਹੈ।ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੰਗਲਾਂ ਦੀ ਕਟਾਈ ਰੀਫ ਖੋਰਨ ਨੂੰ ਵਧਾਉਂਦੀ ਹੈ ਤੇ ਪਾਣੀ ਦੀ ਗੁਣਵੱਤਾ ਘੱਟ ਹੁੰਦੀ ਹੈ। ਸੰਯੁਕਤ ਰਾਸ਼ਟਰ ਨੂੰ ਲਿਖੀ ਇਕ ਚਿੱਠੀ ਵਿਚ ਵਾਈਲਡਨੈੱਸ ਸੋਸਾਇਟੀ ਆਫ ਡਬਲਊ.ਡਬਲਊ.ਐੱਫ. ਆਸਟ੍ਰੇਲੀਆ, ਆਸਟ੍ਰੇਲੀਆਈ ਸੁਰੱਖਿਆ ਫਾਊਂਡੇਸ਼ਨ ਅਤੇ ਆਸਟ੍ਰੇਲੀਆਈ ਸਮੁੰਦਰੀ ਸੁਰੱਖਿਆ ਸੋਸਾਇਟੀ ਨੇ ਤੁਰੰਤ ਜਾਂਚ ਦੀ ਮੰਗ ਕੀਤੀ ਕਿਉਂਕਿ ਯੂਨੇਸਕੋ ਦੀ ਵਿਸ਼ਵ ਵਿਰਾਸਤ ਕਮੇਟੀ ਦੀ ਸਾਲਾਨਾ ਬੈਠਕ ਬਹਿਰੀਨ ਵਿਚ ਸ਼ੁਰੂ ਹੋ ਚੁੱਕੀ ਹੈ।ਆਸਟ੍ਰੇਲੀਆ ਦੇ ਸੁਰੱਖਿਆ ਫਾਊਂਡੇਸ਼ਨ ਦੇ ਪ੍ਰਧਾਨ ਕੇਲੀ ਓਸ਼ਾਨਸ਼ੀ ਨੇ ਇਕ ਬਿਆਨ ਵਿਚ ਕਿਹਾ, "ਕਲੀਅਰਿੰਗ ਨੂੰ ਅੱਗੇ ਵਧਾਉਣ ਦੀ ਇਜਾਜ਼ਤ ਦੇਣਾ ਉਚਿਤ ਨਹੀਂ ਕਿਉਂਕਿ ਗ੍ਰੇਟ ਬੈਰੀਅਰ ਰੀਫ ਦੀ ਰੱਖਿਆ ਅਤੇ ਮੁੜ ਉਸਾਰੀ ਦਾ ਵਾਇਦਾ ਆਸਟ੍ਰੇਲੀਆਈ ਸਰਕਾਰ ਦੇ ਕੌਮਾਂਤਰੀ ਭਾਈਚਾਰੇ ਨਾਲ ਕੀਤੇ ਵਾਅਦਿਆਂ ਦੇ ਅਨੁਕੂਲ ਨਹੀਂ ਹੈ।" ਵਾਤਵਰਣ ਮੰਤਰੀ ਜੋਸ਼ ਫ੍ਰਾਈਡਨਬਰਗ ਨੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਅਤੇ ਕਿਹਾ ਕਿ ਜ਼ਮੀਨ ਅਕਵਾਇਰ ਦੀ ਯੋਜਨਾਬੰਦੀ ਅਤੇ ਮਨਜ਼ੂਰੀ ਦੀ ਜ਼ਿੰਮੇਵਾਰੀ ਸੂਬਿਆਂ ਨਾਲ ਹੈ।ਉਨ੍ਹਾਂ ਨੇ ਕਿਹਾ ਕਿ ਕੈਨਬਰਾ ਨੇ ਸੰਯੁਕਤ ਰਾਸ਼ਟਰ ਤੋਂ 2.0 ਅਰਬ ਆਸਟ੍ਰੇਲੀਆਈ ਡਾਲਰ "ਰੀਫ 2050" ਰੀਫ ਦੀ ਰੱਖਿਆ ਲਈ 'ਮਹੱਤਵਪੂਰਣ ਪ੍ਰਸ਼ੰਸਾ' ਜਿੱਤੀ ਸੀ। ਫ੍ਰਾਈਡਨਬਰਗ ਨੇ ਇਕ ਬਿਆਨ ਵਿਚ ਕਿਹਾ, "ਇਸ ਨਿਵੇਸ਼ ਦੇ ਸ਼ਿਖਰਾਂ 'ਤੇ ਸਰਕਾਰ ਨੇ ਇਕ ਹੋਰ 500 ਮਿਲੀਅਨ ਆਸਟ੍ਰੇਲੀਆਈ ਡਾਲਰ ਦਾ ਨਿਵੇਸ਼ ਕੀਤਾ ਹੈ ਜੋ ਕਿ ਆਸਟ੍ਰੇਲੀਆ ਦੇ ਇਤਿਹਾਸ ਵਿਚ ਰੀਫ ਸੁਰੱਖਿਆ ਅਤੇ ਬਹਾਲੀ ਵਿਚ ਸਭ ਤੋਂ ਵੱਡੇ ਨਿਵੇਸ਼ ਦੀ ਪ੍ਰਧਾਨਗੀ ਕਰਦਾ ਹੈ।" ਗ੍ਰੇਟ ਬੈਰੀਅਰ ਰੀਫ ਆਸਟ੍ਰੇਲੀਆ ਦੇ ਸਭ ਤੋਂ ਮਸ਼ਹੂਰ ਕੁਦਰਤੀ ਅਜੂਬਿਆਂ ਵਿਚੋਂ ਇਕ ਹੈ ਅਤੇ ਪੂਰਬੀ-ਉੱਤਰੀ ਤੱਟ ਦੇ ਨਾਲ 2,300 ਕਿਲੋਮੀਟਰ ਤੋਂ ਵੱਧ ਖੇਤਰ ਵਿਚ ਫੈਲਿਆ ਹੋਇਆ ਹੈ।




*Nassau County Executive*

**LAURA CURRAN**

*Nassau County Presiding Officer*

**RICHARD NICOLELLO**

*Cordially invite you to*

# THE ANNUAL VAISAKHI CELEBRATION

**FRIDAY, JUNE 22ND, 2018 @ 6:00PM**

***Theodore Roosevelt Executive & Legislative Building***
***Legislative Chamber***
***1550 Franklin Ave, Mineola, NY 11501***

***For More Information Please Call***

| | | | |
|---|---|---|---|
| *Jasbir Jay Singh* | *Pinky Jaggi* | *Sharanjit Thind* | *Zahid Syed* |
| *516-857-5297* | *516-330-7323* | *917-612-3158* | *516-832-6151* |

***Host Committee:***


*Kawaljit Chandi, Herman Singh, Jaya Bahadkar, Paul Bindra, Lalit Arey, Beena Kothari, Bhavani Srinivasan, Ajay Vir Sondhi, Vishal Sharma, Satnam S. Parhar, Harpreet S. Toor, Veena Lamba, Jyoti Gupta, Jaspal (Tony) Arora*



***By Invitation ONLY***

*Please RSVP by June 19th at nassauRSVP@gmail.com*

*Dinner will be served*



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ
PUNJABI DUNIYA




www.punjabiduniya.com

https://www.facebook.com/punjabiduniya

## ਸਰਕਾਰਾਂ ਬਦਲੀਆਂ ਪਰ ਤਕਦੀਰ ਨਹੀਂ ਬਦਲੀ ਮਾਵਾਂ ਦੀ

# ਲਗਾਤਾਰ ਹੋ ਰਹੀਆਂ ਹਨ ਚਿੱਟੇ ਦੇ ਓਵਰਡੋਜ਼ ਨਾਲ ਮੌਤਾਂ





ਚੰਡੀਗੜ੍ਹ- 'ਤੇਰੇ ਬਾਪੂ ਦੀ ਸ਼ਰਾਬ ਨੇ ਸੀ ਜਵਾਨੀ ਰੋਲਤੀ, ਵੇ ਪੁੱਤ ਤੇਰੇ ਨਸ਼ਿਆ ਨੇ ਮੇਰਾ ਬੁਢਾਪਾ ਰੋਲਤਾ।' ਇੱਕ ਵਾਰ ਫਿਰ ਇਹ ਲਾਈਨਾਂ ਪੰਜਾਬ ਦੇ ਵਿੱਚ ਫੈਲੇ ਨਸ਼ੇ ਦੇ ਪ੍ਰਕੋਪ ਤੇ ਸਟੀਕ ਬੈਠਦੀਆਂ ਹਨ.. ਜੇ ਤੁਸੀਂ ਇਸ ਵੀਡੀਓ 'ਚ ਬੁਰੀ ਤਰ੍ਹਾਂ ਨਾਲ ਰੋਂਦੀ-ਕਰਲਾਉਂਦੀ ਔਰਤ ਨੂੰ ਵੇਖ ਸੋਚ ਰਹੇ ਹੋ ਕਿ ਇਹ ਕੌਣ ਹੈ ਤੇ ਇਸਦੀ ਅਜਿਹੀ ਹਾਲਤ ਕਿਉਂ ਹੋ ਗਈ ਹੈ ਤਾਂ ਸਭ ਤੋਂ ਪਹਿਲਾ ਦੱਸ ਦੇਈਏ ਕਿ ਇਹ ਵੀਡੀਓ ਆਈ ਹੈ ਕੋਟਕਪੁਰਾ ਦੇ ਪ੍ਰੇਮਨਗਰ ਤੋਂ ਜਿੱਥੇ ਬੀਤੇ ਦਿਨ ਇੱਕ ਹੋਰ ਪੰਜਾਬੀ ਗੱਭਰੂ ਚਿੱਟੇ ਦੇ ਨਸ਼ੇ ਦਾ ਸ਼ਿਕਾਰ ਹੋ ਗਿਆ। ਇਹ ਔਰਤ, ਉਸ ਮੁੰਡੇ ਦੀ ਮਾਂ ਆਪਣੇ ਪੁੱਤ ਦੀ ਮੌਤ ਤੇ ਵਿਰਲਾਪ ਕਰ ਰਹੀ ਹੈ। ਔਰਤ ਰੱਬ ਨੂੰ ਵਾਸਤੇ ਪਾ ਰਹੀ ਹੈ ।ਪਰ ਪੰਜਾਬ ਦੀ ਜਵਾਨੀ ਇਹ ਤਸਵੀਰ ਬਹੁਤ ਦਰਦਨਾਕ ਹੈ। ਔਰਤ ਦੇ ਬੋਲ ਹਨ ਕਿ 'ਹਾਏ ਉਏ ਰੱਬਾ, ਮੈਂ ਕੱਖ ਜੋਗੀ ਨੀ ਰਹਿ ਗਈ, ਮੈਂ ਲੁੱਟੀ ਗਈ।'

ਵੀਡੀਓ 'ਚ ਦਾਅਵੇ ਦੇ ਅਨੁਸਾਰ ਕੋਟਕਪੁਰਾ ਦੇ ਪ੍ਰੇਮਨਗਰ 'ਚ ਇੱਕ ਨੌਜਵਾਨ ਦੀ ਮੌਤ ਚਿੱਟੇ ਦੀ ਓਵਰਡੋਜ਼ ਕਰਕੇ ਹੋਈ ਹੈ। ਇਹ ਵੀ ਦਾਅਵਾ ਹੈ ਕਿ ਇਸ ਇਲਾਕੇ ਦੇ 80% ਨੌਜਵਾਨ ਚਿੱਟੇ ਦਾ ਸ਼ਿਕਾਰ ਹਨ। ਤੇ ਪੁਲਿਸ ਦੀ ਮਦਦ ਨਾਲ ਚਿੱਟਾ ਸ਼ਰੇਆਮ ਵਿੱਕ ਰਿਹਾ। ਨੌਜਵਾਨ ਦੇ ਹੱਥ 'ਚ ਮੌਤ ਸਮੇਂ ਵੀ ਇੱਕ ਟੀਕਾ ਫੜਿਆ ਹੋਇਆ। ਨੌਜਵਾਨ ਦੀ ਮਾਂ ਦਾ ਇਸ ਤਰ੍ਹਾਂ ਆਪਣੇ ਪੁੱਤ ਦੀ ਲਾਸ਼ ਕੋਲ ਵਿਰਲਾਪ ਕਰਨਾ ਕਿਸੇ ਦੇ ਵੀ ਦਿਲ ਵਲੂੰਧਰ ਸਕਦਾ। ਕੋਟਕਪੁਰਾ ਥਾਣੇ 'ਚ ਫ਼ੋਨ ਕਰਨ ਤੋਂ ਬਾਅਦ ਜੋ ਜਾਣਕਾਰੀ ਸਾਨੂੰ ਮਿਲੀ ਇਸਦੇ ਅਨੁਸਾਰ ਐੱਸ ਆਈ ਗੁਰਜੰਟ ਸਿੰਘ ਇਸ ਘਟਨਾ ਦੇ ਮੌਕੇ ਤੇ ਗਏ ਸਨ। ਪਰ ਗੁਰਜੰਟ ਸਿੰਘ ਦਾ ਕਹਿਣਾ ਹੈ ਕਿ ਮੌਤ ਦੌਰਾ ਪੈਣ ਕਾਰਨ ਹੋਈ ਜਦੋ ਉਨ੍ਹਾਂ ਤੋਂ ਨਸ਼ੇ ਦੀ ਵਰਤੋਂ ਬਾਰੇ ਪੱਛਿਆ ਗਿਆ ਤਾਂ ਉਨ੍ਹਾਂ ਨੇ ਪੁਲਿਸ ਅਫ਼ਸਰ ਗੁਰਵਿੰਦਰ ਸਿੰਘ ਨਾਲ ਸੰਪਰਕ ਕਰਨ ਨੂੰ ਕਿਹਾ। ਜੋ ਉਨ੍ਹਾਂ ਨਾਲੋਂ ਪਹਿਲਾ ਉੱਥੇ ਪਹੁੰਚੇ ਸਨ .ਗੁਰਵਿੰਦਰ ਸਿੰਘ ਨੇ ਮੀਟਿੰਗ ਚ ਬੀਜ਼ੀ ਹੋਣ ਦਾ ਹਵਾਲਾ ਦੇਕੇ ਬਾਅਦ 'ਚ ਕਾੱਲ ਕਰਨ ਨੂੰ ਕਿਹਾ।

ਪੰਜਾਬ ਵਿੱਚ ਚਿੱਟੇ ਜਾਂ ਕਹਿ ਲਵੋ ਖਤਰਨਾਕ ਨਸ਼ਿਆਂ ਦਾ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ ਅਤੇ ਆਏ ਦਿਨ ਨੌਜਵਾਨਾਂ ਦੀਆਂ ਮੌਤਾਂ ਦੀਆਂ ਖਬਰਾਂ ਆ ਰਹੀਆਂ ਹਨ। ਕਲ੍ਹ ਛਰਹੇਟਾ ਤੋਂ ਖਬਰ ਆਈ ਸੀ ਜਿਥੇ ਦੋ ਨੌਜਵਾਨਾਂ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ ਸੀ। ਲੋਕਾਂ ਨੂੰ ਉਦੋਂ ਪਤਾ ਲੱਗਿਆ ਜਦੋਂ ਘਰ ਵਿੱਚ ਲਾਸ਼ਾਂ ਦੇ ਸੜਨ ਦੀ ਬਦਬੂ ਆਉਣ ਲੱਗ ਪਈ। ਲਾਸ਼ਾਂ ਕੋਲੋਂ ਨਸ਼ੇ ਦੇ ਟੀਕੇ ਮਿਲੇ ਸਨ। ਇਹ ਖਬਰ ਅੱਜ ਦੀਆਂ ਅਖਬਾਰਾਂ ਦੀ ਸੁਰਖੀ ਬਣੀ ਹੋਈ ਹੈ। ਇਸੇ ਪ੍ਰਕਾਰ ਬਾਘਾਪੁਰਾਣਾ ਦੇ ਪੈਸ਼ਨ ਆਈਲੈਟਸ ਸੈਂਟਰ ਵਿੱਚ ਕੰਮ ਕਰਦੇ ਨਿੱਕਾ ਸਿੰਘ ਦੀ ਮੌਤ ਵੀ ਚਿੱਟੇ ਦੀ ਓਪਰਡੋਜ਼ ਦੇ ਕਾਰਨ ਮੌਤ ਹੋ ਗਈ। ਕਲ੍ਹ ਦੀ ਇਕ ਖਬਰ ਇਹ ਹੈ ਕਿ ਨਾਭਾ ਦਾ ਇਕ ਨੌਜਵਾਨ ਨਸ਼ੇ ਦੀ ਲੋਰ ਵਿੱਚ ਰੇਲਗੱਡੀ ਹੇਠ ਆ ਗਿਆ ਜਿਥੇ ਉਸ ਦੇ ਪੈਰ ਕੱਟੇ ਗਏ। ਕੁਝ ਦਿਨ ਪਹਿਲਾਂ ਵਟਸਐਪ ਉਤੇ ਇਕ 6 ਫੁੱਟ ਲੰਬੇ ਨੌਜਵਾਨ ਦੀ ਫੋਟੋ ਆਈ ਜੋ ਕਿ ਇੱਖ ਦੇ ਖੇਤ ਵਿੱਚ ਮਰਿਆ ਹੋਇਆ ਦੇਖਿਆ ਗਿਆ। ਨਾਲ ਉਸ ਦੇ ਮਾਂ ਬਾਪ ਰੋਂਦੇ ਦਿਖਾਈ ਦੇ ਰਹੇ ਹਨ। ਇਹ ਨੌਜਵਾਨ ਵੀ ਨਸ਼ੇ ਦੀ ਓਵਰਡੋਜ਼ ਨਾਲ ਹੀ ਮਰਿਆ ਹੈ। ਇਹ ਤਾਂ ਕੁਝ ਚੋਣਵੀਆਂ ਖਬਰਾਂ ਹਨ। ਇਹ ਰੋਜ਼ ਦਾ ਸਿਲਸਿਲਾ ਹੋ ਗਿਆ ਹੈ। ਪਿਛਲੇ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਲੋਕਾਂ ਦਾ ਦੋਸ਼ ਸੀ ਕਿ ਅਕਾਲੀ ਲੀਡਰ ਨਸ਼ੇ ਦਾ ਵਪਾਰ ਕਰਦੇ ਹਨ। ਉਦੋਂ ਕਾਂਗਰਸ ਨੇ ਅਕਾਲੀ ਦਲ ਦੇ ਖਿਲਾਫ ਪ੍ਰਚਾਰ ਕੀਤਾ ਸੀ ਅਤੇ ਆਮ ਆਦਮੀ ਪਾਰਟੀ ਦੇ ਲੀਡਰ ਵੀ ਇਹੋ ਕੁਝ ਕਹਿ ਰਹੇ ਸਨ। ਪਰ ਸਰਕਾਰ ਬਦਲਣ ਨਾਲ ਕੁਝ ਵੀ ਨਹੀਂ ਬਦਲਿਆ। ਨਸ਼ੇ ਜਿਉਂ ਦੀ ਤਿਉਂ ਚਲ ਰਹੇ ਹਨ ਅਤੇ ਇਹ ਨਸ਼ੇ ਵੀ ਬਹੁਤ ਹੀ ਖਤਰਨਾਕ ਹਨ।

# ਔਰਤਾਂ ਵੀ ਹੋ ਰਹੀਆਂ ਨੇ ਚਿੱਟੇ ਦੀ ਸ਼ਿਕਾਰ

## ਨਸ਼ੇ ਦੀ ਆਦੀ ਹੋਈ ਔਰਤ ਨੇ ਘਰ-ਬਾਰ ਵੇਚਿਆ, ਪਤੀ ਨੂੰ ਪਿਆ ਛੱਡਣਾ



ਫਰੀਦਕੋਟ - ਪੰਜਾਬ ਵਿੱਚ ਨਸ਼ੇ ਦੇ ਜਾਲ ਵਿੱਚ ਸਿਰਫ਼ ਆਦਮੀ ਹੀ ਨਹੀਂ ਸਗੋਂ ਮਹਿਲਾਵਾਂ ਵੀ ਫਸ ਚੁੱਕੀਆਂ ਹਨ ਤੇ ਇੱਕ ਅਜਿਹਾ ਹੀ ਮਾਮਲਾ ਫਰੀਦੋਕਟ ਤੋਂ ਦੇਖਣ ਨੂੰ ਮਿਲਿਆ ਜਿੱਥੇ ਇੱਕ ਮਹਿਲਾ ਚਿੱਟੇ ਦੀ ਇੰਨੀ ਆਦਿ ਹੋ ਗਈ ਸੀ ਕਿ ਉਸਨੇ ਆਪਣੀ ਦੁਕਾਨ ਦਾ ਸਾਰਾ ਸਾਮਾਨ ਤੱਕ ਵੇਚ ਦਿੱਤਾ। ਕੋਟਕਪੁਰਾ ਦੀ ਰਹਿਣ ਵਾਲੀ 32 ਸਾਲਾਂ ਇਸ ਮਹਿਲਾ ਦਾ ਪਤੀ ਉਸਨੂੰ ਛੱਡ ਕੇ ਚਲਾ ਗਿਆ ਹੈ ਤੇ ਉਸਦੇ ਦੋ ਬੱਚੇ ਹਨ। ਜਾਣਕਾਰੀ ਮੁਤਾਬਕ ਇਹ ਬਿਊਟੀ ਪਾਰਲਰ ਦੀ ਦੁਕਾਨ ਚਲਾਉਂਦੀ ਸੀ ਪਰ ਨਸ਼ੇ ਦੀ ਇੰਨੀ ਭੈੜੀ ਲੱਤ ਲੱਗੀ ਕਿ ਇਸਨੇ ਆਪਣੀ ਦੁਕਾਨ ਦਾ ਸਾਰਾ ਸਾਮਾਨ ਵੇਚ ਦਿੱਤਾ। ਪੀੜਿਤ ਮਹਿਲਾ ਨੇ ਆਪਣੀ ਹੱਡਬੀਤੀ ਸੁਣਾਉਂਦੇ ਹੋਏ ਕਿਹਾ ਕਿ ਉਸਦਾ ਪਤੀ ਉਸਨੂੰ ਛੱਡ ਕੇ ਚਲਾ ਗਿਆ ਸੀ ਤੇ ਉਹ ਆਪਣਾ ਤੇ ਆਪਣੇ ਬੱਚਿਆਂ ਦਾ ਗੁਜ਼ਾਰਾ ਬਹੁਤ ਔਖਾ ਕਰਦੀ ਸੀ। ਉਸਦਾ ਇੱਕ ਬਿਊਟੀ ਪਾਰਲਰ ਸੀ ਪਰ ਉਹ ਵੀ ਜ਼ਿਆਦਾ ਦੇਰ ਨਾ ਚੱਲ ਸਕਿਆ ਕਿਉਂਕਿ ਉਸਦਾ ਸਾਮਾਨ ਖ਼ਤਮ ਹੋ ਗਿਆ ਸੀ ਤੇ ਨਵਾਂ ਸਾਮਾਨ ਲਿਆਉਣ ਲਈ ਉਸ ਕੋਲ ਪੈਸੇ ਨਹੀਂ ਸਨ। ਜਿਸ ਕਾਰਣ ਉਹ ਅਕਸਰ ਪਰੇਸ਼ਾਨ ਰਹਿੰਦੀ ਸੀ ਪਰ ਫਿਰ ਇੱਕ ਦਿਨ ਉਸ ਘਰ ਕੁੱਝ ਵਿਅਕਤੀ ਆਏ ਤੇ ਉਨ੍ਹਾਂ ਨੇ ਉਸਨੂੰ ਨਸ਼ੇ ਦੀ ਲੱਤ ਲਾ ਦਿੱਤੀ। ਤੇ ਉਹ ਨਸ਼ੇ ਦੀ ਇੰਨੀ ਆਦਿ ਹੋ ਚੁੱਕੀ ਸੀ ਕਿ ਉਸਨੂੰ ਉਹ ਕੰਮ ਵੀ ਕਰਨਾ ਪਿਆ ਜੋ ਉਸਨੇ ਸੋਚਿਆ ਨਹੀਂ ਸੀ। ਫਿਰ ਸਮਾਜ ਸੇਵੀ ਸੰਸਥਾ ਸਿਟੀਜ਼ਨ ਸੇਵਾ ਸੋਸਾਇਟੀ ਦੇ ਸੰਪਰਕ ਵਿੱਚ ਆਈ ਤੇ ਉਸਦਾ ਨਸ਼ਾ ਛੁਡਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਤੇ ਮੌਜੂਦਾ ਸਮੇਂ ਉਹ ਸੰਤ ਬਾਬਾ ਗਰੀਬ ਦਾਸ ਆਸ਼ਰਮ ਵਿੱਚ ਰਹਿ ਰਹੀ ਹੈ ਜਿੱਥੇ ਉਸਦੀ ਦੇਖਭਾਲ ਕੀਤੀ ਜਾ ਰਹੀ ਹੈ।

# ਇੱਕ ਹ਼ਫਤੇ 'ਚ ਨਸ਼ੇ ਦੀ ਓਵਰਡੋਜ਼ ਕਾਰਨ ਛੇ ਮੌਤਾਂ, ਸਰਕਾਰ ਗੂੜ੍ਹੀ ਨੀਂਦ ਸੁੱਤੀ

(ਸਫਾ ਇੱਕ ਦੀ ਬਾਕੀ) ਇਸ ਮੌਕੇ ਕਿਸੇ ਨੇ ਵੀਡੀਓ ਬਣਾਈ ਤੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਮੈਰਿਜ ਪੈਲੇਸ ਵਿੱਚ ਸੁਰੱਖਿਆ ਗਾਰਡ ਦਾ ਕੰਮ ਕਰਨ ਵਾਲੇ ਹਰਭੇਜ ਦੇ ਪਿਤਾ ਨੂੰ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਨਸ਼ੇ ਦਾ ਆਦੀ ਸੀ। 'ਆਪ' ਆਗੂ ਦਾ ਪੁੱਤਰ ਆਪਣੀ ਪਤਨੀ ਨਾਲ ਉਸ ਦੇ ਇਲਾਜ ਲਈ ਚੰਡੀਗੜ੍ਹ ਗਿਆ ਸੀ, ਪਰ ਉਸ ਦੀ ਲਾਸ਼ ਹੀ ਮਿਲੀ। ਬਲਵਿੰਦਰ ਦੀ ਮਾਂ ਨੂੰ ਪਤਾ ਸੀ ਕਿ ਉਸ ਦਾ ਪੁੱਤ ਨਸ਼ਾ ਕਰਦਾ ਹੈ, ਪਰ ਇਸ ਕਿਸਮ ਦੇ ਜਾਨਲੇਵਾ ਨਸ਼ੇ ਬਾਰੇ ਉਸ ਨੂੰ ਇਲਮ ਵੀ ਨਹੀਂ ਸੀ। ਸਾਰੇ ਮਾਪਿਆਂ ਨੇ ਸਰਕਾਰ ਨੂੰ ਇਹੋ ਅਪੀਲ ਕੀਤੀ ਹੈ ਉਨ੍ਹਾਂ ਨੇ ਤਾਂ ਆਪਣੇ ਪੁੱਤ ਗਵਾ ਲਏ ਪਰ ਕਿਸੇ ਹੋਰ ਪਰਿਵਾਰ ਨਾਲ ਅਜਿਹਾ ਦੁਖਾਂਤ ਵਾਪਰੇ, ਇਸ ਨਾਲੋਂ ਕੋਈ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉੱਧਰ, ਚਾਰ ਹ਼ਫਤਿਆਂ ਵਿੱਚ ਨਸ਼ੇ ਦੇ ਖ਼ਾਤਮੇ ਦੀ ਬਾਕਾਇਦਾ ਗੁਟਕਾ ਸਾਹਿਬ ਦੀ ਸਹੁੰ ਚੁੱਕਣ ਵਾਲੇ ਕੈਪਟਨ ਅਮਰਿੰਦਰ ਸਿੰਘ ਇਸ ਮਸਲੇ 'ਤੇ ਕੁਝ ਖਾਸ ਕਰਦੇ ਵਿਖਾਈ ਨਹੀਂ ਦੇ ਰਹੇ। ਕੈਪਟਨ ਦੇ ਵਜ਼ੀਰ ਨਵਜੋਤ ਸਿੰਘ ਸਿੱਧੂ ਨੇ ਆਪਣੇ ਹਲਕੇ ਵਿੱਚ ਵਾਪਰੇ ਇਸ ਦੁਖਾਂਤ ਬਾਰੇ ਮੁੱਖ ਮੰਤਰੀ ਨੂੰ ਛੇਤੀ ਇਸ ਦਾ ਹੱਲ ਕਰਨ ਦੀ ਗੱਲ ਕਹੀ ਹੈ। ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਸ਼ਵੇਤ ਮਲਿਕ ਨੇ ਬੀਤੇ ਐਤਵਾਰ ਨੂੰ ਬਰਨਾਲਾ ਵਿੱਚ ਅੰਮ੍ਰਿਤਸਰ 'ਚ ਪਿਛਲੇ ਇੱਕ ਹ਼ਫਤੇ ਦੌਰਾਨ ਪੰਜ ਨੌਜਵਾਨਾਂ ਦੀ ਮੌਤ ਸਿਰਫ ਡਰੱਗ ਓਵਰਡੋਜ਼ ਨਾਲ ਹੋਣ ਦਾ ਦਾਅਵਾ ਕੀਤਾ ਸੀ। ਕਿਸਾਨਾਂ ਨੂੰ ਕਰਜ਼ਾ ਤੇ ਨੌਜਵਾਨਾਂ ਨੂੰ ਨਸ਼ੇ ਦਾ ਦੈਂਤ ਤੇਜ਼ੀ ਨਾਲ ਨਿਗਲ ਰਿਹਾ ਹੈ

# ਮੌਤ ਨੂੰ ਮਖੌਲਾਂ ਕਰਨ ਵਾਲੇ ਪੰਜਾਬੀ ਅੱਜ ਖੁਦਕੁਸ਼ੀਆਂ ਦੇ ਰਾਹ 'ਤੇ ਕਿਵੇਂ ਤੁਰ ਪਏ?

ਬਟਾਲਾ - ਪੰਜ ਦਰਿਆਵਾਂ ਦੀ ਧਰਤੀ ਪੰਜਾਬ ਅੰਦਰ ਪਿਛਲੇ ਕੁਝ ਸਮੇਂ ਤੋਂ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਮੁਲਾਜ਼ਮਾਂ ਅੰਦਰ ਵੱਧ ਰਹੇ ਖੁਦਕੁਸ਼ੀਆਂ ਕਰਨ ਦੇ ਅੰਕੜੇ ਜਿਥੇ ਬਹੁਤ ਹੀ ਚਿੰਤਾ ਦਾ ਵਿਸ਼ਾ ਬਣਦੇ ਜਾ ਰਹੇ ਹਨ, ਉਥੇ ਨਾਲ ਹੀ ਪੰਜਾਬ ਦਾ ਗੌਰਵਮਈ ਵਿਰਸਾ ਅਤੇ ਇਤਿਹਾਸ ਵੀ ਬਦਲਦਾ ਨਜ਼ਰ ਆ ਰਿਹਾ ਹੈ ਕਿਉਂਕਿ ਮੌਤ ਨਾਲ ਸਾਹਮਣਾ ਕਰਦਿਆਂ ਅੱਖਾਂ ਵਿਚ ਅੱਖਾਂ ਪਾ ਕੇ ਮੌਤ ਨੂੰ ਮਖੌਲਾਂ ਕਰਨ ਵਾਲੇ ਪੰਜਾਬੀ ਅੱਜ ਕਿਸ ਬੁਜ਼ਦਿਲੀ ਦੇ ਰਾਹ ਉਪਰ ਤੁਰ ਪਏ ਹਨ, ਜਿਸ ਕਰ ਕੇ ਹੱਸਦੇ-ਵੱਸਦੇ ਘਰਾਂ ਵਿਚੋਂ ਰੌਣ ਕੁਰਲਾਉਣ ਅਤੇ ਕੀਰਨੇ ਪੈਣ ਦੀਆਂ ਆਵਾਜ਼ਾਂ ਸੁਣਨ ਨੂੰ ਮਿਲ ਰਹੀਆਂ ਹਨ। ਇਸ ਲਈ ਪੰਜਾਬੀਆਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਂ ਮੋੜਨ ਲਈ ਸਾਨੂੰ ਸਾਰਿਆਂ ਨੂੰ ਇਕਜੁਟ ਹੋ ਕੇ ਯਤਨ ਕਰਨੇ ਹੋਣਗੇ ਅਤੇ ਸਮੇਂ ਦੀਆਂ ਹਕੂਮਤਾਂ ਨੂੰ ਇਨ੍ਹਾਂ ਖੁਦਕੁਸ਼ੀਆਂ ਦੇ ਕਾਰਨਾਂ ਨੂੰ ਲੱਭ ਕੇ ਸੁਧਾਰ ਕਰਨ ਲਈ ਠੋਸ ਉਪਰਾਲਿਆਂ ਨੂੰ ਸਾਹਮਣੇ ਲਿਆਉਣਾ ਹੋਵੇਗਾ।

### ਕੀ ਕਹਿੰਦੇ ਹਨ ਸਮਾਜ ਦੇ ਬੁੱਧੀਜੀਵੀ

ਇਸ ਸਬੰਧੀ ਸਮਾਜ ਦੇ ਸ਼ੁੱਭਚਿੰਤਕ ਵਰਗ ਦੇ ਬੁੱਧੀਜੀਵੀ ਅਤੇ ਸਮਾਜਸੇਵੀ ਆਗੂਆਂ 'ਚ ਸ਼ਾਮਲ ਪ੍ਰੈੱਸ ਕਲੱਬ ਦੇ ਪ੍ਰਧਾਨ ਰਾਜਿੰਦਰਪਾਲ ਸਿੰਘ ਧਾਲੀਵਾਲ, ਸਰਬੱਤ ਦਾ ਭਲਾ ਟਰੱਸਟ ਦੇ ਵਿੱਤ ਸੈਕਟਰੀ ਹਰਸਿਮਰਨ ਸਿੰਘ ਹੀਰਾ ਵਾਲੀਆ, ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਬਿੰਦੂ ਭੱਲਾ, ਰਾਇਲ ਇੰਸਟੀਚਿਊਟ ਆਫ਼ ਨਰਸਿੰਗ ਦੇ ਚੇਅਰਮੈਨ ਸੁਖਜਿੰਦਰ ਸਿੰਘ ਰੰਧਾਵਾ, ਕਰਤਾਰਪੁਰ ਰਾਵੀ ਦਰਸ਼ਨ ਅਭਿਲਾਖੀ ਸੰਸਥਾ ਦੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ, ਉੱਘੇ ਉਦਯੋਗਪਤੀ ਸੁਖਜਿੰਦਰ ਸਿੰਘ ਘਟੋੜਾ ਰਾਜਿੰਦਰਾ ਫਾਊਂਡਰੀ, ਜਨ ਕਲਿਆਣ ਸੋਸਾਇਟੀ ਦੇ ਸਟੇਟ ਐਵਾਰਡੀ ਪ੍ਰਧਾਨ ਹਰਮਨਜੀਤ ਸਿੰਘ ਗੁਰਾਇਆ, ਨਗਰ ਕੌਂਸਲ ਦੇ ਚੀਫ ਸੈਨੇਟਰੀ ਇੰਸਪੈਕਟਰ ਖੁਸ਼ਬੀਰ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਨਿਰਾਸ਼ਾ ਦੇ ਆਲਮ ਵਿਚ ਡੁੱਬ ਕੇ ਖੁਦਕੁਸ਼ੀ ਕਰਨ ਵਾਲੇ ਤਾਂ ਆਪਣਾ ਆਪ ਖਤਮ ਕਰ ਲੈਂਦੇ ਹਨ ਪਰ ਪਿੱਛੋਂ ਪਰਿਵਾਰਾਂ ਦੇ ਸਿਰ ਉਪਰ ਜੋ ਦੁੱਖ-ਤਕਲੀਫਾਂ ਦੇ ਪਹਾੜ ਟੁੱਟ ਪੈਂਦੇ ਹਨ, ਉਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸ ਲਈ ਪੰਜਾਬੀਆਂ ਨੂੰ ਆਪਣੇ ਇਤਿਹਾਸਕ ਅਤੇ ਅਮੀਰ ਵਿਰਸੇ ਤੋਂ ਜਾਣੂ ਹੋ ਕੇ ਹਾਂ-ਪੱਖੀ ਸੋਚ ਦਾ ਧਾਰਨੀ ਬਣ ਕੇ ਹਰ ਮੁਸੀਬਤ ਅਤੇ ਹਾਲਾਤ ਦਾ ਸਾਹਮਣਾ ਖਿੜੇ-ਮੱਥੇ ਕਰਨਾ ਚਾਹੀਦਾ ਹੈ ਅਤੇ ਉਸ ਪ੍ਰਮਾਤਮਾ ਅੱਗੇ ਅਰਦਾਸ ਕਰਨ ਤੋਂ ਬਾਅਦ ਆਪਣੇ ਸੱਜਣਾਂ-ਮਿੱਤਰਾਂ ਅਤੇ ਸਨੇਹੀਆਂ ਨਾਲ ਮੁਸ਼ਕਲਾਂ ਅਤੇ ਮੁਸੀਬਤਾਂ ਦਾ ਹੱਲ ਕਰਨ ਲਈ ਵਿਚਾਰ-ਵਟਾਂਦਰਾ ਕਰਦਿਆਂ ਠੋਸ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਖੁਦਕੁਸ਼ੀਆਂ ਨੂੰ ਰੋਕਿਆ ਜਾ ਸਕੇ।

### ਇਹ ਹਨ ਖੁਦਕੁਸ਼ੀਆਂ ਦੇ ਮੁੱਢਲੇ ਕਾਰਨ

ਮਾਹਿਰਾਂ ਅਤੇ ਸਮਾਜ ਦੇ ਬੁੱਧੀਜੀਵੀ ਵਰਗ ਵੱਲੋਂ ਦਿੱਤੀ ਗਈ ਰਾਏ ਮੁਤਾਬਕ ਸਹਿਣਸ਼ੀਲਤਾ ਦੀ ਬੇਹੱਦ ਕਮੀ ਕਾਰਨ ਹਾਲਾਤ ਦਾ ਸਾਹਮਣਾ ਨਾ ਕਰ ਪਾਉਣਾ ਅਤੇ ਵੱਧ ਤੋਂ ਵੱਧ ਪੈਸਾ ਕਮਾਉਣ ਦਾ ਲਾਲਚ ਇਨਸਾਨ ਨੂੰ ਖੁਦਕੁਸ਼ੀ ਦੇ ਕੰਢੇ ਉਪਰ ਲੈ ਕੇ ਜਾ ਰਿਹਾ ਹੈ। ਕਿਸਾਨਾਂ ਦਾ ਜ਼ਿਕਰ ਕਰਦਿਆਂ ਘੱਟ ਜ਼ਮੀਨ ਕਾਰਨ ਆਮਦਨ ਦੀ ਕਮੀ ਕਰ ਕੇ ਧੀਆਂ ਦੇ ਵਿਆਹ ਕੋਠੀਆਂ, ਮਕਾਨ, ਟਰੈਕਟਰ ਅਤੇ ਸਮੇਂ ਦਾ ਹਾਣੀ ਬਣਨ ਲਈ ਚੁੱਕਿਆ ਗਿਆ ਕਰਜ਼ਾ ਖੁਦਕੁਸ਼ੀ ਵੱਲ ਲੈ ਕੇ ਜਾ ਰਿਹਾ ਹੈ। ਵਪਾਰ ਵਿਚ ਘਾਟਾ ਪੈਣ ਕਾਰਨ ਵਪਾਰੀ ਅਤੇ ਉਦਯੋਗਪਤੀ ਵਰਗ ਵੀ ਆਪਣਾ ਦਿਲ ਛੱਡ ਰਿਹਾ ਹੈ ਜਦਕਿ ਨੌਜਵਾਨ ਵਿਦਿਆਰਥੀ ਜਮਾਤ ਵਿਚੋਂ ਫੇਲ ਹੋ ਜਾਣ ਕਾਰਨ ਜਾਂ ਫਿਰ ਪ੍ਰੇਮ ਸਬੰਧ ਨੇਪਰੇ ਨਾ ਚੜ੍ਹਨ ਕਾਰਨ ਮੌਤ ਨੂੰ ਆਪਣੇ ਗਲੇ ਲਾ ਰਹੇ ਹਨ। ਇਸ ਤੋਂ ਇਲਾਵਾ ਬੇਰੋਜ਼ਗਾਰੀ ਦੇ ਆਲਮ ਵਿਚ ਭਵਿੱਖ ਦੀ ਚਿੰਤਾ ਨੂੰ ਲੈ ਕੇ ਪੰਜਾਬ ਦਾ ਨੌਜਵਾਨ ਅਤੇ ਮੁਟਿਆਰਾਂ ਵੀ ਖੁਦਕੁਸ਼ੀਆਂ ਵੱਲ ਪੈਰ ਪੁੱਟ ਰਹੀਆਂ ਹਨ ਜਦਕਿ ਡਿਊਟੀ ਦੌਰਾਨ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨ ਦੀ ਬਜਾਏ ਮੁਲਾਜ਼ਮ ਵਰਗ ਵੀ ਆਪਣੇ ਹੀ ਹਥਿਆਰਾਂ ਨਾਲ ਖੁਦ ਨੂੰ ਗੋਲੀਆਂ ਮਾਰ ਕੇ ਖੁਦਕੁਸ਼ੀਆਂ ਕਰ ਰਹੇ ਹਨ। ਇਥੇ ਹੀ ਬੱਸ ਨਹੀਂ ਸਹੁਰੇ ਪਰਿਵਾਰਾਂ ਦੀ ਬੇਰੁਖੀ ਅਤੇ ਤੰਗੀ ਦਾ ਸਾਹਮਣਾ ਕਰਨ ਵਾਲੀਆਂ ਨਵ-ਵਿਆਹੁਤਾ ਮੁਟਿਆਰਾਂ ਵੀ ਖੁਦਕੁਸ਼ੀਆਂ ਦੇ ਅੰਕੜਿਆਂ ਤੋਂ ਪਿੱਛੇ ਨਹੀਂ ਰਹਿ ਗਈਆਂ ਕਿਉਂਕਿ ਰੋਜ਼ ਕੋਈ ਨਾ ਕੋਈ ਮੁਟਿਆਰ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦੀ ਹੈ। ਅਸਲ 'ਚ ਇਹ ਕਾਰਨ ਜਾਂ ਮਜਬੂਰੀਆਂ ਇਨ੍ਹਾਂ ਲੋਕਾਂ ਨੂੰ ਖੁਦਕੁਸ਼ੀਆਂ ਵੱਲ ਲੈ ਕੇ ਜਾ ਰਹੀਆਂ ਹਨ ਜਾਂ ਫਿਰ ਕਿਤੇ ਵੇਖੋ-ਵੇਖੀ ਤਾਂ ਇਹ ਸਿਲਸਿਲਾ ਅੱਗੇ ਨਹੀਂ ਵੱਧ ਰਿਹਾ। ਇਸ ਉਪਰ ਵੀ ਗੰਭੀਰਤਾ ਨਾਲ ਸੋਚਣਾ ਹਰ ਪੰਜਾਬੀ ਦਾ ਮੁੱਢਲਾ ਫਰਜ਼ ਬਣਦਾ ਹੈ ਕਿਉਂਕਿ ਪੰਜਾਬੀਆਂ ਨੇ ਹਰ ਖੇਤਰ ਵਿਚ ਅੱਗੇ ਹੋ ਕੇ ਕੁਰਬਾਨੀ ਦੇਣ ਤੋਂ ਕਦੇ ਵੀ ਪੈਰ ਪਿੱਛੇ ਨਹੀਂ ਕੀਤਾ ਪਰ ਅੱਜ ਜਿਸ ਤੇਜ਼ੀ ਨਾਲ ਪੰਜਾਬੀ ਆਪਣੇ ਪੈਰ ਖੁਦਕੁਸ਼ੀਆਂ ਵੱਲ ਪੁੱਟ ਰਹੇ ਹਨ, ਉਹ ਆਉਣ ਵਾਲੇ ਸਮੇਂ ਲਈ ਵੱਡੇ ਖਤਰੇ ਦੀ ਘੰਟੀ ਹੈ।

# ਕਸ਼ਮੀਰ ਬਾਰੇ ਰਿਪੋਰਟ ਅਤੇ ਮਨੁੱਖੀ ਹੱਕਾਂ ਦੇ ਮਸਲੇ




ਜਨੇਵਾ ਆਧਾਰਿਤ 47 ਮੈਂਬਰੀ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਅਤੇ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ (ਯੂਐੱਨਐੱਚਸੀਆਰ) ਜ਼ਾਇਦ ਅਲ-ਹਸਨ ਅੱਜ ਕੱਲ੍ਹ ਚਰਚਾ ਵਿੱਚ ਹਨ। ਪਹਿਲਾਂ ਹਾਈ ਕਮਿਸ਼ਨਰ ਜ਼ਾਇਦ ਅਲ-ਹਸਨ ਦੀ ਜੰਮੂ ਕਸ਼ਮੀਰ, ਮਕਬੂਜ਼ਾ ਕਸ਼ਮੀਰ ਅਤੇ ਗਿਲਗਿਤ ਬਾਲਟਿਸਤਾਨ ਬਾਰੇ ਰਿਪੋਰਟ ਆਈ। ਇਸ ਵਿੱਚ ਪਾਕਿਸਤਾਨ ਦੀਆਂ ਮਕਬੂਜ਼ਾ ਕਸ਼ਮੀਰ ਵਿੱਚ ਕੀਤੀਆਂ ਮਨੁੱਖੀ ਅਧਿਕਾਰ ਉਲੰਘਣਾਵਾਂ ਨੂੰ ਨਰਮੀ ਨਾਲ ਪੇਸ਼ ਕੀਤਾ ਹੈ। ਇਸ ਦਾ ਅਸਲ ਨਿਸ਼ਾਨਾ ਜੰਮੂ ਕਸ਼ਮੀਰ 'ਚ ਕਸ਼ਮੀਰੀ ਖਾੜਕੂ ਬੁਰਹਾਨ ਵਾਣੀ ਦੇ ਜੁਲਾਈ 2016 ਵਿੱਚ ਮਾਰੇ ਜਾਣ ਤੋਂ ਲੈ ਕੇ ਅਪਰੈਲ 2018 ਤਕ 'ਵਿਆਪਕ ਤੇ ਗੰਭੀਰ ਮਨੁੱਖੀ ਅਧਿਕਾਰ ਉਲੰਘਣਾਵਾਂ' ਹੈ।

ਰਿਪੋਰਟ ਵਿੱਚ ਵੱਖ ਵੱਖ ਸਿਰਲੇਖ ਲਾ ਕੇ ਭਾਰਤ ਨੂੰ ਨਿਆਂ ਦੀ ਘਾਟ ਤੇ ਸੁਰੱਖਿਆ ਬਲਾਂ ਨੂੰ ਸਜ਼ਾ ਤੋਂ ਛੋਟ; ਫੌਜੀ ਅਦਾਲਤਾਂ ਤੇ ਟ੍ਰਿਬਿਊਨਲਾਂ ਵੱਲੋਂ ਇਨ੍ਹਾਂ ਮਸਲਿਆਂ ਤੱਕ ਪਹੁੰਚ ਰੋਕਣਾ; ਤਾਕਤ ਤੇ ਪੈਲੇਟ ਬੰਦੂਕਾਂ ਦੀ ਅੰਨ੍ਹਵਾਹ ਵਰਤੋਂ; ਆਪਹੁਦਰੀਆਂ ਗ੍ਰਿਫ਼ਤਾਰੀਆਂ (ਨਾਬਾਲਗਾਂ ਸਮੇਤ); ਨੌਜਵਾਨਾਂ ਨੂੰ ਤਸੀਹੇ ਦੇਣ ਤੇ ਲਾਪਤਾ ਕਰਨ; ਜਬਰ ਜਨਾਹ ਆਦਿ ਲਈ ਜ਼ਿੰਮੇਵਾਰ ਠਹਿਰਾਉਂਦੀ ਹੈ। ਪੂਰੀ ਰਿਪੋਰਟ ਵਿੱਚ ਸੰਯੁਕਤ ਰਾਸ਼ਟਰ ਦੀ ਸੂਚੀ ਵਿੱਚ ਦਰਜ ਦਹਿਸ਼ਤੀ ਜਥੇਬੰਦੀਆਂ ਨੂੰ 'ਹਥਿਆਰਬੰਦ ਗਰੁੱਪ' ਲਿਖਿਆ ਹੈ। ਇਕ ਸਾਬਕਾ ਭਾਰਤੀ ਡਿਪਲੋਮੇਟ ਨੇ ਇਸ ਨੂੰ ਸੰਯੁਕਤ ਰਾਸ਼ਟਰ ਦੇ ਕਿਸੇ ਉੱਚ ਅਧਿਕਾਰੀ ਦੀ ਥਾਂ 'ਆਰਗੇਨਾਈਜੇਸ਼ਨ ਆਫ ਇਸਲਾਮਿਕ ਕਾਨਫਰੰਸ' ਦੀ ਤਿਆਰ ਰਿਪੋਰਟ ਵਧੇਰੇ ਕਰਾਰ ਦਿੱਤਾ ਹੈ। ਭਾਰਤ ਨੇ ਰਿਪੋਰਟ ਪੂਰੀ ਤਰ੍ਹਾਂ ਨਕਾਰ ਦਿੱਤੀ ਹੈ, ਇਹ ਇਸ ਨੂੰ ਨਜ਼ਰਅੰਦਾਜ਼ ਵੀ ਕਰ ਸਕਦਾ ਸੀ ਪਰ ਜ਼ਾਇਦ ਨੇ ਅਧਿਕਾਰਤ ਤੌਰ 'ਤੇ ਕਿਹਾ ਸੀ ਕਿ ਉਹ ਕੌਂਸਲ ਦੇ 18 ਜੂਨ ਦੇ ਸੈਸ਼ਨ ਵਿੱਚ ਇਨ੍ਹਾਂ ਉਲੰਘਣਾਵਾਂ ਦੀ ਜਾਂਚ ਕਰਵਾਉਣ ਦੀ ਸਿਫ਼ਾਰਿਸ਼ ਕਰੇਗਾ। ਕੌਂਸਲ ਦੇ ਸਾਲ ਵਿੱਚ ਤਿੰਨ ਅਜਿਹੇ ਸੈਸ਼ਨ ਹੁੰਦੇ ਹਨ।

ਇਸ ਰਿਪੋਰਟ ਤੋਂ ਬਾਅਦ ਦੋ ਘਟਨਾਵਾਂ ਵਾਪਰੀਆਂ ਹਨ। ਪਹਿਲੀ, ਜੰਮੂ ਕਸ਼ਮੀਰ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਭਾਈਵਾਲ ਸਰਕਾਰ ਵਿੱਚੋਂ ਬਾਹਰ ਨਿਕਲਣ ਨਾਲ ਉਥੇ ਗਵਰਨਰੀ ਰਾਜ ਲਾਗੂ ਹੋ ਚੁੱਕਾ ਹੈ। ਦੂਜੀ, ਅਮਰੀਕਾ ਦੀ ਸੰਯੁਕਤ ਰਾਸ਼ਟਰ ਵਿੱਚ ਰਾਜਦੂਤ ਨਿੱਕੀ ਹੇਲੀ ਨੇ ਐਲਾਨ ਕਰ ਦਿੱਤਾ ਕਿ ਅਮਰੀਕਾ ਮਨੁੱਖੀ ਅਧਿਕਾਰ ਕੌਂਸਲ ਵਿੱਚੋਂ ਇਸ ਕਰ ਕੇ ਬਾਹਰ ਹੋ ਰਿਹਾ ਹੈ ਕਿਉਂਕਿ ਇਹ ਕੌਂਸਲ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਦੀ ਰਾਖੀ ਕਰਨ ਅਤੇ ਸਿਆਸੀ ਪੱਖਪਾਤ ਦਾ ਕੇਂਦਰ ਬਣ ਕੇ ਰਹਿ ਗਈ ਹੈ। ਇਨ੍ਹਾਂ ਬਾਰੇ ਸੰਜੀਦਗੀ ਨਾਲ ਗੌਰ ਕਰਨ ਦੀ ਲੋੜ ਹੈ।

ਟਰੰਪ ਪ੍ਰਸ਼ਾਸਨ ਪਹਿਲਾਂ ਵੀ ਕਈ ਵਾਰ ਕੌਂਸਲ ਵਿੱਚੋਂ ਬਾਹਰ ਨਿਕਲਣ ਦੀ ਧਮਕੀ ਦੇ ਚੁੱਕਿਆ ਸੀ ਪਰ ਇਹ ਫੈਸਲਾ ਜ਼ਾਇਦ ਦੀ ਅਮਰੀਕਾ ਪ੍ਰਸ਼ਾਸਨ ਦੀ ਇਸ ਗੱਲੋਂ ਸਖ਼ਤ ਆਲੋਚਨਾ ਕਰਨ (ਮੈਕਸਿਕੋ ਸਰਹੱਦ ਉਪਰ ਗ਼ੈਰ-ਕਾਨੂੰਨੀ ਦਾਖਲ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਸਮੇਂ ਉਨ੍ਹਾਂ ਦੇ ਬੱਚਿਆਂ ਨੂੰ ਅਲੱਗ ਕਰਨਾ ਅਣਮਨੁੱਖੀ ਹੈ) ਦੇ ਇਕ ਦਿਨ ਬਾਅਦ ਆਇਆ ਹੈ। ਮੀਡੀਆ ਨੇ ਵੀ ਕਿਹਾ ਹੈ ਕਿ ਭਾਰਤ ਦੇ ਗ਼ੈਰ-ਕਾਨੂੰਨੀ ਆਵਾਸੀ (ਜ਼ਿਆਦਾਤਰ ਪੰਜਾਬ ਤੋਂ) ਬੰਦੀਖਾਨਿਆਂ ਵਿੱਚ ਮਾੜੇ ਜੀਵਨ ਹਾਲਾਤ ਵਿੱਚ ਰੱਖੇ ਹੋਏ ਹਨ।

ਰਿਪਬਲਿਕਨ ਸੈਨੇਟਰ ਜੌਹਨ ਮੈਕੇਨ, ਜੋ ਬਰੇਨ ਕੈਂਸਰ ਨਾਲ ਪੀੜਤ ਹੈ ਤੇ ਹਮੇਸ਼ਾਂ ਮਨੁੱਖੀ ਹੱਕਾਂ ਲਈ ਜੂਝਦਾ ਰਿਹਾ ਹੈ, ਨੇ ਟਵੀਟ ਰਾਹੀਂ ਕਿਹਾ ਹੈ, ਪ੍ਰਸ਼ਾਸਨ ਦੀ ਪਰਿਵਾਰ ਵੱਖ ਕਰਨ ਵਾਲੀ ਨਵੀਂ ਨੀਤੀ ਅਮਰੀਕੀ ਲੋਕਾਂ ਦੀ ਸ਼ਾਨ ਉਪਰ ਧੱਬਾ ਅਤੇ ਉਨ੍ਹਾਂ ਸਿਧਾਂਤਾਂ ਤੇ ਕਦਰਾਂ-ਕੀਮਤਾਂ ਦੇ ਉਲਟ ਹੈ ਜਿਸ ਲਈ ਸਾਡੀ ਕੌਮ ਜਾਣੀ ਜਾਂਦੀ ਹੈ। ਮਗਰੋਂ ਉਸ ਨੇ ਟਰੰਪ ਵੱਲੋਂ ਅਮਰੀਕਾ ਦੀ ਸ਼ਰਨਾਰਥੀ ਤੇ ਆਵਾਸ ਨੀਤੀ ਦੇ ਮੁਖੀ ਵਜੋਂ ਰੋਨਾਲਡ ਮੋਰਟੈਨਸਨ ਨੂੰ ਨਾਮਜ਼ਦ ਕਰਨ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਉਸ ਅੰਦਰ ਦਮਨ ਕਾਰਨ ਭੱਜ ਰਹੇ ਲੋਕਾਂ ਲਈ ਕੋਈ ਹਮਦਰਦੀ ਨਹੀਂ ਹੈ।



ਜੰਮੂ ਕਸ਼ਮੀਰ ਵਾਲਾ ਝੰਜਟ ਭਾਰਤ ਅੰਦਰ ਦਹਿਸ਼ਤਗਰਦੀ ਨਾਲ ਨਜਿੱਠਣ ਲਈ ਅਪਣਾਏ ਢੰਗ-ਤਰੀਕਿਆਂ ਉਪਰ ਅਜਿਹੇ ਹੀ ਸਵਾਲ ਖੜ੍ਹੇ ਕਰਦਾ ਹੈ। ਪੀਡੀਪੀ-ਭਾਜਪਾ ਗਠਜੋੜ ਨੇ ਸੱਤਾ ਵਿੱਚ ਆਉਣ ਸਮੇਂ ਆਸ ਜਗਾਈ ਸੀ ਕਿ ਇਹ ਗਠਜੋੜ ਕਸ਼ਮੀਰ ਮੁੱਦੇ ਦੇ ਹੱਲ ਲਈ ਰਾਹ ਬਣਾਏਗਾ। 2016 ਦੇ ਸ਼ੁਰੂ ਵਿੱਚ ਮੁਫ਼ਤੀ ਮੁਹੰਮਦ ਸਈਦ ਦੀ ਮੌਤ ਅਤੇ ਉਸ ਤੋਂ ਬਾਅਦ ਉਨ੍ਹਾਂ ਦੀ ਧੀ ਮਹਿਬੂਬਾ ਮੁਫ਼ਤੀ ਦੇ ਮੁੱਖ ਮੰਤਰੀ ਵਜੋਂ ਜ਼ਿੰਮੇਵਾਰੀ ਸੰਭਾਲਣ ਵਿੱਚ ਵਕਤ ਲਾਉਣ ਨੇ ਇਸ ਪਾਸੇ ਸਫਲ ਹੋਣ ਦੇ ਮੌਕੇ ਘਟਾ ਦਿੱਤੇ। ਸਮੱਸਿਆ ਦੀ ਜੜ੍ਹ ਮੋਦੀ ਸਰਕਾਰ ਦੀ ਇਹ ਨੀਤੀ ਸੀ ਕਿ ਪਾਕਿਸਤਾਨ ਨਾਲ ਉਦੋਂ ਤਕ ਗੱਲਬਾਤ ਨਹੀਂ ਹੋਵੇਗੀ ਜਦੋਂ ਤਕ ਉਹ ਦਹਿਸ਼ਤਗਰਦੀ ਖਤਮ ਨਹੀਂ ਕਰਦਾ। ਪੀਡੀਪੀ ਇਸ ਵਾਅਦੇ ਨਾਲ ਚੋਣ ਜਿੱਤੀ ਸੀ ਕਿ ਪਾਕਿਸਤਾਨ ਨਾਲ ਗੱਲਬਾਤ ਸ਼ੁਰੂ ਹੋਵੇਗੀ, ਵੱਖਵਾਦੀਆਂ ਨੂੰ ਵੀ ਜ਼ਿਆਦਾ ਸਿਆਸੀ ਸਥਾਨ ਮਿਲੇਗਾ ਅਤੇ ਕੰਟਰੋਲ ਰੇਖਾ ਦੇ ਆਰ-ਪਾਰ ਵਪਾਰ ਤੇ ਦੋਵਾਂ ਪਾਸਿਆਂ ਦੇ ਕਸ਼ਮੀਰੀਆਂ ਦਾ ਆਪਸੀ ਮੇਲਮਿਲਾਪ ਵੀ ਵਧੇਗਾ। ਪਾਕਿਸਤਾਨੀ ਫੌਜ ਨੇ ਦੋਵਾਂ ਪਾਰਟੀਆਂ ਦੀ ਤਾਲਮੇਲ ਵਾਲੀ ਘਾਟ ਦਾ ਲਾਹਾ ਲੈਂਦਿਆਂ ਅਤਿਵਾਦੀਆਂ ਨੂੰ ਸਹਾਇਤਾ ਜਾਰੀ ਰੱਖ ਕੇ, ਭੜਕਾਹਟ ਭਰੇ ਲਹਿਜੇ ਨਾਲ ਭਾਰਤੀ ਫੌਜੀਆਂ ਦੀ ਸਰਹੱਦ ਤੇ ਕੰਟਰੋਲ ਰੇਖਾ ਉਪਰ ਹੱਤਿਆ ਕਰ ਕੇ ਅਤੇ ਕੰਟਰੋਲ ਰੇਖਾ 'ਤੇ ਖੁੱਲ੍ਹੇਆਮ ਗੋਲੀਬਾਰੀ ਜਾਰੀ ਰੱਖ ਕੇ ਹਾਲਾਤ ਲਗਾਤਾਰ ਵਿਗਾੜੀ ਰੱਖੇ।



ਗਵਰਨਰੀ ਰਾਜ ਨੇ ਭਾਰਤ ਦੀ ਇਹ ਦਲੀਲ ਹੁਣ ਖ਼ਾਰਿਜ ਕਰ ਦਿੱਤੀ ਹੈ ਕਿ ਜੰਮੂ ਕਸ਼ਮੀਰ ਵਿੱਚ ਚੁਣੀ ਹੋਈ ਸਰਕਾਰ ਹੈ ਜਿਹੜੀ ਲੋਕਾਂ ਦੇ ਹੱਕਾਂ ਦੀ ਰਾਖੀ ਕਰਦੀ ਹੈ ਅਤੇ ਸੁਰੱਖਿਆ ਬਲਾਂ ਦੇ ਅਤਿਵਾਦ ਵਿਰੋਧੀ ਅਪਰੇਸ਼ਨਾਂ ਨੂੰ ਜੇ ਨਜ਼ਰਅੰਦਾਜ਼ ਨਹੀਂ ਕਰਦੀ ਤਾਂ ਜਾਂਚ-ਪੜਤਾਲ ਜ਼ਰੂਰ ਕਰਦੀ ਹੈ। ਪਾਕਿਸਤਾਨ ਜੋ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦਾ ਮੈਂਬਰ ਹੈ, ਹੁਣ ਅਗਲੇ ਹਫਤਿਆਂ ਦੌਰਾਨ ਕੁੜਿੱਕੀ ਵਿੱਚ ਫਸੇ ਭਾਰਤ ਖ਼ਿਲਾਫ਼ ਹਾਈ ਕਮਿਸ਼ਨਰ ਜ਼ਾਇਦ ਦੀ ਬਾਮਕਸਦ ਰਿਪੋਰਟ ਅਤੇ ਜੰਮੂ ਕਸ਼ਮੀਰ ਵਿੱਚ ਗਠਜੋੜ ਸਰਕਾਰ ਡਿਗਣ ਨੂੰ ਜ਼ੋਰ-ਸ਼ੋਰ ਨਾਲ ਉਠਾਏਗਾ।

ਮੋਦੀ ਸਰਕਾਰ ਨੇ ਆਪਣੇ ਫੈਸਲੇ ਦੇ ਨਫ਼ੇ ਨੁਕਸਾਨ ਦਾ ਯਕੀਨਨ ਅੰਦਾਜ਼ਾ ਲਾ ਲਿਆ ਹੋਵੇਗਾ। ਨਵੀਂ ਦਿੱਲੀ ਦੀ ਸੋਚ ਉਪਰ ਘਰੇਲੂ ਪੇਚੀਦਗੀਆਂ ਭਾਰੂ ਹੋਣਗੀਆਂ ਕਿਉਂਕਿ ਅਗਲੀਆਂ ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਇਸ ਕੋਲ ਅਸਰਦਾਰ ਢੰਗ ਨਾਲ ਵਿਚਰਨ ਦੇ ਮਸਾਂ ਛੇ ਮਹੀਨੇ ਬਾਕੀ ਰਹਿ ਗਏ ਹਨ। ਇਸ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਚੋਣਾਂ ਤੱਕ ਕਸ਼ਮੀਰ ਵਿੱਚ ਸੁਰੱਖਿਆ ਪੱਖੋਂ ਕੋਈ ਵੱਡਾ ਨਿਘਾਰ ਨਾ ਆਵੇ, ਖਾਸ ਤੌਰ 'ਤੇ ਅਮਰਨਾਥ ਯਾਤਰਾ ਦੌਰਾਨ।

ਪਾਕਿਸਤਾਨ ਵਿੱਚ ਵੀ ਅਗਲੇ ਮਹੀਨੇ ਕੌਮੀ ਅਸੈਂਬਲੀ ਚੋਣਾਂ ਹੋ ਰਹੀਆਂ ਹਨ ਅਤੇ ਇਸ ਦੌਰਾਨ ਨਿਗਰਾਨ ਸਰਕਾਰ ਹੋਣ ਕਾਰਨ ਪਾਕਿਸਤਾਨੀ ਫ਼ੌਜ ਪਹਿਲਾਂ ਨਾਲੋਂ ਵੱਧ ਆਜ਼ਾਦ ਸਮਝਦੀ ਹੋਈ ਸਰਹੱਦ ਪਾਰ ਵੱਧ ਤੋਂ ਵੱਧ ਦਹਿਸ਼ਤਗਰਦ ਭੇਜਣ ਦੀ ਪੂਰੀ ਵਾਹ ਲਾਏਗੀ। ਉੱਘੇ ਪੱਤਰਕਾਰ ਸ਼ੁਜਾਤ ਬੁਖ਼ਾਰੀ ਦੀ ਹੱਤਿਆ ਅਤੇ ਕਸ਼ਮੀਰੀ ਫ਼ੌਜੀ ਜਵਾਨ ਨੂੰ ਤਸੀਹੇ ਦੇ ਕੇ ਮਾਰਨ ਦੀ ਵੀਡੀਓ ਜਾਰੀ ਕਰਨ ਪਿੱਛੇ ਮਨਸ਼ਾ ਮੋਦੀ ਸਰਕਾਰ ਨੂੰ ਉਕਸਾਉਣਾ ਹੈ। ਅਮਰਨਾਥ ਸ਼ਰਧਾਲੂਆਂ ਉਪਰ ਵੱਡਾ ਹਮਲਾ (ਜਿਵੇਂ ਪਿਛਲੇ ਸਾਲਾਂ ਦੌਰਾਨ ਵੀ ਹੁੰਦਾ ਆਇਆ ਹੈ) ਕੇਂਦਰ ਸਰਕਾਰ ਦੇ ਬੇਅਸਰ ਹੋਣ ਦਾ ਪ੍ਰਭਾਵ ਪਾ ਸਕਦਾ ਹੈ। ਜਨੇਵਾ ਵਿੱਚ ਭਾਰਤ ਅੰਦਰ ਮਨੁੱਖੀ ਅਧਿਕਾਰਾਂ ਦੀ ਦਸ਼ਾ ਉਪਰ ਬਹਿਸ ਦੇ ਬਾਵਜੂਦ ਕਸ਼ਮੀਰ ਵਿੱਚ ਗਵਰਨਰੀ ਰਾਜ ਇਸ ਦੇ ਤੋੜ ਵਜੋਂ ਦੇਖਿਆ ਜਾ ਰਿਹਾ ਹੈ ਤਾਂ ਕਿ ਘਰੇਲੂ ਫਰੰਟ 'ਤੇ ਮੋਦੀ ਸਰਕਾਰ ਮਜ਼ਬੂਤ ਦਿਸੇ।

ਜੇ ਭਾਰਤ ਤੇ ਅਮਰੀਕਾ ਮਨੁੱਖੀ ਅਧਿਕਾਰਾਂ ਦੇ ਆਲਮੀ ਐਲਾਨਨਾਮੇ ਦੇ 70ਵੇਂ ਸਾਲ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਪ੍ਰਤੀ ਪਹੁੰਚ ਨੂੰ ਘਰੇਲੂ ਸਿਆਸੀ ਰੰਗਣ ਦਿੰਦੇ ਹਨ ਤਾਂ ਇਸ ਤੋਂ ਇਹ ਸਾਬਤ ਹੋ ਜਾਵੇਗਾ ਕਿ ਦਹਿਸ਼ਤਗਰਦੀ ਅਤੇ ਗ਼ੈਰ-ਕਾਨੂੰਨੀ ਆਵਾਸ ਇਨ੍ਹਾਂ ਦੋਵਾਂ ਵੱਡੇ ਜਮਹੂਰੀ ਮੁਲਕਾਂ ਨੂੰ ਘੱਟ ਉਦਾਰਵਾਦੀ ਬਣਾ ਰਹੇ ਹਨ। ਅਮਰੀਕੀ ਬੁੱਧੀਜੀਵੀ ਮੰਚ 'ਫਰੀਡਮ ਹਾਊਸ' ਵੱਲੋਂ ਹੁਣੇ ਜਿਹੇ ਕਰਵਾਏ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਜਮਹੂਰੀਅਤ ਸੰਕਟ ਵਿੱਚ ਹੈ। ਪਿਛਲਾ ਸਾਲ ਲਗਾਤਾਰ 12ਵਾਂ ਸਾਲ ਸੀ ਜਦੋਂ ਉਨ੍ਹਾਂ ਮੁਲਕਾਂ ਦੀ ਗਿਣਤੀ ਵਧੀ ਹੈ ਜਿੱਥੇ ਜਮਹੂਰੀਅਤ ਨੂੰ ਖੋਰਾ ਲੱਗਿਆ ਹੈ। 'ਦਿ ਇਕੌਨੋਮਿਸਟ ਇੰਟੈਲੀਜੈਂਸ ਯੂਨਿਟ' ਦੇ ਜਮਹੂਰੀ ਸੂਚਕ ਅੰਕ ਅਨੁਸਾਰ 2017 ਵਿੱਚ 89 ਮੁਲਕਾਂ ਵਿੱਚ ਜਮਹੂਰੀਅਤ ਦੀ ਦਸ਼ਾ ਖ਼ਰਾਬ ਹੋਈ; ਕੇਵਲ 27 ਮੁਲਕਾਂ ਵਿੱਚ ਇਹ ਸੁਧਰੀ ਹੈ। ਸੰਸਾਰੀਕਰਨ, ਪੱਛਮ ਵਿੱਚ ਤਕਨਾਲੋਜੀ ਅਤੇ ਦੱਖਣੀ ਏਸ਼ੀਆ ਵਿੱਚ ਪਾਕਿਸਤਾਨ ਦੀ ਸਰਪ੍ਰਸਤੀ ਵਾਲੀ ਦਹਿਸ਼ਤਗਰਦੀ, ਉਦਾਰ ਤੇ ਕਾਨੂੰਨ ਆਧਾਰਿਤ ਜਮਹੂਰੀ ਸ਼ਾਸਨਾਂ ਨੂੰ ਲੀਹੋਂ ਲਾ ਰਹੇ ਹਨ। ਜੇ ਪੀਡੀਪੀ ਅਤੇ ਭਾਜਪਾ ਦਾ ਚਾਰ ਸਾਲਾ ਸਿਆਸੀ ਗਠਜੋੜ ਕਸ਼ਮੀਰ ਦੀ ਨਿਰਾਸ਼ਾਜਨਕ ਤਸਵੀਰ ਪੇਸ਼ ਕਰਦਾ ਹੈ ਤੇ ਇਹ ਪਾੜਾ ਘਟਾਉਣ ਵਿੱਚ ਪੁਲ ਵੀ ਨਹੀਂ ਬਣ ਸਕਿਆ ਤਾਂ ਸੱਚਮੁੱਚ ਇਸ ਦਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਭਾਰਤ ਤੇ ਪਾਕਿਸਤਾਨ ਵਿੱਚ ਆਮ ਚੋਣਾਂ ਤੋਂ ਬਾਅਦ ਤੱਕ ਨਵੇਂ ਸਿਰਿਓਂ ਸੁਲ੍ਹਾ-ਸਫ਼ਾਈ ਦੇ ਯਤਨ ਸ਼ੁਰੂ ਹੁੰਦੇ ਨਜ਼ਰ ਨਹੀਂ ਆ ਰਹੇ। ਉਦੋਂ ਤੱਕ ਦੱਖਣੀ ਏਸ਼ੀਆਂ ਵਿੱਚ ਭੂਗੋਲਿਕ ਸਿਆਸੀ ਧੁੰਦ ਸੰਘਣੀ ਹੁੰਦੀ ਜਾਏਗੀ ਜਿਵੇਂ ਹਫਤਾ ਪਹਿਲਾਂ ਉੱਤਰੀ ਭਾਰਤ ਵਿੱਚ ਧੂੜ ਦੀ ਚਾਦਰ ਵਿਛੀ ਹੋਈ ਸੀ।



# ਹੁਣ ਖਿੰਡ ਗਏ ਸਾਰੇ ਰੰਗ ਵੇ

ਕਈ ਰੰਗਾਂ ਦਾ ਝਲਕਾਰਾ, ਪਾਣੀਆਂ, ਫ਼ਿਜ਼ਾਵਾਂ, ਹਵਾਵਾਂ, ਫਸਲਾਂ, ਧਰਮਾਂ, ਰਿਵਾਜਾਂ ਨਾਲ ਗੁੰਦੇ ਪੰਜਾਬ ਦੇ ਸੱਭਿਆਚਾਰ ਦੀ ਆਪਣੀ ਨਿਵੇਕਲੀ ਪਛਾਣ ਹੈ ? ਇਨ੍ਹਾਂ ਰੰਗਾਂ, ਮਹਿਕਾਂ 'ਚ ਵੱਸਦੇ, ਗੁਜ਼ਰਦੇ ਕਈ ਪਲ਼ ਅੱਜ ਜ਼ਿਹਨ 'ਚ ਘੁੰਮ ਰਹੇ ਤੇ ਸੋਚਿਆ ਹਰਫ਼ਾਂ 'ਚ ਪਰੋ ਦੇਵਾਂ-

ਮੁੰਡੇ ਜਾਂ ਕੁੜੀ ਦੇ ਵਿਆਹ ਤੋਂ ਪਹਿਲਾਂ ਬਿਠਾਏ ਜਾਂਦੇ ਗਾਉਣ ਵਿਚ, ਜਿਸ ਨੂੰ ਅੱਜ ਬਦਲਦੇ ਜ਼ਮਾਨੇ ਵਿਚ ਅਸੀਂ 'ਲੇਡੀ ਸੰਗੀਤ' ਨਾਲ ਨਿਵਾਜਦੇ ਹਾਂ- ਉਦੋਂ ਬਿਨਾਂ ਕਿਸੇ ਉਚੇਚ ਅਤੇ ਤਿਆਰੀ ਤੋਂ ਘਰ ਵਿਚ ਜ਼ਮੀਨ 'ਤੇ ਆਮ ਚਾਦਰਾਂ 'ਤੇ ਬੈਠ ਕੇ ਕੁੜੀਆਂ, ਬੁੱਢੀਆਂ, ਜਵਾਨ ਔਰਤਾਂ ਦਾ ਮਿਲ ਬੈਠ ਕੇ ਗਾਉਣਾ, ਮਾਹੌਲ ਨੂੰ ਅਜਿਹੀ ਰੰਗਤ ਦੇ ਜਾਂਦਾ ਕਿ ਘਰ ਭਾਗਾਂ ਭਰਿਆ ਲਗਦਾ, ਗਿੱਧੇ ਦੀ ਤਾੜੀ, ਪਿੰਡ ਦੀ ਖਾਮੋਸ਼ੀ ਵਿਚ ਸਾਫ਼ ਸੁਣਦੀ, ਉਹ ਜੋਸ਼, ਤਾੜੀ ਅੱਜ ਕਿਤੇ ਵੀ ਨਹੀਂ ਦਿੱਸਦੀ, ਲੇਡੀ ਸੰਗੀਤ ਦੀ ਸਜ-ਧਜ ਅਤੇ ਕੱਪੜਿਆਂ ਦੀ ਫੱਬ 'ਤੇ ਸ਼ਾਇਦ ਸਾਰਾ ਜ਼ੋਰ ਲੱਗ ਜਾਂਦਾ, ਤਾੜੀਆਂ ਅਤੇ ਆਵਾਜ਼ ਵਿਚ ਜਿਵੇਂ ਬਨਾਵਟ ਰਲ ਗਈ ਹੋਵੇ, ਆਪ ਮੁਹਾਰੇ ਉਮੜਦੇ ਚਾਅ ਖੁੰਢੇ ਹੋ ਗਏ ਜਾਪਦੇ ਹਨ ? ਵਿਆਹਾਂ ਵਿਚ ਗਾਉਣ ਸਮੇਂ, ਪਿੰਡ ਵਿਚ ਸੁਣੇ ਗੀਤ ਜੋ ਬਿਨਾਂ ਕਿਸੇ ਬਨਾਵਟੀਪਨ ਅਤੇ ਰਲੇ ਤੋਂ ਸੁੱਚੇ ਅਹਿਸਾਸਾਂ ਨਾਲ ਗੁੰਦੀ ਆਵਾਜ਼ ਵਿਚ ਹੁੰਦੇ ਕਿ

'ਸੱਸ ਤੋਂ ਨਾ ਪੁੱਛਿਆ,
ਨਣਾਨ ਤੋਂ ਨਾ ਪੁੱਛਿਆ,
ਵੰਗਾਂ ਤੇ ਮੈਂ ਲਈਆਂ ਈ ਚੜ੍ਹਾ'

ਵਣਜਾਰੇ ਨਾਲ ਸਬੰਧਿਤ ਕਈ ਲੋਕ ਗੀਤ ਸਾਡੇ ਵਿਰਸੇ ਦਾ ਸ਼ਿੰਗਾਰ ਬਣੇ, ਵਣਜ ਭਾਵ ਵਪਾਰ ਕਰਨ ਵਾਲਾ ਵਣਜਾਰੇ ਦਾ ਅਕਸ ਜੋ ਬਚਪਨ ਵਿਚ ਵੇਖਿਆ ਤੇ ਸੁਣਿਆ 'ਚੂੜੀਆਂ, ਛੱਲੇ ਮੁੰਦੀਆਂ ਵੇਚਣ ਵਾਲਾ, ਪਿੰਡੋ-ਪਿੰਡ ਤੁਰਿਆ ਫਿਰਨ ਵਾਲਾ, ਇਹ ਛੋਟਾ ਜਿਹਾ ਵਪਾਰੀ ਜਿਸ ਦੀ ਆਵਾਜ਼ ਅੱਜ ਵੀ ਕੰਨਾਂ ਵਿਚ ਗੂੰਜਦੀ ਹੈ- ਚੂੜੀਆਂ ਚੜ੍ਹਾ ਲਓ, ਵੰਗਾਂ ਚੜ੍ਹਾ ਲਓ, ਰੰਗ ਬਿਰੰਗੀਆਂ, ਹਰੀਆਂ, ਪੀਲੀਆਂ, ਵੰਗਾਂ ਚੜ੍ਹਾ ਲਓ, ਕੋਕੇ ਲੈ ਲਓ ਆਦਿ ?

ਅੱਜ ਵੀ ਉਸਦੀ ਤਸਵੀਰ ਅੱਖਾਂ ਅੱਗੇ ਸਾਫ਼ ਹੈ ? 20-22 ਸਾਲ ਦਾ ਮੁੰਡਾ, ਵਧੀਆ ਪੱਗ ਬੰਨ੍ਹੀ, ਸਾਈਕਲ 'ਤੇ ਇਕ ਛੋਟੀ ਜਿਹੀ ਸੰਦੂਕੜੀ ਰੱਖੀ ਹੁੰਦੀ, ਜਿਸ ਦਾ ਉਪਰਲਾ ਹਿੱਸਾ ਸ਼ੀਸ਼ੇ ਦਾ ਬਣਿਆ ਹੁੰਦਾ ਸੀ, ਉਹਦੇ ਵਿਚ ਰੱਖੇ ਕੋਕੇ, ਵਾਲੀਆਂ ਤੇ ਛਾਪਾਂ ਛੱਲੇ ਨਜ਼ਰ ਆਉਂਦੇ ?

ਚੂੜੀਆਂ ਹੋਰ ਝੋਲੇ ਵਿਚ ਬੰਨ੍ਹ ਕੇ ਰੱਖੀਆਂ ਹੁੰਦੀਆਂ ? ਉਹਦੀ ਆਵਾਜ਼ 'ਤੇ ਕਈ ਕੁੜੀਆਂ ਬਾਹਰ ਨਿਕਲ ਆਉਂਦੀਆਂ ਅਤੇ ਇਕ ਸਾਂਝੀ ਜਿਹੀ ਥਾਂ 'ਤੇ ਹੋਰ ਕੰਮ ਕਾਰ ਛੱਡ ਕੇ ਉਹਦੇ ਦੁਆਲੇ ਬੈਠ ਜਾਂਦੀਆਂ ? ਉਹਦੇ ਆਉਣ ਦਾ ਵੇਲਾ ਵੀ ਉਹੋ ਸੀ, ਜਦੋਂ ਉਹ ਕੰਮ-ਕਾਰ ਨਿਬੇੜ ਲੈਂਦੀਆਂ, ਮਹੀਨੇ ਵਿਚ ਦੋ ਵਾਰ ਉਹਦਾ ਗੇੜਾ ਲਗਦਾ ? ਵਣਜਾਰੇ ਨਾਲ ਸਬੰਧਿਤ ਇਕ ਬੋਲੀ ਯਾਦ ਆ ਰਹੀ ਏ-

ਆ ਗਿਆ ਵਣਜਾਰਾ ਨੀ,
ਚੜ੍ਹਾਉਣੀਆਂ ਨੇ ਚੂੜੀਆਂ ?
ਵੇਖ ਉਹਦੇ ਕੋਲ ਕਿਵੇਂ ਜੁੜੀਆਂ ਨੇ ਕੁੜੀਆਂ
ਮੈਂ ਵੀ ਉਹਦੇ ਕੋਲੋਂ ਲੈਣਾ ਛੱਲਾ ਭਾਬੀਏ,
ਨੀ ਜਦੋਂ ਹੋਊ ਵਣਜਾਰਾ 'ਕੱਲਾ ਭਾਬੀਏ-

ਅਜਿਹੇ ਬੋਲ ਵਣਜਾਰੇ ਨੂੰ ਹੋਰ ਵੀ ਖਾਸ ਬਣਾ ਦੇਂਦੇ, ਸੱਚੀ ਮੁੱਚੀ ਤੇ ਅਣਭੋਲ ਮੁਹੱਬਤ ਦੇ ਭਾਵਾਂ ਦੀ ਤਰਜਮਾਨੀ ਕਰਦੇ, ਅੱਜ ਮੁਹੱਬਤ ਦੇ ਮਾਪਦੰਡ ਵੀ ਬਦਲ ਗਏ ਨੇ ਤੇ ਪਰਿਭਾਸ਼ਾ ਵੀ ? ਉਸ ਵਕਤ ਨਾ ਉਨ੍ਹਾਂ ਭਾਵਨਾਵਾਂ ਦੀ ਸਮਝ ਸੀ, ਪਰ ਮਨ ਦੇ ਚੇਤਿਆਂ ਵਿਚ ਸੁਰੱਖਿਅਤ ਏ ਉਹ ਸੱਚੇ, ਕੋਮਲ ਭਾਵ ਅੱਜ ਵੀ ਉਸੇ ਤਰ੍ਹਾਂ ਨਿਖਰੇ ਤੇ ਤਾਜ਼ੇ ਹਨ ਪਰ ਵਣਜਾਰਾ ਕਿਤੇ ਨਹੀਂ, ਤੇ ਨਾ ਹੀ ਚੂੜੀਆਂ ਚੜ੍ਹਾਉਣ ਵਾਲੀਆਂ ਕਿਤੇ ? ਉਹਦੇ ਵਣਜ ਨੂੰ ਦੇਸ਼ ਦੀ ਤਰੱਕੀ ਨੇ ਨਵਾਂ ਰੂਪ ਦੇ ਦਿੱਤਾ, ਬਦਲਾਵ ਕੁਦਰਤੀ ਹੈ ?

ਪੇਂਡੂ ਸੱਭਿਆਚਾਰ ਦੀਆਂ ਫਿਜ਼ਾਵਾਂ 'ਚ ਕਈ ਰੰਗ ਘੁਲੇ ਹਨ ਤੇ ਘਰੋ-ਘਰੀ ਸੂਈਆਂ ਵੇਚਣ ਵਾਲੀਆਂ ਬਾਜ਼ੀਗਰਨੀਆਂ ਵੀ ਨਹੀਂ ਭੁਲਾਈਆਂ ਜਾ ਸਕਦੀਆਂ ? ਲਾਗਲੇ ਪਿੰਡ ਤੋਂ 2-3 ਔਰਤਾਂ, ਜਿਨ੍ਹਾਂ ਦੇ ਨੱਕ ਕੰਨ ਵਿੰਨੇ ਹੁੰਦੇ, ਰੰਗ ਸਾਂਵਲੇ ਚਮਕਦਾਰ, ਸਾਧਾਰਨ ਸੂਟਾਂ ਵਿਚ ਸਿਰ 'ਤੇ ਚੁੰਨੀ ਦੀ ਬੁੱਕਲ ਤੇ ਮੋਢੇ 'ਤੇ ਲੱਠੇ ਦੇ ਕੱਪੜੇ ਦੀ ਵੱਡੀ ਸਾਰੀ ਗੁਥਲੀ ਲਟਕਾਈ ਹੁੰਦੀ, ਜਿਸ ਵਿਚ ਕਈ ਘਰਾਂ ਤੋਂ 'ਕੱਠਾ ਕੀਤਾ ਆਟਾ ਹੁੰਦਾ ? ਉਹ ਘਰ ਦੀਆਂ ਔਰਤਾਂ ਨੂੰ ਸੂਈਆਂ, ਧਾਗੇ, ਫਿਰਕੀ 'ਤੇ ਹੋਰ ਵਰਤੋਂ ਦੀਆਂ ਨਿੱਕੀਆਂ ਚੀਜ਼ਾਂ ਦਿੰਦੀਆਂ ਤੇ ਨਾਲ ਘੋੜੀਆਂ ਸੁਣਾਉਂਦੀਆਂ, ਚਾਹ ਪਾਣੀ ਪੀਂਦੀਆਂ, ਅੰਨ-ਪਾਣੀ ਛਕ ਕੇ ਦੁਆਵਾਂ ਦੇਂਦੀਆਂ ਜਾਂਦੀਆਂ, ਉਨ੍ਹਾਂ ਦੇ ਆਉਣ ਦਾ ਇਕ ਚਾਅ ਜਿਹਾ ਚੜ੍ਹ ਜਾਂਦਾ, ਮੈਨੂੰ ਅੱਜ ਵੀ ਯਾਦ ਹੈ ਟਾਹਲੀ ਦੀ ਛਾਵੇਂ ਦੋ ਜਣੀਆਂ ਗਾਉਂਦੀਆਂ- ਲਟਕੇਂਦੇ ਵਾਲ ਸੋਨੇ ਦੇ, ਸੋਹਣਿਆ ਵੀਰਾ ਮੈਂ ਤੈਨੂੰ ਘੋੜੀ ਚੜੋਨੀ ਆਂ... ਉਨ੍ਹਾਂ ਦੀ ਆਵਾਜ਼ ਵਿਚਲੀ ਲਰਜ਼ ਤੇ ਤਰਜ਼ ਸੁਣ ਕੇ ਭਾਵੁਕ ਹੋ ਕੇ, ਮੇਰੇ ਲੂ-ਕੰਡੇ ਖੜ੍ਹੇ ਹੋ ਜਾਂਦੇ ਸਨ ?

ਜੇ ਕਿਸੇ ਦੇ ਘਰੇ ਮੁੰਡਾ ਜੰਮਿਆ ਹੁੰਦਾ ਤਾਂ ਉਸ ਨੂੰ ਕਾਲੀ ਤੜਾਗੀ, ਜਿਸ ਵਿਚ ਰੰਗ-ਬਿਰੰਗੇ ਮਣਕੇ ਪਰੋਏ ਹੁੰਦੇ, ਜ਼ਰੂਰ ਪਹਿਨਾਉਂਦੀਆਂ ਜਾਂ ਨੂੰ ਹ ਨੂੰ ਅਸੀਸ ਦਿੰਦੀਆਂ, 'ਰੱਬ ਪੋਤਾ ਦੇਵੇ, ਮੈਂ ਤੜਾਗੀ ਲੈ ਕੇ ਆਊਂਗੀ' ? ਪਰ ਹੁਣ ਕਦੇ ਵੀ ਮੈਂ ਬਾਜ਼ੀਗਰਨੀਆਂ ਨਹੀਂ ਵੇਖੀਆਂ ਕਿਉਂਕਿ ਬਦਲਦੇ ਜ਼ਮਾਨੇ ਨਾਲ, ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਕੰਮ ਧੰਦੇ ਤੇ ਸੋਚਾਂ ਸਭ ਬਦਲ ਗਏ ਹੋਣਗੇ ?

ਪਿੰਡ ਵਿਚ ਵਿਆਹ ਵਾਲੇ ਘਰ ਦਾ ਹਰ ਸੱਦਾ ਪਿੰਡ ਵਾਸੀਆਂ ਨੂੰ ਪਹੁੰਚਾਉਣ ਵਾਲੀ ਲਾਗਣ ਦਾ ਵੱਖਰਾ ਹੀ ਟੌਹਰ ਹੁੰਦਾ ? ਉਹਦਾ ਆਉਣਾ ਜਿਵੇਂ ਸ਼ੁੱਭ ਮੰਨਿਆ ਜਾਂਦਾ ਹੋਵੇ ? ਕੋਈ ਸੁਲੱਖਣੀ ਖਬਰ ਲੈ ਕੇ ਆਉਣਾ ਤੇ ਮੁਸਕਰਾਉਂਦੇ ਚਿਹਰਿਆਂ ਨਾਲ ਉਹਨੂੰ ਜੀ ਆਇਆਂ ਆਖਣਾ ?

ਵਿਆਹ ਵਾਲੇ ਘਰ ਕਈ ਲਾਗੀ ਕੰਮ ਕਰਦੇ ਹੁੰਦੇ, ਕੋਈ ਸੱਦਾ ਦੇਣ ਲਈ, ਕੋਈ ਮੰਜੇ ਬਿਸਤਰੇ 'ਕੱਠੇ ਕਰਨ ਲਈ, ਕੋਈ ਭਾਂਡਿਆਂ ਨੂੰ ਵੇਖਣ ਵਾਲੀ-ਇਨ੍ਹਾਂ ਦਾ ਵਿਹੜੇ ਵਿਚ ਫਿਰਨਾ ਤੇ ਹਰ ਕੰਮ ਵਿਚ ਭਾਗੀਦਾਰ ਹੋਣਾ ਜਿਵੇਂ ਸੁੱਖਾਂ, ਸ਼ਗਨਾਂ ਦਾ ਸੂਚਕ ਹੋਵੇ ? ਵਿਆਹ ਦੇ ਕਾਰਜ ਸਿਰੇ ਚਾੜ੍ਹਨ ਮਗਰੋਂ, ਕੱਪੜੇ, ਖਾਣ-ਪੀਣ ਤੇ ਹੋਰ ਨਿੱਕ-ਸੁੱਕ ਦੇ ਕੇ ਉਨ੍ਹਾਂ ਨੂੰ ਵਿਦਾ ਕਰਨਾ ਅਤੇ ਜੋ ਤਸੱਲੀ ਉਨ੍ਹਾਂ ਦੇ ਚਿਹਰਿਆਂ 'ਤੇ ਹੁੰਦੀ ਅਤੇ ਬਦਲੇ 'ਚ ਢੇਰ ਅਸੀਸਾਂ ਦੇ- 'ਭਲਾ ਹੋਵੇ ਜਜਮਾਨਣੀ, ਹਵੇਲੀਆਂ ਭਰੀਆਂ ਰਹਿਣ, ਚੁਬਾਰੇ ਉੱਚੇ ਹੋਣ'- ਅੱਜ ਕਿਤਿਉਂ ਲੱਭਿਆਂ ਨਹੀਂ ਲੱਭਦੇ ?

ਇਨ੍ਹਾਂ ਹੀ ਰੰਗਾਂ ਦਾ ਇਕ ਹੋਰ ਪ੍ਰਛਾਵਾਂ ਸਾਡੇ ਸਮਾਜ ਤੋਂ ਹਮੇਸ਼ਾਂ ਦੂਰ, ਪਰ ਖੁਸ਼ੀ ਦੇ ਹਰ ਮੌਕੇ, ਭਾਵੇਂ ਵਿਆਹ ਹੋਵੇ ਅਤੇ ਭਾਵੇਂ ਮੁੰਡੇ ਦਾ ਜੰਮਣਾ, ਇਨ੍ਹਾਂ ਦੇ ਥਿਰਕਦੇ ਕਦਮ ਤੇ ਤਾੜੀ ਦੀ ਤਾਲ, ਹੇਕਾਂ, ਆਲੇ-ਦੁਆਲੇ 'ਤੇ ਆਪਣਾ ਰੰਗ ਚਾੜ੍ਹ ਦਿੰਦੀਆਂ, ਖੁਸ਼ੀ-ਖੁਸ਼ੀ ਤੇ ਕਦੇ ਥੋੜ੍ਹੀ ਬਹਿਸ-ਮੁਬਾਹਸੀ ਤੋਂ ਮਗਰੋਂ ਦੇਣ-ਲੈਣ ਸਿਰੇ ਚੜ੍ਹ ਜਾਂਦਾ ? ਹਾਸਿਆਂ ਦੀਆਂ ਛਣਕਾਰਾਂ ਇਨ੍ਹਾਂ ਤੋਂ ਬਿਨਾਂ ਸੰਭਵ ਨਹੀਂ ਹੁੰਦੀਆਂ ?

'ਛੁਰੀਮਾਰ' ਨਾਂਅ ਨਾਲ ਜਾਣਿਆ ਜਾਂਦਾ ਇਕ ਪਾਤਰ ਵੀ ਸੁਣਨ 'ਚ ਆਉਂਦਾ, ਜਿਸ ਦੇ ਹੱਥਾਂ ਨਾਲ ਛੁਰੀਆਂ ਬੰਨ੍ਹੀਆਂ ਹੁੰਦੀਆਂ, ਖੁਸ਼ੀ ਦੇ ਮੌਕੇ 'ਤੇ ਉਹ ਵੀ ਸ਼ਗਨ ਲੈਣ ਲਈ ਆਪਣਾ ਹੱਕ ਜਿਤਾਉਂਦਾ ? ਘਰਵਾਲਿਆਂ ਵਲੋਂ ਆਨਾਕਾਨੀ ਕਰਨ 'ਤੇ ਬੜੇ ਹੱਕ ਨਾਲ ਆਪਣੇ-ਆਪ ਨੂੰ ਛੁਰੀ ਮਾਰਨ ਦੀ ਧਮਕੀ ਦਿੰਦਾ ? ਪਰ ਇਹ ਸਭ ਕਦੇ ਵੀ ਵਾਪਰਦਾ ਨਾ-ਕਿਉਂਕਿ ਸਿੱਧੇ ਅਸਿੱਧੇ ਤੌਰ 'ਤੇ ਸਭ ਦਾ ਸਵਾਗਤ ਹੀ ਹੁੰਦਾ, ਖੁਸ਼ੀਆਂ ਦੇ ਮੌਕੇ 'ਤੇ ?

ਪਿੰਡਾਂ 'ਚ ਵੱਸੇ ਮੀਰ ਅਜਿਹੇ ਪਾਤਰ ਹਨ, ਜਿਨ੍ਹਾਂ ਤੋਂ ਬਿਨਾਂ ਸਤਰੰਗੀ ਪੂਰੀ ਨਹੀਂ ਹੁੰਦੀ, ਗੁਰੂ ਸਾਹਿਬ ਨੇ ਵੀ ਮੀਰਾਂ ਨੂੰ ਮਾਣ ਬਖਸ਼ਿਆ ਅਤੇ ਇਨ੍ਹਾਂ ਦੇ ਗਲੇ ਵਿਚਲੀਆਂ ਸੁਰਾਂ ਤੇ ਰਾਗਾਂ ਨੂੰ ਮਾਣਦੇ ਰਹੇ ?

ਪਿੰਡ ਦਾ ਇਕ ਸਾਂਹਸੀ ਜਿਸ ਨੂੰ ਸਾਰੇ ਫਕੀਰੀਆ ਕਹਿੰਦੇ ਸਨ, ਉਹਦੇ ਹੱਥ ਵਿਚ ਲੰਬੀ ਡਾਂਗ, ਤੇੜ ਚਾਦਰ, ਉੱਤੇ ਲੋਈ ਦੀ ਬੁੱਕਲ ਤੇ ਸਿਰ 'ਤੇ ਪੱਗ, ਲੰਮਾ ਛੀਂਟਕਾ ਸਰੀਰ, ਸਾਰੇ ਪਿੰਡ ਵਿਚ ਲਾਗੀ ਦਾ ਕੰਮ ਤੇ ਸੱਦੇ ਦੇਣ ਦਾ ਕੰਮ ਉਹ ਹੀ ਕਰਦਾ, ਸਰਦਾਰਨੀ ਫੁਲਕਾ ਛਕਾ ਦੇ, ਲੱਸੀ ਪਿਆ ਦੇ,- ਪੂਰੇ ਹੱਕ ਨਾਲ ਬਹਿਣਾ ਤੇ ਕਹਿਣਾ, ਉਹਦੇ ਆਵਾਜ਼ ਮਾਰਨ ਦਾ ਢੰਗ, ਇਹ ਲੋਕ ਕਿੰਨੇ ਆਪਣੇ ਲਗਦੇ, ਜਿਵੇਂ ਪਿੰਡ ਦੇ ਲੋਕਾਂ ਦੀ ਜ਼ਿੰਦਗੀ, ਇਨ੍ਹਾਂ ਬਿਨਾਂ ਅਧੂਰੀ ਹੋਵੇ ?

ਇੱਥੇ ਹੀ ਗੱਲ ਨਹੀਂ ਮੁੱਕਦੀ, ਪਿੰਡਾਂ ਦੇ ਵਿਹੜਿਆਂ ਦੇ ਸਦਾ ਹੀ ਖੁੱਲ੍ਹੇ ਦਰਵਾਜ਼ਿਆਂ ਵਿਚ ਆ ਫੇਰਾ ਪਾਉਂਦੇ ਜੋਗੀਆਂ ਨੂੰ ਕਿਵੇਂ ਵਿਸਾਰ ਦੇਈਏ ? ਜੋਗੀ ਉੱਤਰ ਪਹਾੜੋਂ ਆਇਆ ਚਰਖੇ ਦੀ ਘੂਕ ਸੁਣ ਕੇ-ਜਦੋਂ ਵੀ ਜੋਗੀ ਨੇ ਆਉਣਾ ਤੇ ਇਹ ਗਾਉਣ ਚੇਤੇ ਜ਼ਰੂਰ ਆਉਂਦਾ ਕਿ ਜਿਵੇਂ ਇਹ ਜੋਗੀ ਵੀ ਹੁਣੇ ਪਹਾੜੋਂ ਉੱਤਰ ਕੇ ਆਇਆ ਹੋਵੇ ਪਰ ਕਿਸ ਦੇ ਚਰਖੇ ਦੀ ਘੂਕ ਸੁਣ ਕੇ ਇਹ ਪਤਾ ਨਹੀਂ ? ਭਗਵਾਂ ਚੋਲਾ, ਕੰਨਾਂ 'ਚ ਮੁੰਦਰਾਂ, ਸਿਰ 'ਤੇ ਲਪੇਟੇ ਸਾਫੇ 'ਚੋਂ ਨਿਕਲਦੇ ਘੁੰਗਰਾਲੇ ਵਾਲ, ਮੋਢੇ 'ਤੇ ਗਠੜੀ, ਜਿਸ ਵਿਚ ਨਿੱਕ-ਸੁੱਕ, ਜੜੀਆਂ-ਬੂਟੀਆਂ ਤੇ ਇਕ ਮੋਢੇ 'ਤੇ ਡੰਡੇ ਨਾਲ ਲਟਕਦੇ ਦੋ ਪਿਟਾਰੇ, ਜਿਨ੍ਹਾਂ ਵਿਚ ਸੱਪ ਹੁੰਦੇ, ਉਹਦੀ ਆਵਾਜ਼ ਤੇ ਘਰ ਦੇ ਬੱਚੇ, ਜੋਗੀ ਆਇਆ, ਜੋਗੀ ਆਇਆ ਕਹਿ ਕੇ ਉਸ ਦੇ ਦੁਆਲੇ ਜੁੜ ਜਾਂਦੇ ? ਉਹ ਬੀਨ ਵਜਾਉਂਦਾ, ਛਾਬੇ ਦਾ ਕੱਪੜਾ ਹਟਾ ਕੇ ਸੱਪ ਨੂੰ ਬਾਹਰ ਕੱਢਦਾ ਤੇ ਇਕ ਖਾਸ ਅੰਦਾਜ਼ ਵਿਚ ਖੜ੍ਹਾ ਹੋ ਕੇ, ਝੁਕ ਕੇ ਬੀਨ ਵਜਾਉਂਦਾ ਤੇ ਸੱਪ ਉਸ ਦੀ ਬੀਨ 'ਤੇ ਝੂਮਦਾ ? ਵੈਸੇ ਸੱਪ ਦੇ ਕੰਨ ਨਹੀਂ ਹੁੰਦੇ, ਉਹ ਧਰਤੀ 'ਤੇ ਆਪਣੀ ਚਮੜੀ ਰਾਹੀਂ ਰੀਂਗ ਕੇ ਤਰੰਗਾਂ ਨੂੰ ਮਹਿਸੂਸ ਕਰਦਾ ਤੇ ਝੂਮਦਾ ? ਜੋਗੀ ਆਪਣੀ ਕਲਾ ਦਿਖਾਉਣ ਤੋਂ ਬਾਅਦ ਪਹਾੜਾਂ ਤੋਂ ਲਿਆਂਦੀਆਂ ਜੜ੍ਹੀ-ਬੂਟੀਆਂ ਦੇ ਅਸਲੀ ਹੋਣ ਦਾ ਦਾਅਵਾ ਕਰਦਾ ਤੇ ਹੋਰ ਕਈ ਤਰ੍ਹਾਂ ਦੇ ਇਲਾਜ ਦੇ ਸੁਝਾਅ ਦਿੰਦਾ ? ਕਈ ਵਾਰ ਔਰਤਾਂ ਪ੍ਰਭਾਵਿਤ ਹੋ ਕੇ ਸਾਮਾਨ ਲੈ ਵੀ ਲੈਂਦੀਆਂ ? ਇਨ੍ਹਾਂ ਸਭ ਨੂੰ ਯਾਦ ਕਰਦਿਆਂ ਗੱਡੀਆਂ ਵਾਲਿਆਂ ਨੂੰ ਕਿਵੇਂ ਭੁੱਲ ਸਕਦੇ ਹਾਂ ? ਪੂਰੇ ਦਾ ਪੂਰਾ ਕਾਫਲਾ ਇਕ ਪਿੰਡ ਵਿਚ ਮਹੀਨਾ ਭਰ ਰਹਿਣਾ ਤੇ ਇਨ੍ਹਾਂ ਦੇ ਤੁਰਨ ਲੱਗਿਆਂ ਮਨ ਭਰਦਾ ਤੇ ਉਹ ਰੌਣਕੀਲੀ ਥਾਂ ਜਿਵੇਂ ਕੂਕਦੀ ਹੌਕੇ ਭਰਦੀ ? ਗੱਡੀਆਂ ਵਾਲਿਆਂ ਦੀਆਂ ਮੁਟਿਆਰਾਂ ਦੇ ਕੱਪੜੇ ਤੇ ਗਹਿਣੇ ਵੇਖ ਕੇ ਮੇਰਾ ਵੀ ਪਾਉਣ ਨੂੰ ਜੀਅ ਕਰਦਾ ? ਸ਼ਿਵਰਾਤਰੀ ਦੇ ਦਿਨਾਂ ਵਿਚ ਜੰਗਮ-ਜੋ ਇਕ ਥਾਂ 'ਤੇ ਟਿਕ ਕੇ ਨਹੀਂ ਬੈਠਦੇ, ਵੀ ਘਰਾਂ ਵਿਚ ਦਸਤਕ ਦਿੰਦੇ ਵੇਖੇ ਜਾ ਸਕਦੇ ਨੇ, ਸਿਰ 'ਤੇ ਮੋਰ ਦੇ ਖੰਭਾਂ ਦੀ ਕਲਗੀ ਤੇ ਭਗਵੇਂ ਚੋਲ਼ੇ ਵਿਚ, ਹੱਥ ਵਿਚ ਟੱਲੀ ਖੜਕਾ ਕੇ ਆਉਣ ਦੀ ਸੂਚਨਾ ਦੇਣੀ ਵੀ ਸਾਡੇ ਸੱਭਿਆਚਾਰ ਦਾ ਹਿੱਸਾ ਸੀ ? ਸੁਰਜੀਤ ਸਿੰਘ ਮਰਜਾਰਾ ਦੀ ਇਕ ਕਵਿਤਾ:

'ਪਿੰਡ ਮੇਰੇ ਦੇ ਨਕਲੀਏ, ਬਹੁਤ ਰਹੇ ਮਸ਼ਹੂਰ,
ਹਰ ਥਾਂ ਹਰ ਕੋਈ ਉਨ੍ਹਾਂ ਦੀ, ਸੁਣਦਾ ਗੱਲ ਜ਼ਰੂਰ'

ਉਨ੍ਹਾਂ ਦੀ ਗੱਲ ਕੀਤੇ ਬਿਨਾਂ ਹਥਲੀ ਲਿਖਤ ਪੂਰੀ ਨਹੀਂ ਹੁੰਦੀ ? ਡੀ.ਜੇ. ਦੇ ਸ਼ੋਰ ਵਿਚ ਗਵਾਚੇ ਅੱਜ ਦੇ ਵਿਆਹ ਤੇ ਖੁਸ਼ੀਆਂ ਨਾਲੋਂ ਕਿਤੇ ਬਿਹਤਰ ਸੀ ? ਉਨ੍ਹਾਂ ਦੇ ਹਾਸੇ ਠੱਠੇ ਤੇ ਸੱਚੀਆਂ ਛੁਰਲੀਆਂ ਨੂੰ ਸੁਣਨਾ, ਫਿਰ ਸੁਣਨ ਵਾਲਿਆਂ ਦਾ ਇਕੱਠਾ ਹਾਸਾ ਤੇ ਆਵਾਜ਼ਾਂ ਆਪਸੀ ਸਾਂਝ ਦੀਆਂ ਗਵਾਹੀਆਂ ਭਰਦੀਆਂ ਮੇਰੇ ਪਿੰਡ ਦੇ ਨਕਲੀਆਂ ਨੂੰ ਅੱਜ ਨਵੇਂ ਜ਼ਮਾਨੇ ਦੇ ਬਣਾਏ ਸੱਭਿਆਚਾਰਕ ਪਿੜਾਂ, ਜਿਵੇਂ ਹਵੇਲੀ ਤੇ ਸਾਡਾ ਪਿੰਡ ਵਰਗੀਆਂ ਥਾਵਾਂ 'ਤੇ ਆਪਣੀ ਕਲਾ ਵੰਡਦਿਆਂ ਵੇਖਿਆ, ਲੋਕ ਇਕੱਠੇ ਹੋਏ, ਸੁਣਦੇ ਤੇ ਅਗਾਂਹ ਲੰਘ ਜਾਂਦੇ ਕਿਸੇ ਨੂੰ ਸਮਝ ਆਉਂਦੀ ਤੇ ਕਿਸੇ ਨੂੰ ਇਹ ਸਮਝ ਨਹੀਂ ਆਉਂਦੀ ਕਿ ਇਹ ਕਿਸ ਦੁਨੀਆ ਦੇ ਲੋਕ ਹਨ ਉਨ੍ਹਾਂ ਵਲੋਂ ਵਰਤੇ ਜਾਂਦੇ ਤਮਾਚੇ, ਇੰਝ ਲਗਦਾ ਜਿਵੇਂ ਸਾਡੀ ਜ਼ਮੀਰ 'ਤੇ ਪੈ ਰਹੇ ਹੋਣ ਕਿ ਕਿਤੇ ਬਿਲਕੁਲ ਹੀ ਨਾ ਟੁੱਟ ਜਾਇਉ, ਆਪਣੀਆਂ ਜੜ੍ਹਾਂ ਦੀ ਡੂੰਘਾਈ ਤੋਂ ਜਾਣੂ ਕਰਵਾ ਜਾਇਉ, ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੁਝ ਵਿਰਸੇ ਦੀਆਂ ਬਾਤਾਂ ਸੁਣਾ ਜਾਇਉ ?

**- ਜਸਪਾਲ ਕੌਰ**





# ਨਵੀਂ ਸਵੇਰ

ਦੁਆ ਕਰੋ ਨਵਾਂ ਸਾਲ,
ਨਵੀਂ ਸਵੇਰ ਲੈ ਆਏ,
ਸੂਰਜ ਚੜ੍ਹੇ ਮੱਥਾ ਖਿੜੇ,
ਕੁਕਰਮਾਂ ਦਾ ਹਨੇਰ ਛਟ ਜਾਏ।
ਧਰਤੀ ਦੇ ਪਾਣੀਆਂ ਲਈ,
ਲੜ ਮਰੇ ਨਾ ਕੋਈ,
ਵਣ-ਤ੍ਰਿਣ ਹਰਿਆ ਹੋ ਜਾਏ।
ਕਣਕਾਂ ਦਾ, ਮੁੱਲ ਤਾਂ ਉਤਰੇ,
ਬੋਹਲਾਂ 'ਤੇ ਨੀਰ ਨਾ ਚੋਏ,
ਫਾਹੇ ਦੀ ਤੰਦ ਟੁੱਟ ਜਾਏ।
ਤਰਲਾ, ਕਰਨਾ ਨਾ ਪਵੇ ਰੋਜ਼ੀ ਲਈ,
ਕਾਮੇ ਦੀ ਅੱਖ ਨਾ ਰੋਏ,
ਗੁਰਬਤ ਖ਼ਤਮ ਹੋ ਜਾਏ।
ਕਲਮ ਹੰਝੂ 'ਚ ਨਾ ਡੁੱਬੇ,
ਸ਼ਬਦ ਕੁਝ ਹੌਸਲਾ ਦੇਵਣ,
ਫਿਜ਼ਾ ਵਿੱਚ ਚੈਨ ਆ ਜਾਏ।
ਅੰਬਰੋਂ, ਬਾਰੂਦੀ ਗਹਿਰ ਉਤਰੇ,
ਦਹਿਸ਼ਤ ਦੀ ਘੁਟਣ ਨਾ ਹੋਵੇ,
ਮਾਸੂਮੀਂ ਰੱਤ ਨਾ ਚੋ ਜਾਏ।
ਜਵਾਨੀ ਦਾ ਘਾਣ ਨਾ ਹੋਵੇ,
ਵਿਧਵਾ ਹੋਵੇ ਨਾ ਕੋਈ,
ਮਾਂ-ਕਲੇਜਾ ਸੱਲਿਆ ਨਾ ਜਾਏ।
ਅਮਨ ਦੀ ਉਡਾਣ ਭਰੋ,
ਉਪਾਅ, ਕਰੋ ਕੋਈ,
ਬ੍ਰਹਿਮੰਡੀਂ ਅਮਨ ਛਾ ਜਾਏ।
ਦੁਆ ਕਰੋ ਨਵਾਂ ਸਾਲ,
ਨਵੀਂ ਸਵੇਰ ਲੈ ਆਏ,
ਦੁਆ ਕਰੋ ! ਦੁਆ ਕਰੋ !

**ਦਲਜੀਤ ਕੌਰ ਦਾਊਂ**

# ਮੱਥੇ ਦੀ ਬਿੰਦੀ



ਮੇਰੀਆਂ ਖਵਾਹਿਸ਼ਾਂ ਨੂੰ
ਠੁਕਰਾਉਣਾ
ਉਸਨੂੰਨਹੀਂ ਆਉਂਦਾ
ਪਰਉਸਦੀਆਂ ਨਿੱਕੀਆਂ
ਨਿੱਕੀਆਂ ਖਵਾਹਿਸ਼ਾ
ਮੈਥੋਂ ਪੂਰਨਹੀਂ ਹੁੰਦੀਆਂ
ਕਦੀਪਾਉਣਾ ਚਾਹੁੰਦਾ ਹੈ
ਉਹ ਮੇਰੀਆਂ ਬਾਹਵਾਂ ਵਿੱਚ
ਰੰਗ ਬਰੰਗੀਆਂ ਚੂੜੀਆਂ
ਕਦੇ ਸੁਣਨਾ ਚਾਹੁੰਦਾ ਹੈ
ਉਹ ਮੇਰੀਆਂ ਝਾਂਜਰਾ ਦੇ ਬੋਲ
ਕੱਜਲ ਤੋਂ ਬਿਨ ਾਂ ਸੁੰਨੀਆਂ
ਅੱਖਾਂ
ਵੀ ਮੰਨਜੂਰ ਨਹੀਂ ਉਸਨੂੰ
ਬੁੱਲਾਂ ਦੀਲਾਲੀਵੀ
ਫਿੱਕੀ ਪੈਣਨਹੀਂ ਦਿੰਦਾ
ਕਦੀਲੋਚਦਾ ਹੈ ਉਹ
ਮੇਰੇ ਹੱਥਾਂ ਦੀ ਮਹਿੰਦੀ ਵਿੱਚ
ਆਪਣੇ ਨਾਮਦਾਪਹਿਲਾ
ਅੱਖਰ
ਨਹੀਂ ਕਰਦਾ ਉਹ ਮੇਰੇ ਨਾਲ
ਚੰਨ ਤਾਰੇ ਤੋੜਨ ਦੇ ਵਾਦੇ
ਬੱਸ ਸਜਾ ਦਿੰਦਾ ਹੈ
ਮੇਰੇ ਮੱਥੇ ਤੇ ਨਿੱਕੀ ਜਿਹੀ
ਬਿੰਦੀ
ਤੇ ਲੱਭਦਾ ਹੈ ਉਸ ਵਿੱਚੋਂ
ਉਹ ਸਾਰੇ ਬ੍ਰਹਿਮੰਡ ਨੂੰ

**ਕੰਵਲਜੀਤ ਕੌਰ ਢਿੱਲੋਂ**
**ਤਰਨਤਾਰਨ**
**ਸੰਪਰਕ 9478793231**

# ਦੋਹੇ

**ਅਮਰ 'ਸੂਫ਼ੀ**
**ਸੰਪਰਕ: 98555 43660.**

ਤਾਜ਼ੀ ਰਚਨਾ ਛਪਣ 'ਤੇ, ਖੁਸ਼ ਹੋ ਜਾਂਦੈ ਚਿੱਤ।
'ਸੂਫ਼ੀ' ਕਰਦੇ ਟਿੱਪਣੀ, ਇਸ 'ਤੇ ਸੱਜਣ ਮਿੱਤ।
ਮੇਰੀ ਅੱਖੜ ਕਲਮ ਨੂੰ, ਜੋ ਕਰਦੇ ਨੇ ਪਿਆਰ।
'ਸੂਫ਼ੀ' ਉਹਨਾਂ ਮਿੱਤਰਾਂ, ਦਾ ਕਰਦੈ ਸਤਿਕਾਰ।
ਜੋ ਵੀ ਮਨ ਦੇ ਵਿੱਚ ਹੈ, ਉਹ ਹੀ ਮੂੰਹ 'ਤੇ ਯਾਰ।
ਤਾਂ ਹੀ ਲੋਕੀਂ ਆਖਦੇ, 'ਸੂਫ਼ੀ' ਹੈ ਬੁਰਿਆਰ।
ਕੰਮ ਕਵੀ ਦਾ ਸੱਜਣੋ ! ਮੂੰਹ 'ਤੇ ਕਹਿਣਾ ਸੱਚ।
'ਸੂਫ਼ੀ' ਪੱਲੇ ਸੱਚ ਜੇ, ਕੋਠੇ ਚੜ੍ਹ ਕੇ ਨੱਚ।
ਬੈਠੇ ਰਹਿੰਦੇ ਫੜ ਕਈ, 'ਸੂਫ਼ੀ' ਕਲਮ-ਕਟਾਰ।
ਕੀ ਲੋੜ ਹਥਿਆਰ ਦੀ, ਜੇ ਨਾ ਕਰਨਾ ਵਾਰ।
ਜੇ ਕਰ ਖੱਸੀ ਸ਼ਬਦ ਨੇ, ਕੀ ਉਹਨਾਂ ਦੀ ਲੋੜ।
ਸ਼ਬਦਾਂ ਦੀ ਮਰਦਾਨਗੀ, 'ਸੂਫ਼ੀ' ਪੂਰੇ ਬੋੜ।
ਜਿਹੜੇ ਅੱਖਰ ਵੇਚਦੇ, ਉਹ ਕਦ ਹੁੰਦੇ ਸ਼ਾਇਰ।
'ਸੂਫ਼ੀ' ਗਿੱਦੜ ਜਾਤ 'ਚੋਂ, ਉਹ ਹੁੰਦੇ ਨੇ ਕਾਇਰ।
ਕਲਮ ਚਲਾਉਣੀ ਮਿੱਤਰੋ ! ਡਾਢਾ ਔਖਾ ਕੰਮ।
'ਸੂਫ਼ੀ' ਮਿਲਣ ਮੁਸੀਬਤਾਂ, ਕਦ ਮਿਲਦੇ ਨੇ ਦੰਮ।
ਲਿਖਦੇ ਲੋਕਾਂ ਵਾਸਤੇ, ਉਹ ਕਲਮਾਂ ਦਾ ਮਾਣ।
'ਸੂਫ਼ੀ' ਵਰਕੇ ਕੂੜ ਦੇ, ਰੱਦੀ ਦੇ ਵਿਚ ਜਾਣ।
ਆਪਾਂ ਪੁੱਤ ਪੰਜਾਬ ਦੇ, 'ਸੂਫ਼ੀ' ਸੇਵਾਦਾਰ।
ਮਾਂ ਬੋਲੀ ਦੀ ਬਿਹਤਰੀ,ਖਾਤਰ ਤਤਪਰ ਯਾਰ।
ਵੱਜੇ ਭਾਵੇਂ ਹੱਡ 'ਤੇ, 'ਸੂਫ਼ੀ' ਦਿੰਦੈ ਮਾਰ।
ਆਗੂ ਹੁੰਦੇ ਠੀਕ ਤਦ, ਜੇ ਪਾਈਏ ਫਿਟਕਾਰ।
ਜੜ੍ਹ ਆਗੂ ਦੀ ਦੋਸਤੋ, ਹੁੰਦੀ ਠੀਕਰ ਵਿੱਚ।
'ਸੂਫ਼ੀ' ਲੋਕਾਂ ਹੱਥ, ਜਦ, ਮਰਜ਼ੀ ਦੇਵਣ ਖਿੱਚ।
ਤਿਣਕਾ ਦਾੜ੍ਹੀ ਚੋਰ ਦੀ, 'ਸੂਫ਼ੀ' ਨੂੰ ਕੀ ਕਾਣ।
ਸੜਦੇ ਨੇ ਤਾਂ ਸੜਨ ਦੇ, ਮਰਦੇ ਤਾਂ ਮਰ ਜਾਣ।
ਸਾਡੇ ਨੇਤਾ ਮਿੱਤਰੋ ! ਜੁੱਤੀ ਦੇ ਹਨ ਯਾਰ।
'ਸੂਫ਼ੀ' ਉਸ ਨੂੰ ਨੋਚਦੇ, ਜੋ ਕਰਦੈ ਸਤਿਕਾਰ।
ਜੇ ਸੌ ਬਾਂਦਰ ਵੱਢੀਏ, ਆਗੂ ਬਣਦੈ ਇੱਕ।
'ਸੂਫ਼ੀ' ਸਿਆਸਤਦਾਨ ਨੇ,ਕੈਂਸਰ ਤੇ ਤਪਦਿੱਕ।
ਉਨ੍ਹਾਂ ਕੋਲ ਹਥਿਆਰ ਨੇ,ਕਾਨੀ ਅਪਣੇ ਕੋਲ।
ਕਲਮਾਂ ਅੱਗੇ ਬੰਬ ਕੀ, 'ਸੂਫ਼ੀ' ਸਕਦੇ ਬੋਲ।
'ਸੂਫ਼ੀ' ਲਿਖਦਾ ਮਿੱਤਰੋ, ਦੱਸੋ ਜੇ ਕਰ ਝੂਠ।
ਆਗੂ, ਸਾਧਾਂ ਤੋਂ ਬਚੋ, ਇਹ ਜੂਠਾਂ ਦੀ ਜੂਠ।
'ਸੂਫ਼ੀ' ਸੱਚੇ ਹੋਣਗੇ, ਜੇ ਕਰ ਕੌੜੇ ਬੋਲ।
ਮਿੱਠਾ ਬੋਲ ਖ਼ੁਸ਼ਾਮਦੀ, ਫੱਕੜ ਦਿੰਦੇ ਤੋਲ।
ਸਾਧਾਂ ਦੀ ਵੀ ਸੁਣ ਲਵੋ, ਇਹ ਨੇ ਕਾਮੀ ਲੋਕ।
'ਸੂਫ਼ੀ' ਹੁੰਦੇ ਸਾਨ੍ਹ ਇਹ, ਮੁਸ਼ਕੇ ਜੱਤਲ ਬੋਕ।
ਸਾਧ 'ਚ ਔਗਣ ਤਿੰਨ ਹਨ,ਕਾਮੀ,ਲੋਭੀ,ਠੱਗ।
'ਸੂਫ਼ੀ' ਕਰ ਕੇ ਚਾਤਰੀ, ਕਮਲਾ ਕੀਤਾ ਜੱਗ।
ਨਾਮ ਜਪਾਉਣ ਬਹਾਨੜੇ, ਸ਼ੋਸ਼ਣ ਕਰਦੇ ਢੇਰ।
'ਸੂਫ਼ੀ' ਬੁੱਲੇ ਲੁੱਟ ਕੇ, ਜੇਲ੍ਹਾਂ ਭੁਗਤਣ ਫੇਰ।

# ਸਿਰਨਾਵਾਂ

ਸਿਰਨਾਵਾਂ ਉਹਦਾ ਕੋਲ ਹੈ ਪਰ ਜਾਵਾਂ ਕਿ ਨਾ,
ਕਲਮ ਵੀ ਹੈ ਤਿਆਰ ਲਿਖ ਖਤ ਪਾਵਾਂ ਕਿ ਨਾ ?
ਹਰ ਰਸਤਾ ਹੈ ਯਾਦ ਉਹਦੇ ਗਰਾਂ ਦਾ ਮੈਨੂੰ ਤਾਂ,
ਪਿਆ ਹਾਂ ਸੋਚੀਂ ਕਿ ਉਸਨੂੰ ਮਿਲ ਆਵਾਂ ਕਿ ਨਾ ?
ਭੁੱਲਕੇ ਬਹਿ ਗਿਆ ਲਗਦਾ ਕੰਮਾਂ ਕਾਰਾਂ ਦੇ ਵਿੱਚ,
ਹੋ ਸਾਹਮਣੇ ਪੇਸ਼ ਅਚਾਨਕ ਯਾਦ ਕਰਾਵਾਂ ਕਿ ਨਾ ?
ਜਾਂਦੀਆਂ ਹਵਾਵਾਂ ਉਸ ਵੱਲ ਮੇਰੇ ਸ਼ਹਿਰ ਦੀਆਂ ,
ਰਹਾਂ ਸੋਚਦਾ ਉਹਨਾਂ ਨੂੰ ਸੁਨੇਹਾ ਫੜਾਵਾਂ ਕਿ ਨਾ ?
ਨਿੱਤ ਬਹਾਨੇ ਘੜ ਬਹਿੰਦਾ ਹੈ ਕੰਮਾਂ ਕਾਰਾਂ ਦੇ ,
ਕਹਿੰਦਾ ਸੱਚੀ ਗੱਲ ਕਿ ਨਾ ਪਰਤਿਆਵਾਂ ਕਿ ਨਾ ?
ਕਦਮ ਕਦਮ ਪੁੱਟ ਪਹੁੰਚ ਗਿਆ ਹਾਂ ਦਰ ਤੇਰੇ,
ਹਾਲੇ ਵੀ ਖਿਆਲੀ ਕਿ ਕੁੰਡਾ ਖੜਕਾਵਾਂ ਕਿ ਨਾ ?

ਹਰਦੀਪ ਬਿਰਦੀ 9041600900

# ਸੂਟਾਂ ਦਾ ਕਰੇਜ ਹਰ ਜੱਟੀ ਨੂੰ

ਇੱਕ ਵਾਰੀ ਪਾ ਕੇ ਸੂਟ ਦੂਜੀ ਵਾਰ
ਕਹਿੰਦੀ ਮੈ ਨਹੀਂ ਪਾਉਣਾ ਜੀ
ਇਹ ਤਾਂ ਮੇਰਾ ਸਾਰਿਆਂ ਨੇ ਵੇਖਿਆ
ਮੈਂ ਤਾਂ ਹੁਣ ਹੋਰ ਸਵਾਉਣਾ ਜੀ
ਮਾਰ ਮਾਰ ਕੇ ਸਿਉਣਾ ਫਿੱਟ
ਉਹ ਕਰੇ ਆਖਾਂ ਕੀ ਮੈਂ ਫੈਸ਼ਨਾਂ ਦੀ ਪੱਟੀ ਨੂੰ
ਚੜਿਆ ਕਰੇਜ ਸੂਟਾਂ ਦਾ ਹੈ
ਯਾਰੋ ਅੱਜ ਕੱਲ ਹਰ ਇੱਕ ਜੱਟੀ ਨੂੰ
ਇੱਕ ਹੋਰ ਨਵਾਂ ਪੰਗਾ ਵੇਖੋ
ਆਨ ਲਾਈਨ ਦਾ ਆ ਗਿਆ
ਸੂਟ ਆਰਡਰ ਕਰੇਨ ਦਾ ਚਸਕਾ
ਹਰ ਇੱਕ ਨਾਰੀ ਨੂੰ ਹੈ ਪੈ ਗਿਆ
ਘੁੱਟ ਵਾਂਗ ਲੱਗੀ ਏ ਬੀਮਾਰੀ
ਫੇਸਬੁੱਕ ਦੀ ਨੇ ਪੱਟਿਆਂ ਹੈ ਹਰ ਇੱਕ ਨੱਡੀ ਨੂੰ
ਚੜਿਆ ਕਰੇਜ ਸੂਟ ਦਾ ਯਾਰੋ........
ਸੀਸੇਮੋਹਰੇ ਬਹਿ ਕੇ ਖੁਦ ਨੂੰ
ਸ਼ਿੰਗਾਰੇ ਸਿਰੇ ਦੀ ਰਕਾਨ ਬਈ
ਸੋਹਣੇ ਮੁਖੜੇ ਤੇ ਚਾਰ ਚੰਨ ਲਾਵੇ
ਸੀਸ਼ਾਂ ਹੋਇਆ ਵੇਖੋ ਮਿਹਰਬਾਨ ਬਈ
ਨਜ਼ਰ ਨਾ ਲੱਗ ਜਾਵੇ ਕਿਤੇ ਹੁਸਨਾਂ ਦੀ ਪੱਟੀ ਨੂੰ
ਚੜਿਆ ਕਰੇਜ ਸੂਟਾਂ ਦਾ ਯਾਰੋ........
ਹਰਪ੍ਰੀਤ ਨੇ ਹੈ ਵੇਖੀ ਅੱਜ ਕੱਲ
ਇੱਕ ਹੋਰ ਗੱਲ ਬੜੀ ਚਲਦੀ
ਹਰ ਗੱਭਰੂ ਨੇ ਪੱਗ ਹੈ ਰੰਗਾਈ
ਜਿਹੜੀ ਚੁੰਨੀ ਨਾਲ ਰਲਦੀ
ਲਈ ਫੁਲਕਾਰੀ ਵੇਖੋ ਕਿੰਨੀ
ਉਹ ਸਜੇ ਇਸ਼ਕੇ ਦੀ ਪੱਟੀ ਨੂੰ
ਚੜਿਆ ਕਰੇਜ ਸੂਟਾਂ ਦਾ ਹੈ
ਯਾਰੋ ਅੱਜ ਕੱਲ ਹਰ ਇੱਕ ਜੁੱਟੀ ਨੂੰ

ਹਰਪ੍ਰੀਤ ਕੌਰ

# ਪੰਜਾਬ ਦੇ ਨਜ਼ਾਰੇ

**ਬੰਸੀ ਸਿੰਘ**

ਪੰਜਾਬ ਦੇ ਨਜ਼ਾਰੇ-ਦਿਲਕਸ਼ ਨੇ ਸਭ ਨਜ਼ਾਰੇ
ਜਿੱਥੇ ਨਜ਼ਰ ਉਠਾਓ-ਮੀਲੋਂ ਹਸੀਂ ਨਜ਼ਾਰੇ
ਖੇਤਾਂ 'ਚ ਵੇਖੋ ਲਹਿਰਾਉਣ ਕਣਕਾਂ ਉੱਚੀਆਂ-ਲੰਮੀਆਂ
ਕਿਤੇ ਹਰੀਆਂ ਡੋਡੀਆਂ 'ਚੋਂ ਝਾਕਣ ਕਪਾਹਾਂ ਚਿੱਟੀਆਂ
ਸਰ੍ਹੋਂ ਦੇ ਬੂਟਿਆਂ 'ਤੇ ਬਸੰਤੀ ਵਿਛਾਈਆਂ ਵਿਛੀਆਂ
ਹਰ ਪਾਸੇ ਹਰਿਆਲੀਆਂ ਨੇ- ਮਹਿਕਣ ਰੰਗੀਂ ਨਜ਼ਾਰੇ
ਪੰਜਾਬ ਦੀ ਇਹ ਧਰਤੀ- ਮਿੱਟੀ ਵੀ ਸੋਨੇ ਵਰਗੀ
ਧਰਤੀ ਇਹ ਕਰਮਾਂ ਵਾਲੀ- ਅੰਬਰ ਦੀ ਛਾਂ ਨਿਰਾਲੀ
ਇਸ ਧਰਤੀ ਦੇ ਜੋ ਬਾਸ਼ਿੰਦੇ- ਬੜੇ ਮਿਹਨਤੀ ਨੇ ਬੰਦੇ
ਕਮੀਆਂ ਨਹੀਂ ਕਿਸੇ ਨੂੰ- ਰੱਜੇ ਪੁੱਜੇ ਨੇ ਸਾਰੇ
ਕਿਤੇ ਹਲ ਪਏ ਨੇ ਚੱਲਦੇ- ਕਿਤੇ ਟਰੈਕਟਰ ਦੀ ਘੂੰ-ਘੂੰ
ਪੱਠੇ ਪਏ ਨੇ ਟੁਕਦੇ- ਗੰਨੇ ਪਏ ਨੇ ਪਿੜਦੇ
ਖੇਤਾਂ 'ਚ ਬਰਕਤਾਂ ਨੇ ਘਰਾਂ 'ਚ ਰੌਣਕਾਂ ਨੇ
ਹਰ ਪਾਸੇ ਖ਼ੁਸ਼ਹਾਲੀਆਂ ਨੇ ਭਰੇ ਨੇ ਸਭ ਭੰਡਾਰੇ
ਸਾਗਾਂ ਦੇ ਕੁੰਨੇ ਰਿੱਝਦੇ- ਰੋਟੀਆਂ ਤੰਦੂਰੀ
ਉੱਤੇ ਮੱਖਣਾਂ ਦੇ ਪਿੰਨੇ- ਨਾਲੇ ਲੱਸੀਆਂ ਦੇ ਛੰਨੇ
ਜੋ ਆਏ ਖਾ ਕੇ ਜਾਏ ਜੀ ਆਇਆਂ ਨੂੰ ਸਭ ਨੂੰ ਕਹਿੰਦੇ
ਬੂਹੇ ਸਦਾ ਨੇ ਖੁੱਲ੍ਹੇ ਮਹਿਮਾਨ ਸਭ ਨੂੰ ਪਿਆਰੇ
ਛੈਲ-ਛਬੀਲੇ ਗੱਭਰੂ- ਬਾਂਕੀਆਂ ਨੇ ਨਾਰਾਂ
ਭੰਗੜੇ ਪਏ ਨੇ ਪੈਂਦੇ- ਗਿੱਧੇ ਪਏ ਨੇ ਮੱਚਦੇ
ਕੁੜੀਆਂ ਦੀਆਂ ਕਿਕਲੀਆਂ ਨੇ-
ਮੁੰਡਿਆਂ ਦੇ ਗੁੱਲੀ-ਡੰਡੇ
ਖ਼ੁਸ਼ ਰਹਿ ਕੇ ਖੁਸ਼ੀਆਂ ਦੇਂਦੇ- ਇਹ ਪਿੰਡ ਦੇ ਬੱਚੇ ਸਾਰੇ

# .ਗ਼ਜ਼ਲ

ਮਿੱਟੀ ਵਿਚ ਕੁਝ ਐਸੇ ਰੁੱਖ ਉਗਾਵਾਂਗੇ।
ਧਰਤੀ ਨੂੰ ਉਸ ਅੰਬਰ ਨਾਲ ਮਿਲਾਵਾਂਗੇ।
ਮੰਜ਼ਿਲ ਏ ਮਕਸੂਦ ਅਸਾਡੀ ਨੇੜੇ ਨੀ,
ਫਿਰ ਵੀ ਘਰ ਤੋਂ ਪੈਦਲ ਚੱਲਕੇ ਜਾਵਾਂਗੇ।
ਸਿਤਮ ਜ਼ਰੀਫੀ ਸਮਿਆਂ ਨੇ ਤਾਂ ਕਰਨੀ ਹੈ,
ਮਕਤਲ ਉੱਤੇ ਭੋਰਾ ਨਾਂ ਸ਼ਰਮਾਵਾਂਗੇ।
ਅੱਖ ਮਿਲਾਵੇਂਗਾ ਤੂੰ ਕਿੱਦਾਂ ਐ ਜ਼ਾਲਮ,
ਗੈਰਤ ਵਾਲਾ ਨੈਣੀ ਕੱਜਲ ਪਾਵਾਂਗੇ ।
ਰੰਗ ਬਸੰਤੀ ਵਾਲਾ ਚੋਲਾ ਪਾਇਆ ਹੈ,
ਸ਼ਵੀਆਂ ਉੱਗਣ ਜਿੱਥੇ ਪੈਰ ਟਿਕਾਵਾਂਗੇ।
ਰੰਗ ਨਸਲ ਤੇ ਧਰਮਾਂ ਵਿਚ ਉਲਝਾਇਆ ਤੂੰ,
ਤੇਰੀ ਮਿਕਨਾਤੀਸੀ ਵਿਚ ਨਾ ਆਵਾਂਗੇ ।
ਪੱਖੋ ਚਾਨਣ ਜਿੰਨਾ ਕੋਲੋਂ ਮਨਫ਼ੀ ਹੈ,
ਉਹਨਾਂ ਦੇ ਘਰ ਸੂਰਜ ਲੈ ਕੇ ਜਾਵਾਂਗੇ।

**ਜਗਤਾਰ ਪੱਖੋ**
**ਮੋਬ: 9465196946**

# ਸੱਚ ਕਹੇਂਗਾ ?

ਸੱਚ ਕਹੇਗਾ ?ਮਰਨਾ ਪਊ।
ਹਰੀ ਕੇ ਪੱਤਣ ਤਰਨਾ ਪਊ
ਛੱਡ ਕੇ ਆਸ ਜੀਣ ਦੀ ਬੀਬਾ,
ਮੌਤ ਦਾ ਪੱਲਾ ਫੜਨਾਂ ਪਊ।
ਜਾਲਮ ਬੜਾ ਇਹ ਕਾਲਾ ਨ੍ਹੇਰਾ।
ਦੁਸ਼ਮਣ ਇਸ ਦਾ ਸੱਚ ਸਵੇਰਾ।
ਚਿੱਟਾ ਚਾਨਣ ਹੋਣ ਨਹੀ ਦਿੰਦਾ,
ਚਾਰ ਛੁਪੇਰੇਓ ਪਾਉਂਦਾ ਘੇਰਾ।
ਫਿਰ ਹਰਜਾਨਾਂ ਭਰਨਾ ਪਊ।
ਕੀ ਕੁੱਝ ਖਾ ਗਿਆ ਕਾਲਾ ਨ੍ਹੇਰਾ।
ਉਹ ਹੀ ਹਾਲ ਕਰੂਗਾ ਤੇਰਾ।
ਜੇਕਰ ਸੱਚ ਦਾ ਨਾਹਰਾ ਲਾਉਣਾ
ਫੇਰ ਤੂੰ ਰੱਖੀ ਵੱਡਾ ਜੇਰਾ।
ਸੀਸ ਤੱਲੀ ਤੇ ਧਰਨਾਂ ਪਊ।
ਪੈਣ ਝੱਲਣੀਆਂ ਹੱਭੀਆਂ ਨੱਭੀਆਂ।
ਗਰਮ ਤਸੀਹੇ ਤੱਤੀਆਂ ਤੱਵੀਆਂ।
ਫਾਹਾ ਫਾਂਸੀ ਸੂਲੀ ਗੋਲੀ---
ਤਲਵਾਰਾਂ ਤੇ ਨੇਜੇ ਸ਼ਵੀਆਂ।
ਸਭ ਕੱਝ ਮਿਤਰਾ ਜਰਨਾ ਪਊ।
ਇਕ ਪੀੜੀ ਇਹ ਖਾ ਗਿਆ ਸਾਰੀ।
ਦੂਜੀ ਦੀ ਹੁਣ ਆਗਈ ਵਾਰੀ।
ਵੀਹੀਂ ਵਰ੍ਹੀਂ ਜਵਾਨੀ ਵੱਢਦਾ---
ਵਾਢੀ ਦੀ ਹੁਣ ਕਰਦਾ ਤਿਆਰੀ।
ਅਣ-ਪਛਾਤੇ ਸੜਨਾ ਪਊ ।
ਸਰਾਂ ਬੜੇ ਇਹ ਰੂਪ ਵਟਾਉਂਦਾ।
ਕਦੇ ਇਹ ਬਣ ਕੇ ਮੋਰ ਹੈ ਆਉਂਦਾ।
ਘਾਣ ਜਵਾਨੀ ਦਾ ਇਹ ਕਰਦਾ---
ਭਗਲਾ ਬਣ ਕੇ ਪਾਪ ਕਮਾਉਂਦਾ।
ਇਸ ਦੇ ਧੱਕੇ ਚੜ੍ਹਨਾ ਪਊ ।

**ਬਲਵੰਤ ਸਰਾਂ (ਮੱਦੋਕੇ)**

# ਸਾਲ ਮੁਬਾਰਕ ਸਭ ਨੂੰ

ਇੱਕ ਹੋਰ ਵਰ੍ਹਾ ਕਿਰ ਗਿਆ ਹੈ
ਦਿਨ ਦਿਨ ਕਰਕੇ
ਮੁੱਠੀ 'ਚੋਂ ਕਿਰਦੀ ਰੇਤ ਵਾਂਗਰਾਂ।
ਉਦਾਸ ਨਾ ਹੋਣਾ-
ਕੌਣ ਥੰਮ੍ਹ ਸਕਿਆ ਹੈ
ਵਕਤ ਦੇ ਸਰਪਟ ਦੌੜਦੇ ਅੱਥਰੇ ਘੋੜੇ ਨੂੰ।
ਉਦਾਸ ਨਾ ਹੋਣਾ-
ਰੁਮਕਦੀ ਪੌਣ ਦਿੰਦੀ ਹੈ ਖ਼ੁਸ਼ਗਵਾਰ ਸੁਨੇਹੇ
ਖਿੜੇ ਫੁੱਲਾਂ ਦੀ ਮਹਿਕ ਦਾ ਸਰੂਰ ਬਖ਼ਸ਼ਦਾ ਹੈ
ਮਨਾਂ ਨੂੰ ਸਕੂਨ।
ਹਨੇਰਿਆਂ ਤੋਂ ਪਾਰ ਲੰਘਣ ਲਈ-
ਸੁਪਨਿਆਂ ਦੇ ਦੀਵੇ ਬਾਲਣੇ।
ਉਦਾਸ ਨਾ ਹੋਣਾ
ਜ਼ਿੰਦਗੀ ਦੁਸ਼ਵਾਰ ਹੈ ਜੇ ਬਹੁਤ-
ਕਿਸੇ ਉਦਾਸ ਬੱਚੇ ਦੀਆਂ ਅੱਖਾਂ 'ਚ
ਸੁੱਕ ਗਏ ਹੰਝੂਆਂ ਦੇ ਦਰਦ ਦੀ ਥਾਹ ਪਾਉਣਾ।
ਉਦਾਸ ਮੌਸਮਾਂ 'ਚ ਵੀ
ਮੰਜ਼ਿਲ 'ਤੇ ਪਹੁੰਚਣ ਦਾ ਸੁਪਨਾ ਸਿਰਜਣਾ।
ਉਦਾਸ ਨਾ ਹੋਣਾ
ਉਮਰਾਂ ਦੀ ਟਾਹਣ 'ਤੇ
ਉਮੀਦਾਂ ਦੇ ਫੁੱਲ ਖਿੜਾਉਣੇ।
ਉਦਾਸ ਨਾ ਹੋਣਾ
ਬੇਆਸ ਹੋਏ ਮਨਾਂ 'ਚ
ਆਸਾਂ ਦੇ ਦੀਪ ਜਗਾਉਣੇ।

**-ਗੁਰਬਿੰਦਰ ਸਿੰਘ ਮਾਣਕ**

# ਅੱਖਾਂ ਵਿੱਚ ਮਰ ਰਹੀਆਂ ਉਮੀਦਾਂ



ਫੱਗਣ ਮਹੀਨੇ ਦੀ ਨਿੱਘੀ ਨਿੱਘੀ ਧੁੱਪ। ਪਿਛਲੀ ਰਾਤ ਭਾਵੇਂ ਸਹਿੰਦਾ-ਸਹਿੰਦਾ ਮੀਂਹ ਪਿਆ ਸੀ, ਪਰ ਹੁਣ ਮੌਸਮ ਸਾਫ਼ ਤੇ ਸੁਹਾਵਣਾ ਸੀ। ਇੱਕ ਕਸਬਾ- ਜਿੱਥੋਂ ਦੇ ਲੋਕਾਂ ਨੂੰ ਸ਼ਹਿਰਾਂ ਵਾਲੀਆਂ ਸਹੂਲਤਾਂ ਵੀ ਮਿਲਦੀਆਂ ਹਨ ਤੇ ਪੇਂਡੂ ਖੁਸ਼ਬੋ ਵੀ। ਇਸ ਕਸਬੇ ਦਾ ਸਰਕਾਰੀ ਹਸਪਤਾਲ ਆਲੇ-ਦੁਆਲੇ ਦੀ ਪੇਂਡੂ ਆਬਾਦੀ ਵਾਲੇ ਇਲਾਕੇ ਲਈ ਕਾਫ਼ੀ ਫਾਇਦੇਮੰਦ ਹੈ। ਹੋਰ ਸਹੂਲਤਾਂ ਦੇ ਨਾਲ-ਨਾਲ ਇਸ ਹਸਪਤਾਲ ਵਿੱਚ ਇੱਕ 'ਓਟ' ਕੇਂਦਰ ਵੀ ਹੈ ਜਿੱਥੇ ਨਸ਼ਾ ਛੁਡਾਉਣ ਦੀ ਦਵਾਈ ਦਿੱਤੀ ਜਾਂਦੀ ਹੈ। ਓਟ ਕੇਂਦਰ 'ਚ ਨਸ਼ਾ ਛੁਡਾਉਣ ਦੀਆਂ ਦਵਾਈਆਂ ਲੈਣ ਲਈ ਭਾਵੇਂ ਹਰ ਉਮਰ ਵਰਗ ਦੇ ਵਿਅਕਤੀ ਆਉਂਦੇ, ਪਰ ਨੌਜਵਾਨ ਮੁੰਡਿਆਂ ਦੀ ਗਿਣਤੀ ਕਿਤੇ ਜ਼ਿਆਦਾ ਹੁੰਦੇ। ਓਟ ਕੇਂਦਰ ਵਿੱਚ ਗੋਲੀਆਂ ਲੈਣ ਵਾਲਿਆਂ ਦੀ ਸਵੇਰੇ ਹੀ ਭੀੜ ਲੱਗ ਜਾਂਦੀ। ਜੁੜੀ ਭੀੜ ਵੇਖ ਕੇ ਲੱਗਦਾ ਜਿਵੇਂ ਕੋਈ ਕਾਨਫਰੰਸ ਹੋ ਰਹੀ ਹੋਵੇ।

ਪਲਸ ਪੋਲੀਓ ਮੁਹਿੰਮ ਦੌਰਾਨ ਵਾਲੰਟੀਅਰ ਦੇ ਤੌਰ 'ਤੇ ਡਿਊਟੀ ਕਰਨ ਲਈ ਨੇੜੇ ਦੇ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਅਕਸਰ ਇੱਥੇ ਆਉਂਦੀਆਂ। ਚਿੜੀਆਂ ਵਾਂਗ ਚਹਿਕਦੀਆਂ। ਕੰਮ ਲਈ ਏਧਰ ਓਧਰ ਭੱਜੀਆਂ ਫਿਰਦੀਆਂ। ਲਗਰਾਂ ਵਰਗੀਆਂ ਕੁੜੀਆਂ ਦੀ ਚੁਸਤੀ-ਫੁਰਤੀ ਦੇਖਦਿਆਂ ਹੀ ਬਣਦੀ। ਜਦੋਂ ਪਹਿਲੇ ਦਿਨ 'ਓਟ' ਕੇਂਦਰ ਸ਼ੁਰੂ ਹੋਇਆ, ਸਬੱਬੀਂ ਨਰਸਿੰਗ ਦੀਆਂ ਇਹ ਸਿਖਿਆਰਥਣਾਂ ਵੀ ਆਈਆਂ ਹੋਈਆਂ ਸਨ। ਇਨ੍ਹਾਂ ਵਿਦਿਆਰਥਣਾਂ ਨੇ 'ਓਟ' ਕੇਂਦਰ ਦੁਆਲੇ ਨਸ਼ੱਈਆਂ ਦਾ ਭਾਰੀ ਇਕੱਠ ਵੇਖਿਆ ਤਾਂ ਭੈਅਭੀਤ ਹੋ ਗਈਆਂ। ਨਸ਼ਾ ਕਰਨ ਵਾਲਿਆਂ ਬਾਰੇ ਉਨ੍ਹਾਂ ਸੁਣਿਆ ਤਾਂ ਪਹਿਲਾਂ ਵੀ ਹੋਵੇਗਾ, ਪਰ ਅੱਜ ਅੱਖੀਂ ਵੇਖ ਲਿਆ ਸੀ। ਕੰਨੀ ਸੁਣਨ ਤੇ ਅੱਖੀਂ ਵੇਖਣ ਵਿਚਲਾ ਵੱਡਾ ਫ਼ਰਕ ਉਨ੍ਹਾਂ ਮਹਿਸੂਸ ਕਰ ਲਿਆ ਸੀ। ਉਨ੍ਹਾਂ ਨੂੰ ਨਿੱਘੀ ਨਿੱਘੀ ਧੁੱਪ ਤੇ ਸੁਹਾਵਣੇ ਮੌਸਮ ਵਿੱਚ ਜੀਅ ਪਰਚਾਉਣਾ ਵੀ ਭੁੱਲ ਗਿਆ। ਉਹ ਤਾਂ ਜਿਵੇਂ ਆਪਣੀਆਂ ਅਗਲੀਆਂ ਰੁੱਤਾਂ ਲਈ ਫ਼ਿਕਰਮੰਦ ਹੋ ਗਈਆਂ ਸਨ।

ਫ਼ਿਕਰਮੰਦ ਹੋਣ ਵੀ ਕਿਉਂ ਨਾ, ਚਾਵਾਂ ਵਾਲੀ ਰੁੱਤ ਦਾ ਭਲਾ ਕੀਹਨੂੰ ਚਾਅ ਨਹੀਂ ਹੁੰਦਾ? ਸਰਘੀ ਵੇਲੇ ਦੇ ਰੰਗਲੇ ਸੁਪਨੇ ਕੌਣ ਨਹੀਂ ਚਾਹੁੰਦਾ? ਸਤਰੰਗੀ ਪੀਂਘ 'ਚੋਂ ਹਰ ਕੋਈ ਆਪਣੇ ਹਾਣ ਦਾ ਰੰਗ ਭਾਲਦਾ ਹੈ। ਧੂੰਏਂ ਦੀ ਗਰਦ-ਗੁਬਾਰ ਵਿੱਚ ਆਪਣੀ ਜ਼ਿੰਦਗੀ ਕਿਸੇ ਨੂੰ ਵੀ ਧੁਆਂਖਣੀ ਚੰਗੀ ਨਹੀਂ ਲੱਗਦੀ। ਪੀਂਘ ਦੇ ਹੁਲਾਰੇ ਵਾਲੀ ਰੁੱਤ ਜੇਕਰ ਪਹਿਲੇ ਝੂਟੇ ਨਾਲ ਹੀ ਰੁੱਸ ਜਾਵੇ ਤਾਂ ਬਾਕੀ ਸਾਰੀ ਉਮਰ ਫਿਰ ਉਸ ਨੂੰ ਮਨਾਉਂਦਿਆਂ ਤੇ ਝੁਰਦਿਆਂ ਹੀ ਲੰਘਦੀ ਹੈ। ਜ਼ਿੰਦਗੀ ਦੀ ਦੁਪਹਿਰ ਦਾ ਵੀ ਆਪਣਾ ਹੀ ਮਹੱਤਵ ਹੁੰਦਾ ਹੈ। ਛਾਹ ਵੇਲੇ ਤੋਂ ਬਾਅਦ ਸਿੱਧੀ ਰਾਤ ਆਵੇ ਤਾਂ ਕਿਸੇ ਨੂੰ ਵੀ ਚੰਗੀ ਨਹੀਂ ਲੱਗਦੀ।

ਨਰਸਿੰਗ ਵਿਦਿਆਰਥਣਾਂ ਓਟ ਕੇਂਦਰ ਵਿੱਚ ਲੱਗੀ ਮੁੰਡਿਆਂ ਦੀ ਭੀੜ ਨੂੰ ਦੇਖ ਕੇ ਆਪਸ ਵਿੱਚ ਗੱਲਾਂ ਕਰਨ ਲੱਗੀਆਂ, "ਪੰਜਾਬ ਦੇ ਮੁੰਡੇ ਤਾਂ ਨਸ਼ਾ ਕਰੀ ਜਾਂਦੇ ਐ, ਆਪਾਂ ਵਿਆਹ ਕੀਹਦੇ ਨਾਲ ਕਰਾਵਾਂਗੀਆਂ?"

ਸਿਮਰਜੀਤ ਕੌਰ ਸਿੰਮੀ

ਸਿਮਰਜੀਤ ਕੌਰ ਸਿੰਮੀ

ਇਹ ਗੱਲ ਉੱਥੇ ਡਿਊਟੀ ਕਰ ਰਹੀ ਮੈਡਮ ਦੇ ਕੰਨੀਂ ਪੈ ਗਈ। ਉਹ ਵਿਦਿਆਰਥਣਾਂ ਦੀ ਚਿੰਤਾ ਨੂੰ ਭਾਂਪਦਿਆਂ ਝੂਠੀ ਜਿਹੀ ਤਸੱਲੀ ਦੇਣ ਲੱਗੀ, "ਕੋਈ ਗੱਲ ਨ੍ਹੀਂ ਤੁਸੀਂ ਘਬਰਾਓ ਨਾ। ਮੰਨ ਲਓ ਵੀਹ ਪ੍ਰਤੀਸ਼ਤ ਮੁੰਡੇ ਨਸ਼ਾ ਕਰਦੇ ਹੋਣਗੇ, ਪਰ ਅੱਸੀ ਪ੍ਰਤੀਸ਼ਤ ਤਾਂ ਨਸ਼ੇ ਤੋਂ ਬਿਨਾਂ ਹੋਣਗੇ ਹੀ।"

ਓਟ ਕੇਂਦਰ ਤੋਂ ਨਸ਼ਾ ਛੁਡਾਉਣ ਦੀ ਦਵਾਈ ਲੈ ਰਿਹਾ ਇੱਕ ਨੌਜਵਾਨ, ਮੈਡਮ ਦੀ ਗੱਲ ਸੁਣਦਿਆਂ ਹੀ ਕਹਿਣ ਲੱਗਿਆ, "ਨਾ ਮੈਡਮ ਨਾ। ਏਦੂੰ ਉਲਟ ਸਮਝ ਲਓ। ਅੱਸੀ ਪ੍ਰਤੀਸ਼ਤ ਨਸ਼ਾ ਕਰਦੇ ਐ ਤੇ ਮਸਾਂ ਵੀਹ ਕੁ ਪ੍ਰਤੀਸ਼ਤ ਬਚੇ ਹੋਣਗੇ।" ਇਸ ਮੁੰਡੇ ਨੇ ਹਾਲੇ ਗੱਲ ਮੁਕਾਈ ਹੀ ਸੀ ਕਿ ਨਾਲ ਦੀ ਨਾਲ ਹੀ ਉਹਦਾ ਹੋਰ ਸਾਥੀ ਬੋਲਿਆ, "ਮੈਡਮ ਨੱਬੇ ਪ੍ਰਤੀਸ਼ਤ ਨੌਜਵਾਨ ਨਸ਼ਾ ਕਰਦੇ ਆ।"

ਮੈਡਮ ਵੀ ਚੁੱਪ। ਵਿਦਿਆਰਥਣਾਂ ਵੀ ਚੁੱਪ। ਉਨ੍ਹਾਂ ਦੇ ਚਿਹਰੇ 'ਤੇ ਇੱਕ ਰੰਗ ਆਵੇ, ਇੱਕ ਰੰਗ ਜਾਵੇ। ਅੱਗੇ ਕਹਿਣ ਲਈ ਬਚਿਆ ਹੀ ਕੀ ਸੀ? ਜਿਵੇਂ ਜ਼ਿੰਦਗੀ ਦੇ ਅਗਲੇ ਸਾਰੇ ਰਾਹਾਂ 'ਚ ਕੰਡੇ ਹੀ ਕੰਡੇ ਹੋਣ। ਬੇਉਮੀਦੀ ਦੀ ਕਾਲੀ ਬੋਲੀ ਰਾਤ।

ਉਸ ਦਿਨ ਸ਼ਾਇਦ ਉਨ੍ਹਾਂ ਵਿਦਿਆਰਥਣਾਂ ਦੀ ਭੁੱਖ ਤੇਹ ਵੀ ਮਰ ਗਈ ਸੀ। ਉਹ ਤਾਂ ਅਜੇ ਭਵਿੱਖ ਦੀ ਚਾਨਣੀ ਤਲਾਸ਼ਣ ਦੀਆਂ ਸਕੀਮਾਂ ਬਣਾਉਣ ਹੀ ਲੱਗੀਆਂ ਸਨ ਕਿ ਤਾੜੀ ਮਾਰ ਤੋਤੇ ਉਡਾਉਣ ਦੀ ਉਮਰ ਦੇ ਆਪਣੇ ਹੀ ਤੋਤੇ ਉੱਡ ਗਏ ਸਨ। ਇੱਕ ਵਿਦਿਆਰਥਣ ਕਹਿਣ ਲੱਗੀ, "ਮੈਂ ਤਾਂ ਘਰਦਿਆਂ ਨੂੰ ਸਾਫ਼ ਹੀ ਕਹਿ ਦੇਣਾ ਕਿ ਮੈਂ ਨ੍ਹੀਂ ਵਿਆਹ ਕਰਾਉਣਾ। ਮੁੰਡੇ ਤਾਂ ਸਾਰੇ ਨਸ਼ਾ ਕਰਦੇ ਐ। ਜਿਹੜਾ ਅੱਜ ਆਪਾਂ ਏਥੇ ਹਾਲ ਵੇਖਿਆ, ਘਰਦਿਆਂ ਨੂੰ ਸਾਰਾ ਈ ਸੁਣਾ ਦੇਣਾ ਘਰੇ ਜਾਕੇ।"

"ਸਹੀ ਗੱਲ ਐ। ਏਹੋ ਜਿਹੇ ਨਸ਼ੇੜੀਆਂ ਨਾਲ ਵਿਆਹ ਕਰਵਾ ਕੇ ਜ਼ਿੰਦਗੀ ਥੋੜ੍ਹਾ ਬਰਬਾਦ ਕਰਨੀ ਐ।" ਕੋਈ ਹੋਰ ਬੋਲੀ ਸੀ।

ਤੀਜੀ ਕਹਿਣ ਲੱਗੀ, "ਜਾਂ ਫਿਰ ਇਉਂ ਕਰੀਏ, ਆਇਲੈਟਸ ਕਰਕੇ ਕਿਸੇ ਬਾਹਰਲੇ ਦੇਸ਼ ਚਲੇ ਜਾਈਏ। ਕੈਨੇਡਾ, ਆਸਟਰੇਲੀਆ ਜਾਂ ਨਿਊਜ਼ੀਲੈਂਡ। ਬਾਹਰਲੇ ਦੇਸ਼ਾਂ ਦੇ ਮੁੰਡੇ ਨ੍ਹੀਂ ਐਨੇ ਨਸ਼ੇੜੀ ਹੋਣੇ ਜਿੰਨੇ ਪੰਜਾਬ ਦੇ ਹੋਏ ਪਏ ਐ।"

ਚੌਥੀ ਦੇ ਅੰਦਰੋਂ ਤਾਂ ਜਿਵੇਂ ਪੰਜਾਬ ਦੀਆਂ ਸਾਰੀਆਂ ਭੈਣਾਂ ਦਾ ਦਰਦ ਬੋਲਿਆ ਸੀ, "ਤੁਹਾਨੂੰ ਆਪਣੇ ਵਿਆਹਾਂ ਦਾ ਫ਼ਿਕਰ ਪਿਐ। ਮੈਨੂੰ ਤਾਂ ਇਹ ਚਿੰਤਾ ਹੋ ਗਈ ਕਿ ਆਪਣੇ ਭਰਾ ਖਬਰੇ ਬਾਹਰ ਕੀ ਕਰਦੇ ਫਿਰਦੇ ਹੋਣਗੇ। ਕਹਿਣ ਨੂੰ ਸਕੂਲ ਕਾਲਜ ਜਾਂਦੇ ਐ। ਆਪਾਂ ਨੂੰ ਘਰ ਬੈਠਿਆਂ ਨੂੰ ਕੀ ਪਤੈ ਕਿੱਥੇ ਤੁਰੇ ਫਿਰਦੇ ਨੇ?"

"ਮੁੰਡੇ ਤਾਂ ਜਦੋਂ ਘਰਦਿਆਂ ਤੋਂ ਪੈਸੇ ਮੰਗਦੇ ਨੇ, ਘਰਦਿਆਂ ਦੀ ਹਿੰਮਤ ਨਹੀਂ ਪੈਂਦੀ ਉਨ੍ਹਾਂ ਨੂੰ ਪੁੱਛਣ ਦੀ ਬਈ ਪੈਸੇ ਮੰਗ ਕਾਹਦੇ ਲਈ ਰਹੇ ਹੋ।" ਇਹ ਕਿਸੇ ਹੋਰ ਵਿਦਿਆਰਥਣ ਦੇ ਬੋਲਾਂ ਦੀ ਸੱਚਾਈ ਸੀ।

ਇੱਕ ਹੋਰ ਵਿਦਿਆਰਥਣ ਪੰਜਾਬ ਦੀਆਂ ਸਾਰੀਆਂ ਧੀਆਂ ਲਈ ਗੰਭੀਰ ਹੋਈ, "ਆਪਾਂ ਨੂੰ ਤਾਂ ਚਲੋ ਹਸਪਤਾਲ 'ਚ ਆਉਣ ਦਾ ਮੌਕਾ ਮਿਲਦੈ, ਇਸ ਲਈ ਸਾਰਾ ਕੁਝ ਅੱਖੀਂ ਦੇਖ ਲਿਆ, ਪਰ ਜਿਹੜੀਆਂ ਕੁੜੀਆਂ ਸਿਰਫ਼ ਕੁੜੀਆਂ ਵਾਲੇ ਸਕੂਲਾਂ ਕਾਲਜਾਂ ਵਿੱਚ ਹੀ ਪੜ੍ਹਦੀਆਂ ਨੇ ਉਨ੍ਹਾਂ ਵਿਚਾਰੀਆਂ ਨੂੰ ਤਾਂ ਕੁਝ ਪਤਾ ਵੀ ਨਹੀਂ ਲੱਗਣਾ।"

ਵਿਦਿਆਰਥਣਾਂ ਹਾਲੇ ਵਕਤ ਦੇ ਚਰਖੇ 'ਤੇ ਫ਼ਿਕਰਾਂ ਦੇ ਤੰਦ ਪਾ ਹੀ ਰਹੀਆਂ ਸਨ ਕਿ ਇੱਕ ਗੱਡੀ ਤੇਜ਼ੀ ਨਾਲ ਐਮਰਜੈਂਸੀ ਵਿਭਾਗ ਅੱਗੇ ਆ ਕੇ ਰੁਕੀ। ਗੱਡੀ ਵਿਚਲੇ ਆਦਮੀਆਂ ਨੇ ਇੱਕ ਵਿਅਕਤੀ ਨੂੰ ਛੇਤੀ ਛੇਤੀ ਐਮਰਜੈਂਸੀ ਵਿੱਚ ਪਾਇਆ ਤੇ ਡਾਕਟਰ ਨੂੰ ਕਹਿਣ ਲੱਗੇ, "ਡਾਕਟਰ ਸਾਹਿਬ, ਛੇਤੀ ਛੇਤੀ ਸਾਡੇ ਮਰੀਜ਼ ਨੂੰ ਦੇਖੋ। ਉਹ ਬਹੁਤੀ ਕੁੱਟ ਮਾਰ ਕਰਗੇ।"

ਇੰਨੇ ਨੂੰ ਮਰੀਜ਼ ਵੀ ਬੋਲਣ ਲੱਗ ਪਿਆ ਸੀ, "ਡਾਕਟਰ ਸਾਹਿਬ, ਪਰਚਾ ਪੂਰਾ ਕਰੜਾ ਕਰਕੇ ਬਣਾ ਦਿਓ। ਸਾਰਿਆਂ ਦਾ ਨਾਂ ਲਿਖਣਾ। ਵਿੱਚੇ ਮੇਰੀ ਘਰਵਾਲੀ ਦਾ ਵੀ।" ਡਾਕਟਰ ਦਾ ਇਸ ਗੱਲ ਨਾਲ ਮਤਲਬ ਤਾਂ ਨਹੀਂ ਸੀ, ਪਰ ਉਹ ਮੁਸਕਰਾਉਂਦਿਆਂ ਪੁੱਛਣ ਲੱਗਿਆ, "ਤੇਰੀ ਲੜਾਈ ਹੋਈ ਕੀਹਦੇ ਨਾਲ ਐ?" "ਮੇਰੇ ਸਹੁਰਿਆਂ ਦੇ ਰਿਸ਼ਤੇਦਾਰ ਆ ਕੇ ਕੁੱਟਗੇ। ਘਰਵਾਲੀ ਨੇ ਕੁਟਵਾਇਆ ਕੋਲ ਖੜ੍ਹ ਕੇ। ਡਾਕਟਰ ਸਾਬ੍ਹ 'ਕੇਰਾਂ ਠੀਕ ਹੋ ਲੈਣ ਦਿਓ, ਕੋਈ ਨਾ ਘਰੇ ਜਾ ਕੇ ਕਰਦਾਂ ਉਹਨੂੰ ਸਿੱਧੀ।" ਮਰੀਜ ਨੇ ਨਸ਼ਾ ਕੀਤਾ ਹੋਇਆ ਸੀ ਤੇ ਉਹ ਨਸ਼ੇ ਦੀ ਲੋਰ ਵਿੱਚ ਹੀ ਊਲ-ਜਲੂਲ ਬੋਲੀ ਜਾਂਦਾ ਸੀ। ਇਸੇ ਵੇਲੇ ਦੋ ਪੁਲੀਸ ਮੁਲਾਜ਼ਮ ਐਮਰਜੈਂਸੀ ਵਿੱਚ ਦਾਖਲ ਹੋਏ। ਉਨ੍ਹਾਂ ਨੇ ਸਾਰਾ ਕੁਝ ਸੁਣ ਲਿਆ ਸੀ। ਆਪਣੇ ਪੁਲਸੀਆ ਲਹਿਜੇ ਵਿੱਚ ਕਹਿਣ ਲੱਗੇ, "ਸਿੱਧਾ ਤਾਂ ਹੁਣ ਉਹ ਕਰੂਗੀ ਤੈਨੂੰ। ਕਿੰਨੇ ਵਾਰੀ ਸਮਝਾਇਆ ਸੀ ਤੈਨੂੰ ਬਈ ਬੰਦਾ ਬਣ ਜਾ, ਪਰ ਤੂੰ ਬਣਿਆ ਨ੍ਹੀਂ ਬੰਦਾ। ਨਾਲੇ ਉਹਦਾ ਕਸੂਰ ਦੱਸਦੇ ਕੀ ਐ?" ਡਾਕਟਰ ਅਤੇ ਹੋਰ ਸਟਾਫ ਮੈਂਬਰ ਵੀ ਅਚੰਭੇ ਨਾਲ ਦੇਖਣ ਲੱਗੇ ਸਨ। ਇੰਨੇ ਨੂੰ ਪੁਲੀਸ ਮੁਲਾਜ਼ਮ ਡਾਕਟਰ ਨੂੰ ਦੱਸਣ ਲੱਗੇ, "ਨਸ਼ਾ ਕਰਕੇ ਘਰਵਾਲੀ ਨੂੰ ਤੰਗ ਕਰਦੈ, ਗਾਲ੍ਹਾਂ-ਦੁੱਪੜਾਂ, ਮਾਰ ਕੁਟਾਈ। ਜਦੋਂ ਜੀਅ ਕਰਦਾ ਧੈਂ-ਧੈਂ ਕਰਕੇ ਕੁੱਟਣ ਲੱਗ ਜਾਂਦੈ। ਜਦੋਂ ਦਾਅ ਲੱਗਦੈ ਘਰ ਦੀ ਕੋਈ ਨਾ ਕੋਈ ਚੀਜ਼ ਵੇਚ ਦਿੰਦੈ। ਗਹਿਣੇ-ਗੱਟੇ ਤਾਂ ਛੱਡੋ, ਇਹਨੇ ਤਾਂ ਘਰ ਦੇ ਭਾਂਡੇ ਤਕ ਨ੍ਹੀਂ ਛੱਡੇ। ਉਹ ਕਿੱਥੋਂ ਆਪ ਖਾਵੇ ਤੇ ਕਿੱਥੋਂ ਜੁਆਕਾਂ ਨੂੰ ਖੁਆਵੇ? ਇਹਦੇ ਮਾਂ ਪਿਓ ਤੇ ਭੈਣ ਭਰਾ ਵੀ ਉਹਦਾ ਦੁੱਖ ਨ੍ਹੀਂ ਵੰਡਾਉਂਦੇ।"

ਇਹ ਰੌਲਾ ਹਾਲੇ ਚੱਲ ਹੀ ਰਿਹਾ ਸੀ ਕਿ ਇੱਕ ਹੋਰ ਚਮਤਕਾਰ ਵਾਪਰ ਗਿਆ। ਦਵਾਈ ਲੈਣ ਆਈ ਇੱਕ ਔਰਤ ਆਪਣੇ ਨਾਲ ਦੀ ਔਰਤ ਨੂੰ ਆਖੀ ਜਾ ਰਹੀ ਸੀ, "ਲੈ ਨੀ ਇਹ ਤਾਂ ਖੂਹੀ ਆਲਿਆਂ ਦਾ ਭੀਰਾ ਖੜ੍ਹਾ ਲਾਈਨ 'ਚ। ਮੈਂ ਤਾਂ ਇਹਨੂੰ ਰਿਸ਼ਤਾ ਕਰਵਾਉਣ ਨੂੰ ਫਿਰਦੀ ਸੀ। ਬਚਾਲੇ ਭਾਈ ਮਹਾਰਾਜ ਨੇ। ਐਵੇਂ ਕਿਸੇ ਦੀ ਧੀ ਡੋਬ ਦੇਣੀ ਸੀ। ਕਿਸੇ ਦੀ ਕੀ ਆਵਦੀ ਸਕੀ ਭਤੀਜੀ ਹੀ ਡੋਬ ਦੇਣੀ ਸੀ। ਮੈਂ ਤਾਂ ਇਹਨੂੰ ਚੰਗਾ ਹੀ ਬੜਾ ਸਮਝਦੀ ਸੀ। ਵੇਖ ਲੈ ਭੈਣੇ ਏਹਦੇ ਘਰਦਿਆਂ ਨੇ ਵੀ ਓਹਲਾ ਰੱਖਿਆ। ਬਚਗੇ ਭਾਈ ਅਸੀਂ ਤਾਂ। ਹੁਣ ਨ੍ਹੀਂ ਮੈਂ ਅੱਗੇ ਗੱਲ ਚਲਾਉਂਦੀ। ਸ਼ੁਕਰ ਐ ਪਤਾ ਲੱਗ ਗਿਆ ਟੈਮ ਸਿਰ। ਅੱਜ ਦਵਾਈ ਲੈਣ ਆਈਆਂ ਇੱਕ ਹੋਰ ਵੀ ਕੰਮ ਕਰ ਚੱਲੀਆਂ। ਐਵੇਂ ਕੁੜੀ ਦਾ ਸਰਾਪ ਲੈ ਲੈਣਾ ਸੀ।" ਉਸ ਔਰਤ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਵਿਦਿਆਰਥਣਾਂ ਨੂੰ ਇੱਕ ਹੋਰ ਝੋਰਾ ਖਾਣ ਲੱਗਿਆ: ਵਿਚੋਲਿਆਂ ਨੂੰ ਤਾਂ ਆਪ ਸਾਰੀ ਅਸਲੀਅਤ ਦਾ ਪਤਾ ਨਹੀਂ ਹੁੰਦਾ। ਕੁਝ ਜਾਣਬੁੱਝ ਕੇ ਵੀ ਲੁਕਾਉਂਦੇ ਹੋਣਗੇ। ਬੇਗਾਨੀਆਂ ਧੀਆਂ ਦਾ ਕਿਸੇ ਨੂੰ ਕੀ ਦਰਦ? ਨਾਲੇ ਬਾਅਦ ਵਿੱਚ ਕੋਈ ਵਿਚੋਲਿਆਂ ਦਾ ਵਿਗਾੜ ਵੀ ਕੀ ਲਵੇਗਾ? ਮੇਰਾ ਧਿਆਨ ਲਗਾਤਾਰ ਉਨ੍ਹਾਂ ਵਿਦਿਆਰਥਣਾਂ ਵੱਲ ਸੀ ਜਿਨ੍ਹਾਂ ਨੇ ਅੱਜ ਜੋ ਵੀ ਰੰਗ ਦੇਖੇ, ਸਭ ਬਦਰੰਗ ਹੋ ਗਏ ਸਨ। ਵਿਦਿਆਰਥਣਾਂ ਦੀ ਕਾਲਜ ਵੈਨ ਆ ਗਈ। ਉਹ ਮਲੂਕ ਜਿੰਦਾਂ ਚਿੰਤਾ ਦੀਆਂ ਪੰਡਾਂ ਲੈ ਕੇ ਚਲੀਆਂ ਗਈਆਂ ਸਨ। ਮੈਂ ਓਟ ਕੇਂਦਰ ਅੱਗੇ ਨਸ਼ਾ ਛੁਡਾਊ ਦਵਾਈ ਲੈਣ ਲਈ ਲੰਬੀ ਲਾਈਨ ਲਾਈ ਖੜ੍ਹੇ ਨੌਜਵਾਨਾਂ ਵੱਲ ਦੇਖਣ ਲੱਗੀ ਸਾਂ। ਉਨ੍ਹਾਂ ਦੇ ਚਿਹਰਿਆਂ 'ਤੇ ਅਸੁਰੱਖਿਅਤ ਭਵਿੱਖ ਦੀ ਚਿੰਤਾ ਉੱਕਰੀ ਪਈ ਸੀ।

"ਅਸੀਂ ਤਾਂ ਸੋਚਦੇ ਸਾਂ ਅਸੀਂ ਨਸ਼ਾ ਖਾਂਦੇ ਹਾਂ, ਪਰ ਨਸ਼ਾ ਤਾਂ ਸਾਨੂੰ ਹੀ ਖਾ ਗਿਆ। ਬਾਪੂ ਦਾ ਬੁਢਾਪਾ ਤੇ ਮਾਂ ਦੀਆਂ ਅੱਖਾਂ ਦੀ ਜੋਤ ਖਾ ਗਿਆ।" ਗੋਲੀਆਂ ਦਾ ਫੱਕਾ ਮਾਰਦਿਆਂ ਇੱਕ ਅਸਲੋਂ ਅਲੂੰਈਂ ਜਿਹੀ ਉਮਰ ਦਾ ਮੁੰਡਾ ਆਖ ਰਿਹਾ ਸੀ। ਮੈਂ ਗਹੁ ਨਾਲ ਉਸਦੇ ਵੱਲ ਦੇਖਿਆ, ਉਸ ਦੀਆਂ ਅੱਖਾਂ 'ਚ ਮਾਰੂਥਲ ਵਰਗੀ ਵੀਰਾਨੀ ਛਾਈ ਹੋਈ ਸੀ। ਅੱਖਾਂ ਦੇ ਘੇਰਿਆਂ ਦੁਆਲੇ ਪੰਜਾਬ ਦੇ ਪਾਣੀਆਂ ਵਰਗੀ ਕਾਲੋਂ ਪਸਰੀ ਪਈ ਸੀ। ਉਸ ਦੇ ਬੋਲਾਂ ਵਿਚਲੀ ਉਦਾਸੀ ਵਿਚਲਿਤ ਕਰਨ ਵਾਲੀ ਸੀ। ਉਸਦੇ ਚਿਹਰੇ 'ਤੇ ਪਸਰੀ ਹੋਈ ਬੇਉਮੀਦੀ ਅਜੋਕੇ ਪੰਜਾਬ ਦੇ ਸਮਾਜ, ਖੇਤਾਂ ਤੇ ਖੇਡ ਮੈਦਾਨਾਂ ਦੀ ਹਾਲਤ ਬਿਆਨ ਕਰਦੀ ਸੀ।



# ਨੇਕ ਕਮਾਈ

ਜਸਪ੍ਰੀਤ ਤੇ ਉਸ ਦੀ ਪਤਨੀ ਦੋਵੇਂ ਅਧਿਆਪਕ ਸਨ। ਉਨ੍ਹਾਂ ਦੀ ਇੱਕ ਧੀ ਜਸ਼ਨ ਤੀਜੀ ਜਮਾਤ ਵਿੱਚ ਪੜ੍ਹਦੀ ਸੀ। ਪਿਛਲੇ ਦਿਨੀਂ ਦੋਵਾਂ ਨੇ ਆਪਣੀ ਤਨਖਾਹ 'ਚੋਂ ਬੱਚਤ ਕਰ ਕਰ, ਘਰ ਦੀ ਜ਼ਰੂਰਤ ਨੂੰ ਮੁੱਖ ਰੱਖਦਿਆਂ ਨਵੀਂ ਕਾਰ ਖਰੀਦੀ ਸੀ। ਮਹੀਨੇ ਦੇ ਦੂਜੇ ਸ਼ਨਿਚਰਵਾਰ ਉਨ੍ਹਾਂ ਨੇ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਕਾਰ 'ਤੇ ਗੁਰਦੁਆਰੇ ਜਾਣ ਦਾ ਫ਼ੈਸਲਾ ਕੀਤਾ। ਇਸੇ ਮਕਸਦ ਨਾਲ ਸਵੇਰੇ ਸਾਝਰੇ ਤਿਆਰ ਹੋ ਕੇ ਜਸ਼ਨ ਸਮੇਂ ਪਿੰਡੋਂ ਤਕਰੀਬਨ 60 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਸ਼ਹਿਰ ਦੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾ ਦਿੱਤੇ। ਸ਼ਹਿਰ ਵੜਦਿਆਂ ਹੀ ਪਹਿਲੇ ਚੌਂਕ 'ਚ ਖੜ੍ਹੇ ਟਰੈਫਿਕ ਪੁਲੀਸ ਵਾਲੇ ਨੇ ਇਸ਼ਾਰੇ ਨਾਲ ਕਾਰ ਇੱਕ ਪਾਸੇ ਰੋਕਣ ਲਈ ਕਿਹਾ। ਸਾਰੇ ਜ਼ਰੂਰੀ ਦਸਤਾਵੇਜ਼ ਪੂਰੇ ਹੋਣ ਕਾਰਨ ਜਸਪ੍ਰੀਤ ਨੇ ਬੜੇ ਹੀ ਆਤਮ-ਵਿਸ਼ਵਾਸ ਨਾਲ ਗੱਡੀ ਇੱਕ ਪਾਸੇ ਵੱਲ ਕਰ ਕੇ ਰੋਕੀ।

ਟਰੈਫਿਕ ਪੁਲੀਸ ਵਾਲੇ ਨੇ ਡਰਾਈਵਰ ਖਿੜਕੀ ਵੱਲ ਆਉਂਦਿਆਂ ਹੀ ਜਸਪ੍ਰੀਤ ਨੂੰ ਕਾਗ਼ਜ਼ ਵਿਖਾਉਣ ਲਈ ਆਖਿਆ। ਨਵੀਂ ਕਾਰ ਹੋਣ ਕਾਰਨ ਆਰ.ਸੀ. ਅਤੇ ਪ੍ਰਦੂਸ਼ਣ ਆਦਿ ਸਬੰਧੀ ਸਾਰੇ ਕਾਗ਼ਜਾਤ ਪੂਰੇ ਸਨ। ਕਾਗ਼ਜ਼ਾਂ ਦੀ ਚੰਗੀ ਤਰ੍ਹਾਂ ਤਸੱਲੀ ਕਰਨ ਉਪਰੰਤ ਪੁਲੀਸ ਵਾਲੇ ਨੇ ਡਰਾਈਵਿੰਗ ਲਾਇਸੈਂਸ ਵਿਖਾਉਣ ਲਈ ਕਿਹਾ। ਜਦੋਂ ਜਸਪ੍ਰੀਤ ਨੇ ਆਪਣਾ ਲਾਇਸੈਂਸ ਵੀ ਵਿਖਾ ਦਿੱਤਾ ਤਾਂ ਪੁਲੀਸ ਵਾਲੇ ਨੇ ਪੁੱਛਿਆ, "ਸਰਦਾਰ ਜੀ, ਕਿੱਧਰ ਚੱਲੇ ਹੋ?" ਜਸਪ੍ਰੀਤ ਨੇ ਕਿਹਾ, "ਜਨਾਬ, ਕਾਰ ਨਵੀਂ ਲਈ ਹੈ, ਗੁਰਦੁਆਰਾ ਸਾਹਿਬ ਮੱਥਾ ਟੇਕਣ ਚੱਲੇ ਹਾਂ।" ਟਰੈਫਿਕ ਪੁਲੀਸ ਵਾਲੇ ਨੇ ਆਪਣੇ ਚਿਹਰੇ 'ਤੇ ਖਚਰੀ ਜਿਹੀ ਮੁਸਕੁਰਾਹਟ ਲਿਆਉਂਦਿਆਂ ਕਿਹਾ, "ਕਾਰ ਤਾਂ ਨਵੀਂ ਲੈ ਲਈ, ਪਰ ਸਾਡੀ ਪਾਰਟੀੜ!" ਜਸਪ੍ਰੀਤ ਨੇ ਨਾ ਚਾਹੁੰਦਿਆਂ ਵੀ ਅਪਣੇ ਮੂੰਹ 'ਤੇ ਬਣਾਵਟੀ ਜਿਹੀ ਹਾਸੀ ਲਿਆਉਂਦਿਆਂ ਬਟੂਏ 'ਚੋਂ ਸੌ ਸੌ ਦੇ ਦੋ ਨੋਟ ਕੱਢ ਕੇ ਉਸ ਦੇ ਹੱਥ 'ਤੇ ਧਰਦਿਆਂ ਕਿਹਾ, "ਆਹ ਲਓ ਜਨਾਬ, ਤੁਹਾਡੀ ਪਾਰਟੀੜ!" ਟਰੈਫਿਕ ਪੁਲੀਸ ਵਾਲੇ ਨੇ ਏਧਰ ਓਧਰ ਵੇਖਦਿਆਂ ਉਨ੍ਹਾਂ ਨੋਟਾਂ ਨੂੰ ਆਪਣੀ ਪੈਂਟ ਦੀ ਖੱਬੀ ਜੇਬ੍ਹ 'ਚ ਪਾਉਂਦਿਆਂ ਅਤੇ ਦੂਜੇ ਹੱਥ ਨਾਲ ਸੱਜੇ ਪਾਸੇ ਵਾਲੀ ਜੇਬ੍ਹ 'ਚੋਂ ਵੀਹ ਦਾ ਨੋਟ ਕੱਢ ਕੇ ਜਸਪ੍ਰੀਤ ਦੇ ਹੱਥ 'ਤੇ ਧਰਦਿਆਂ ਕਿਹਾ, "ਸਰਦਾਰ ਜੀ, ਆਹ ਲਓ ਸਾਡੀ ਨੇਕ ਕਮਾਈ 'ਚੋਂ ਵੀ ਮੱਥਾ ਟੇਕ ਛੱਡਣਾੜ ਅਤੇ ਪਰਿਵਾਰ ਵਾਸਤੇ ਸੁਖ-ਸ਼ਾਂਤੀ ਦੀ ਅਰਦਾਸ ਕਰਨਾ।" ਇੰਨਾ ਕਹਿੰਦਿਆਂ ਟਰੈਫਿਕ ਪੁਲੀਸ ਵਾਲਾ ਸੜਕ ਦੇ ਦੂਜੇ ਪਾਸਿਉਂ ਆ ਰਹੇ ਇੱਕ ਟਰੱਕ ਵਾਲੇ ਨੂੰ ਰੁਕਣ ਦਾ ਇਸ਼ਾਰਾ ਕਰਨ ਲੱਗਾ।

ਕਾਰ ਸੜਕ 'ਤੇ ਪਾਉਂਦਿਆਂ ਜਸਪ੍ਰੀਤ ਨੂੰ ਨੰਨ੍ਹੀ ਜਸ਼ਨ ਨੇ ਪੁੱਛਿਆ, "ਪਾਪਾ, ਇਹ ਨੇਕ ਕਮਾਈ ਕੀ ਹੁੰਦੀ ਹੈ?" ਜਸਪ੍ਰੀਤ ਆਪਣੀ ਧੀ ਜਸ਼ਨ ਦੇ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕਿਆ, ਸ਼ਾਇਦ 'ਨੇਕ ਕਮਾਈ' ਸ਼ਬਦ ਹਾਲੇ ਤਕ ਉਸ ਦੇ ਦਿਮਾਗ਼ 'ਚ ਸੂਲ ਵਾਂਗ ਚੁਭ ਰਿਹਾ ਸੀੜ!

# ਸਿਹਤ ਲਈ ਚੰਗੈ ਥੋੜਾ ਤਣਾਅ



ਲੰਡਨ : ਅਕਸਰ ਕਿਹਾ ਜਾਂਦਾ ਹੈ ਕਿ ਤਣਾਅ ਲੈਣ ਨਾਲ ਸਿਹਤ ‘ਤੇ ਬੁਰਾ ਪ੍ਰਭਾਵ ਪੈਂਦਾ ਹੈ, ਪਰ ਅਧਿਐਨਕਰਤਾਵਾਂ ਨੇ ਦਾਅਵਾ ਕੀਤਾ ਹੈ ਕਿ ਥੋੜਾ ਤਣਾਅ ਲੈਣ ਨਾਲ ਇਨਫੈਕਸ਼ਨ ਤੋਂ ਉੱਭਰਨ ਅਤੇ ਜ਼ਖਮਾਂ ਨੂੰ ਭਰਨ ’ਚ ਮਦਦ ਮਿਲਦੀ ਹੈ।ਥੋੜੇ ਤਣਾਅ ਨਾਲ ਸਰਜਰੀ ਤੋਂ ਉੱਭਰਨ ’ਚ ਵੀ ਮਦਦ ਮਿਲਦੀ ਹੈ।ਸਟੈਨਫੋਰਡ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਨੇ ਕਿਹਾ ਕਿ ਸਰਜਰੀ ਕਰਵਾਉਣ ਜਾਂ ਕਿਸੇ ਹੋਰ ਟੀਕਾਕਰਨ ਲਈ ਜਾਣ ਵਾਲੇ ਵਿਅਕਤੀ ਨੂੰ ਤਣਾਅ ਪੈਦਾ ਕਰਨ ਵਾਲੇ ਹਾਰਮੋਨ ਦਾ ਇੰਜੈਕਸ਼ਨ ਦੇਣਾ ਫਾਇਦੇਮੰਦ ਹੋ ਸਕਦਾ ਹੈ। ਇਸ ਨਾਲ ਵਿਅਕਤੀ ਦੇ ਵਿਰੋਧੀ ਤੰਤਰ ਨੂੰ ਐਕਟਿਵ ਹੋਣ ’ਚ ਮਦਦ ਮਿਲਦੀ ਹੈ। ਡੇਲੀ ਮੇਲ ਖਬਰ ਮੁਤਾਬਕ ਖੋਜਕਰਤਾਵਾਂ ਨੇ ਇਹ ਅਧਿਐਨ ਚੂਹਿਆਂ ’ਤੇ ਕੀਤਾ।ਉਨ੍ਹਾਂ ਦੇਖਿਆ ਕਿ ਜਦੋਂ ਦਿਮਾਗ ਆਪਣੇ ਸਰੀਰ ਲਈ ਕਿਸੇ ਤਰ੍ਹਾਂ ਦਾ ਖਤਰਾ ਮਹਿਸੂਸ ਕਰਦਾ ਹੈ ਤਾਂ 3 ਵੱਖ-ਵੱਖ ਕਿਸਮਾਂ ਦੇ ਹਾਰਮੋਨਾਂ ਦਾ ਰਿਸਾਅ ਹੁੰਦਾ ਹੈ। ਚੂਹਿਆਂ ਨੂੰ ਇਸ ਖਤਰੇ ਦਾ ਪਤਾ ਲੱਗਦਿਆਂ ਹੀ ਉਨ੍ਹਾਂ ਦੇ ਦਿਮਾਗ ਨੇ ਫੌਰਨ ਇਨ੍ਹਾਂ ਹਾਰਮੋਨਾਂ ਦੇ ਇਕ ਨਿਸ਼ਚਿਤ ਕ੍ਰਮ ’ਚ ਰਿਸਾਅ ਨੂੰ ਨਿਰਦੇਸ਼ਿਤ ਕੀਤਾ। ਇਨ੍ਹਾਂ ‘ਚੋਂ ਹਰੇਕ ਹਾਰਮੋਨ ਦੀ ਬੀਮਾਰੀਆਂ ਨਾਲ ਲੜਨ ਵਾਲੇ ਵਿਰੋਧੀ ਤੰਤਰ ਨੂੰ ਐਕਟਿਵ ਕਰਨ ’ਚ ਇਕ ਮਹੱਤਵਪੂਰਨ ਭੂਮਿਕਾ ਹੈ।ਨੋਰੇਪਿਨੇਫਰਾਈਨ ਨਾਂ ਦੇ ਹਾਰਮੋਨ ਖੂਨ ‘ਚ ਕੋਸ਼ਿਕਾਵਾਂ ਨੂੰ ਗਤੀਮਾਨ ਬਣਾਉਂਦਾ ਹੈ ਅਤੇ ਏਪੀਨੇਫਰਾਈਨ ਇਨ੍ਹਾਂ ਨੂੰ ਚਮੜੀ ਵੱਲ ਭੇਜਦਾ ਹੈ ਤਾਂ ਕਿ ਉਹ ਸੱਟ ਦੀ ਸਥਿਤੀ ’ਚ ਸੁਰੱਖਿਆ ਕਰ ਸਕੇ। ਇਹ ਤਣਾਅ ਕੁਝ ਮਿੰਟਾਂ ਜਾਂ ਕੁਝ ਘੰਟਿਆਂ ਦਾ ਹੀ ਹੋਣਾ ਚਾਹੀਦਾ ਹੈ।

# ਆ ਗਈ ਜੋੜਾਂ ਦੇ ਦਰਦ ਦਾ ਖਾਤਮਾ ਕਰਨ ਵਾਲੀ ਗੋਲੀ



ਲੰਡਨ : ਵਿਗਿਆਨਿਕਾਂ ਨੇ ਦਾਅਵਾ ਕੀਤਾ ਹੈ ਕਿ ਜੋੜਾਂ ਦੇ ਦਰਦ ਤੋਂ ਪੀੜਤ ਲੋਕਾਂ ਲਈ ਛੇਤੀ ਅਜਿਹੀ ਦਰਦ ਰੋਕੂ ਗੋਲੀ ਆਉਣ ਵਾਲੀ ਹੈ ਜੋ ਇਸ ਰੋਗ ਦਾ ਖਾਤਮਾ ਕਰ ਦੇਵੇਗੀ।ਮੈਲਬੋਰਨ ਯੂਨੀਵਰਸਿਟੀ ’ਚ ਸੋਧਕਰਤਾਵਾਂ ਨੇ ਪਾਇਆ ਹੈ ਕਿ ਇਹ ਗੋਲੀ ਜੋੜਾਂ ਦੇ ਦਰਦ ਦੇ ਇਲਾਜ ’ਚ ਕ੍ਰਾਂਤੀਕਾਰੀ ਬਦਲਾਅ ਲਿਆ ਸਕਦੀ ਹੈ।ਸੋਧਕਰਤਾ ਹੁਣ ਇਸ ਨੂੰ ਤਿਆਰ ਕਰਨ ਦੇ ਕਾਫੀ ਨੇੜੇ ਪਹੁੰਚ ਗਏ ਹਨ।ਡੇਲੀ ਐਕਸਪ੍ਰੈੱਸ ਅਨੁਸਾਰ ਵਿਗਿਆਨਿਕਾਂ ਨੂੰ ਇਕ ਅਜਿਹਾ ‘ਮਾਸਟਰ ਮਾਲੇਕਯੂਲ’ ਮਿਲਿਆ ਹੈ ਜੋ ਇਸ ਨਾਲ ਲੜਨ ’ਚ ਕੋਸ਼ੀਕਾਵਾਂ ਨੂੰ ਮਦਦ ਪਹੁੰਚਾਉਂਦਾ ਹੈ।ਅਸਲ ’ਚ ਜੀ. ਐਮ.-ਸੀ. ਐਸ. ਐਫ. ਨਾਮਕ ਪ੍ਰੋਟੀਨ ਦਰਦ ਨਾਲ ਲੜਨ ‘ਚ ਅਸਰ ਪਾਉਂਦਾ ਹੈ ਜਿਸ ਨਾਲ ਇਸ ਬੀਮਾਰੀ ਤੋਂ ਰਾਹਤ ਮਿਲਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਪ੍ਰੋਟੀਨ ਦੇ ਪ੍ਰਭਾਵ ਨੂੰ ਰੋਕ ਲਿਆ ਜਾਏ ਤਾਂ ਬੀਮਾਰੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਸੋਧ ਦੀ ਅਗਵਾਈ ਕਰਨ ਵਾਲੇ ਪ੍ਰੋ- ਜਾਨ ਹੈਮਿਲਟਨ ਨੇ ਕਿਹਾ ਕਿ ‘ਲਿਊਕਾਇਨ’ ਨਾਮਕ ਇਸ ਪ੍ਰੋਟੀਨ ’ਤੇ ਕਾਬੂ ਪਾਉਣ ਨਾਲ ਬੀਮਾਰੀ ਨੂੰ ਘੱਟ ਤਾਂ ਕੀਤਾ ਜਾ ਸਕਦਾ ਹੈ ਨਾਲ ਦੇ ਨਾਲ ਪੀੜਤਾਂ ’ਚ ਦਰਦ ਨੂੰ

# ਓਵਰਟਾਈਮ ਕਰਨ ਵਾਲਿਆਂ ਨੂੰ ਦਿਲ ਦੀ ਬਿਮਾਰੀ ਦਾ ਵੱਧ ਖਤਰਾ



ਲੰਡਨ : ਦਿਨ ਵਿੱਚ ਅੱਠ ਘੰਟੇ ਤੋਂ ਜ਼ਿਆਦਾ ਕੰਮ ਕਰਨ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ 80 ਫੀਸਦੀ ਵਧ ਜਾਂਦਾ ਹੈ। ਜੀ ਹਾਂ, ਯਾਨੀ ਦਿਲ ਦੀ ਬਿਮਾਰੀ ਤੋਂ ਬਚਣਾ ਹੈ ਤਾਂ ਨੋ ਓਵਰਟਾਈਮ।ਡੇਲੀ ਮੇਲ ਦੀ ਖਬਰ ਅਨੁਸਾਰ ਵਿਗਿਆਨਕਾਂ ਨੇ ਇੱਕ ਖੋਜ ਵਿੱਚ ਪਾਇਆ ਕਿ ਕੰਮ ਦੇ ਜ਼ਿਆਦਾ ਲੰਬੇ ਘੰਟੇ ਹਜ਼ਾਰਾਂ ਕਰਮਚਾਰੀਆਂ ਨੂੰ ਦਿਲ ਦੀ ਬਿਮਾਰੀ ਅਤੇ ਦਿਲ ਦੇ ਦੌਰੇ ਵੱਲ ਲਿਜਾ ਰਹੇ ਹਨ। ਫਿਨਿਸ਼ ਇੰਸਟੀਚਿਊਟ ਆਫ ਆਕਿਊਪੇਸ਼ਨਲ ਹੈਲਥ ਦੇ ਖੋਜਕਾਰੀਆਂ ਨੇ ਪਾਇਆ ਕਿ ਜੋ ਲੋਕ ਅੱਠ ਘੰਟੇ ਤੋਂ ਜ਼ਿਆਦਾ ਕੰਮ ਕਰਦੇ ਹਨ, ਉਨ੍ਹਾਂ ਨੂੰ ਦਿਲ ਦੇ ਰੋਗ ਹੋਣ ਦੀ ਸ਼ੰਕਾ 40 ਤੋਂ 80 ਪ੍ਰਤੀਸ਼ਤ ਜ਼ਿਆਦਾ ਹੁੰਦਾ ਹੈ।ਮੁੱਖ ਖੋਜਕਰਤਾ ਡਾ. ਮਾਰੀਆਨਾ ਵੀ. ਨੇ ਕਿਹਾ ਕਿ ਓਵਰਟਾਈਮ ਨਾਲ ਦਿਲ ਦੇ ਦੌਰੇ ਦਾ ਖਤਰਾ ਵਧਣ ਦਾ ਮੁੱਖ ਕਾਰਨ ਤਣਾਅ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਓਵਰਟਾਈਮ ਦੇ ਕਾਰਨ ਸਹੀ ਖਾਣ ਪੀਣ ਨਾ ਹੋਣ ਅਤੇ ਕਸਰਤ ਨਾ ਕਰ ਸਕਣ ਵਰਗੀਆਂ ਸਮੱਸਿਆਵਾਂ ਵੀ ਹੁੰਦੀਆਂ ਹਨ, ਜਿਨ੍ਹਾਂ ਦੇ ਕਾਰਨ ਦਿਲ ਦੇ ਦੌਰੇ

# ਸਮੋਕਿੰਗ ਕਰਨ ਵਾਲੀਆਂ ਔਰਤਾਂ ਨੂੰ ਓਵੇਰੀਅਨ ਕੈਂਸਰ ਦਾ ਖਤਰਾ



ਲੰਡਨ : ਸਮੋਕਿੰਗ ਨਾਲ ਹੋਣ ਵਾਲੇ ਖਤਰਿਆਂ ਤੋਂ ਤਾਂ ਅਸੀਂ ਵਾਕਿਫ ਸੀ ਪਰ ਪਹਿਲੀ ਵਾਰ ਸਮੋਕਿੰਗ ਕਰਨ ਵਾਲੀਆਂ ਔਰਤਾਂ ਦੈ ਓਵੇਰੀਅਨ ਕੈਂਸਰ ਤੋਂ ਪੀੜਤ ਹੋਣ ਦੀ ਜ਼ਿਆਦਾ ਸ਼ੰਕਾ ਦੀ ਪੁਸ਼ਟੀ ਕੀਤੀ ਗਈ ਹੈ। ਆਕਸਫੋਰਡ ਯੂਨੀਵਰਸਿਟੀ ਵਲੋਂ ਸਥਾਪਿਤ ਕੋਲੇਬੋਰੇਟਿਵਨ ਗਰੁੱਪ ਆਨ ਏਵੀਡਮੋਲੋਜਿਕਲ ਸਟੱਡੀਜ਼ ਆਫ ਓਵੇਰੀਅਨ ਕੈਂਸਰ ਵਲੋਂ ਹਾਲ ਹੀ ਵਿਚ ਕਰਵਾਏ ਗਏ ਅਧਿਐਨ ਵਿਚ ਪਹਿਲੀ ਵਾਰ ਇਹ ਖੁਲਾਸਾ ਕੀਤਾ ਗਿਆ ਹੈ। ਇਸ ਅਧਿਐਨ ਵਿਚ ਕੁਰਟਿਨ ਯੂਨੀਵਰਸਿਟੀ ਦੇ ਦੋ ਪ੍ਰੋਫੈਸਰ ਐਂਡੀ ਲੀ ਅਤੇ ਕੋਲਿਨ ਬਿੰਸ ਨੇ ਹਿੱਸਾ ਲਿਆ।ਬਿੰਸ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕਰਵਾਏ ਗਏ ਅਧਿਐਨਾਂ ਵਿਚ ਔਰਤਾਂ ਵਿਚ ਸਮੋਕਿੰਗ ਦੀ ਆਦਤ ਦਾ ਓਵੇਰੀਅਨ ਕੈਂਸਰ ਤੋਂ ਰਿਸ਼ਤਾ ਸਾਬਿਤ ਹੋਇਆ ਸੀ ਪਰ ਇਸ ਰਿਸ਼ਤੇ ਨੂੰ ਸਾਫ ਤੌਰ ’ਤੇ ਪ੍ਰਮਾਣਿਤ ਨਹੀਂ ਕੀਤਾ ਜਾ ਸਕਿਆ ਸੀ।

# ਅੱਧੇ ਬਰਤਾਨਵੀ ਲੋਕਾਂ ਨੂੰ ਦਿਲ ਦੀ ਥਾਂ ਦਾ ਹੀ ਨਹੀਂ

## ਨਾ ਤਾਂ ਦੰਦਾਂ ਦੀ ਗਿਣਤੀ ਪਤਾ ਅੰਗਰੇਜ਼ਾਂ ਨੂੰ ਤੇ ਨਾ ਗੁਰਦੇ ਬਾਰੇ ਕੋਈ ਜਾਣਕਾਰੀ

ਲੰਡਨ : ਬ੍ਰਿਟੇਨ ਵਾਸੀਆਂ ਦੀ ਆਮ ਜਾਣਕਾਰੀ ਬਹੁਤ ਕਮਜ਼ੋਰ ਹੈ। ਜਿਨ੍ਹਾਂ ਛੋਟੇ ਛੋਟੇ ਸਵਾਲਾਂ ਦੇ ਜਵਾਬ ਦੂਜੀ ਤੀਜੀ ਜਮਾਤ ਦਾ ਬੱਚਾ ਵੀ ਆਰਾਮ ਨਾਲ ਦੇ ਸਕਦਾ ਹੈ, ਉਨ੍ਹਾਂ ਸਵਾਲਾਂ ਨੂੰ ਸੁਣ ਕੇ ਬਰਤਾਨੀਆ ਦੇ ਲੋਕਾਂ ਦੇ ਪਸੀਨੇ ਨਿਕਲ ਜਾਂਦੇ ਹਨ।ਇਸ ਸਬੰਧੀ ਇੱਕ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਅੱਧੇ ਤੋਂ ਜ਼ਿਆਦਾ ਬ੍ਰਿਟੇਨ ਵਾਸੀ ਇਹ ਨਹੀਂ ਜਾਣਦੇ ਕਿ ਸਰੀਰ ਵਿੱਚ ਦਿਲ ਕਿੱਥੇ ਹੁੰਦਾ ਹੈ। ਮੂੰਹ ਵਿੱਚ ਦੰਦ ਕਿੰਨੇ ਹੁੰਦੇ ਹਨ, ਸਰੀਰ ਵਿੱਚ ਖੂਨ ਕਿੰਨਾ ਹੁੰਦਾ ਹੈ, ਇੱਕ ਵਿਕਸਤ ਮੁਲਕ ਜਿੱਥੇ ਕਰੀਬ ਸੌ ਫੀਸਦੀ ਆਬਾਦੀ ਪੜ੍ਹੀ ਲਿਖੀ ਹੋਵੇ, ਉਥੇ ਇਸ ਤਰ੍ਹਾਂ ਦੇ ਹਾਲਾਤ ਹੈਰਾਨ ਕਰ ਦਿੰਦੇ ਹਨ। ਇਸ ਅਧਿਐਨ ਮੁਤਾਬਕ ਪੰਜਾਹ ਫੀਸਦੀ ਤੋਂ ਜ਼ਿਆਦਾ ਬ੍ਰਿਟੇਨ ਵਾਸੀ ਸਰੀਰ ਦੇ ਮਹੱਤਵਪੂਰਨ ਅੰਗਾਂ ਦੀ ਸਥਿਤੀ ਵੀ ਨਹੀਂ ਜਾਣਦੇ। ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਅੰਗਾਂ ਦਾ ਕੰਮ ਕੀ ਹੈ।ਖੋਜੀਆਂ ਨੇ ਇਸ ਅਧਿਐਨ ‘ਚ ਦੋ ਹਜ਼ਾਰ ਲੋਕਾਂ ਨੂੰ ਸ਼ਾਮਲ ਹਨ।



# ਲੱਕ ਦਰਦ ਦਾ ਕਾਰਨ ਬਣਨ ਵਾਲੇ ਜੀਨ ਦਾ ਪਤਾ ਲੱਗਾ

ਬ੍ਰਿਟਿਸ਼ ਖੋਜਕਾਰਾਂ ਨੇ ਇਕ ਅਜਿਹੇ ਜੀਨ ਨੂੰ ਲੱਭ ਲਿਆ ਹੈ, ਜੋ ਲੱਕ ਦੇ ਹੇਠਲੇ ਹਿੱਸੇ ਵਿਚ ਜ਼ਿਆਦਾਤਰ ਰਹਿਣ ਵਾਲੇ ਦਰਦ ਦਾ ਕਾਰਨ ਬਣਦਾ ਹੈ। ਬ੍ਰਿਟੇਨ ਦੇ ਕਿੰਗਸ ਕਾਲਜ ਦੇ ਖੋਜਕਾਰਾਂ ਨੇ ਐਨਲਸ ਆਫ ਰਿਯੂਮੈਟਿਕ ਡਿਜ਼ੀਜ਼ ਨਾਮਕ ਰਸਾਲੇ ਵਿਚ ਛਪੀ ਖੋਜ ਵਿਚ ਦਾਅਵਾ ਕੀਤਾ ਹੈ ਕਿ ‘ਪਾਰਕ 02‘ ਅਖਵਾਉਣ ਵਾਲਾ ਇਹ ਜੀਨ ਉਮਰ ਵਧਣ ਦੇ ਨਾਲ-ਨਾਲ ਲੱਕ ਦੇ ਹੇਠਲੇ ਹਿੱਸੇ ਵਿਚ ਰਹਿਣ ਵਾਲੇ ਦਰਦ ਦਾ ਕਾਰਨ ਬਣਦਾ ਹੈ। ਵੱਡੀ ਉਮਰ ਦੇ ਲੋਕਾਂ ਨੂੰ ਰੀੜ੍ਹ ਦੀ ਹੱਡੀ ਦੇ ਵਰਟੀਬਰਾ ਨੂੰ ਸਾਂਝ ਕੇ ਰੱਖਣ ਵਾਲੀ ‘ਸਪਾਈਨਲ ਡਿਕਸ‘ ਸਮੇਂ ਦੇ ਨਾਲ ਸੁੱਕ ਜਾਂਦੀ ਹੈ ਅਤੇ ਇਸ ਦੀ ਉੱਚਾਈ ਵਿਚ ਵੀ ਕਮੀ ਆ ਜਾਂਦੀ ਹੈ। ਇਸੇ ਕਾਰਨ ਤੋਂ ਵਰਟੀਬਰਾ ਦੀ ਹੱਡੀ ਵਿਚ ਵਧਣ ਕਾਰਨ ਲੱਕ ਦੇ ਹੇਠਲੇ ਹਿੱਸੇ ਵਿਚ ਦਰਦ ਰਹਿਣਾ ਸ਼ੁਰੂ ਹੋ ਜਾਂਦਾ ਹੈ।



## ਇਸ ਤਰ੍ਹਾਂ ਬੱਚਿਆਂ ਦੀ ਚਮੜੀ ਦਾ ਰੱਖੋ ਖਾਸ ਧਿਆਨ


ਬੱਚਿਆਂ ਦੀ ਚਮੜੀ ਬਹੁਤ ਕੋਮਲ ਅਤੇ ਪਿਆਰੀ ਹੁੰਦੀ ਹੈ। ਮੌਸਮ ਦੀ ਤਬਦੀਲੀ ਅਤੇ ਮੁਸ਼ਕਲ ਵਾਤਾਵਰਣ ਕਾਰਨ ਬੱਚਿਆਂ ਦੀ ਚਮੜੀ ਸੰਬੰਧੀ ਪ੍ਰੇਸ਼ਾਨੀਆਂ ਪੈਦਾ ਹੋਣ ਦਾ ਖਤਰਾ ਵੀ ਵਧ ਜਾਂਦਾ ਹੈ। ਕਿਉਂਕਿ ਬੱਚਿਆਂ ਦੀ ਚਮੜੀ ਵੱਡਿਆਂ ਦੀ ਚਮੜੀ ਦੇ ਮੁਕਾਬਲੇ ਬਹੁਤ ਕੋਮਲ ਹੁੰਦੀ ਹੈ। ਇਸ ਲਈ ਉਨ੍ਹਾ ਦੀ ਚਮੜੀ ਦੀ ਖਾਸ ਦੇਖਭਾਲ ਕਰਨੀ ਚਾਹੀਦੀ ਹੈ।ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਹ ਏਮਨਿਟਿਕ ਫਲੂਡ ਦੇ ਫਿਸਲਣ ਭਰੀ ਪਰਤ ਨਾਲ ਢਕਿਆ ਹੁੰਦਾ ਹੈ। ਜਨਮ ਤੋਂ ਬਾਅਦ ਦੇ ਸ਼ੁਰੂਆਤੀ ਦਿਨਾਂ ‘ਚ ਬੱਚੇ ਦੀ ਚਮੜੀ ਵਾਤਾਵਰਣ ਦੀ ਆਦੀ ਨਹੀਂ ਹੁੰਦੀ। ਇਸ ਲਈ ਕਈ ਵਾਰ ਬੱਚੇ ਦੀ ਚਮੜੀ ‘ਤੇ ਕਈ ਤਰ੍ਹਾਂ ਦੇ ਨਿਸ਼ਾਨ ਪੈ ਜਾਂਦੇ ਹਨ ਜਾਂ ਚਮੜੀ ਲਾਲ ਹੋ ਜਾਂਦੀ ਹੈ। ਹਵਾ ‘ਚ ਮੌਜੂਦ ਸੁੱਕਾਪਣ ਬੱਚੇ ਦੀ ਚਮੜੀ ਤੋਂ ਨਮੀ ਸੋਖ ਲੈਂਦਾ ਹੈ। ਬੱਚੇ ਦੀ ਚਮੜੀ ਪਤਲੀ ਅਤੇ ਮੁਲਾਇਮ ਹੁੰਦੀ ਹੈ ਅਤੇ ਇਸ ‘ਚ ਚਿਕਨਾਹਟ ਘੱਟ ਹੁੰਦੀ ਹੈ। ਬੱਚੇ ਦੀ ਚਮੜੀ ‘ਚ ਮਿਲੇਨਿਨ ਵੀ ਘੱਟ ਬਣਦਾ ਹੈ ਜੋ ਕਿ ਚਮੜੀ ਨੂੰ ਸਨਬਰਨ ਤੋਂ ਬਚਾਉਂਦਾ ਹੈ।

# ਕੀ ਕਰੀਏ ਜਦੋਂ ਗੋਡੇ ਦੇਣ ਲੱਗਣ ਜਵਾਬ

ਮੋਟਾਪਾ, ਸ਼ੂਗਰ ਅਤੇ ਦਿਲ ਸਬੰਧੀ ਬੀਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਲੋਕ ਕਈ ਤਰ੍ਹਾਂ ਦੀ ਫਿਜ਼ੀਕਲ ਐਕਟੀਵਿਟੀ ਕਰਦੇ ਹਨ। ਇਹ ਚੰਗੀ ਗੱਲ ਹੈ ਪਰ ਅਜਿਹਾ ਕਰਦੇ ਹੋਏ ਇਹ ਲੋਕ ਅਣਜਾਣੇ ‘ਚ ਆਪਣੇ ਗੋਡਿਆਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਆਰਥੋਪੈਡਿਕ ਸਰਜਨਸ ਨੇ ਦੱਸਿਆ ਕਿ 40 ਫੀਸਦੀ ਗੋਡਿਆਂ ‘ਚ ਦਰਦ ਦੀ ਸ਼ਿਕਾਇਤ ਅੱਜਕਲ 40 ਸਾਲ ਤੋਂ ਘੱਟ ਉਮਰ ਦੇ ਲੋਕਾਂ ‘ਚ ਰਹਿੰਦੀ ਹੈ। ਗੋਡੇ ਦੀ ਦਰਦ ਤੋਂ ਛੁਟਕਾਰਾ ਪਾਉਣ ਲਈ ਨੀ-ਟ੍ਰਾਂਸਪਲਾਂਟ ਕਰਵਾਉਣ ਤੋਂ ਇਲਾਵਾ ਵੀ ਕਈ ਬਦਲ ਮੌਜੂਦ ਸਨ।

ਮੈਕਸ ਸਾਕੇਤ ਹਸਪਤਾਲ ਦੇ ਡਾਇਰੈਕਟਰ ਅਤੇ ਗੋਡਾ ਤੇ ਮੋਢਾ ਵਿਭਾਗ ਦੇ ਮੁਖੀ ਡਾ. ਜੇ. ਮਹੇਸ਼ਵਰੀ ਨੇ ਦੱਸਿਆ ਕਿ ਅੱਜ ਤੋਂ ਲਗਭਗ ਇਕ ਦਹਾਕਾ ਪਹਿਲਾਂ ਨੀ-ਟ੍ਰਾਂਸਪਲਾਂਟ ਹੀ ਆਖਰੀ ਬਦਲ ਮੰਨਿਆ ਜਾਂਦਾ ਸੀ ਪਰ ਟੈਕਨਾਲੋਜੀ ਅਤੇ ਵਿਗਿਆਨ ਦੇ ਵਧਣ ਦੇ ਨਾਲ ਹੀ ਇਸ ‘ਚ ਬਦਲਾਅ ਆਇਆ ਹੈ। ਹੁਣ ਗੋਡਿਆਂ ਦੀਆਂ ਗੰਭੀਰ ਸੱਟਾਂ ਨੂੰ ਕੀਹੋਲ ਸਰਜਰੀ ਜਾਂ ਆਰਥੋਸਕੋਪੀ ਰਾਹੀਂ ਵੀ ਠੀਕ ਕੀਤਾ ਜਾ ਸਕਦਾ ਹੈ। ਇਸ ‘ਚ ਡੈਮੇਜ ਹੋਏ ਲਿਗਾਮੈਂਟਸ ਨੂੰ ਮੁੜ ਤਿਆਰ ਕੀਤਾ ਜਾਂਦਾ ਹੈ ਅਤੇ ਗੋਡਿਆਂ ਦੇ ਜੋੜ ਤੋਂ ਮਕੈਨੀਕਲ ਬਲਾਕ ਹਟਾਇਆ ਜਾਂਦਾ ਹੈ। ਕਈ ਸਰਜਨ ਕਾਰਟੀਲੇਜ ਰਿਸਟੋਰੇਸ਼ਨ ਅਤੇ ਟ੍ਰਾਂਸਪਲਾਂਟ ਤਕਨੀਕ ਰਾਹੀਂ ਵੀ ਗੰਭੀਰ ਸੱਟਾਂ ਦੇ ਇਲਾਜ ਲਈ ਵਰਤਦੇ ਹਨ। ਇਸ ਤੋਂ ਇਲਾਵਾ ਪਲੇਟਰੇਟ ਰਿਚ ਪਲਾਜ਼ਮਾ ਮਤਲਬ ਪੀ. ਆਰ. ਪੀ. ਰਾਹੀਂ ਵੀ ਇਲਾਜ ਕਰਨਾ ਇਕ ਬਦਲ ਹੈ। ਇਸ ‘ਚ ਵੀ ਸਾਫਟ ਟਿਸ਼ੂ ਨੂੰ ਰੀ-ਜੈਨਰੇਟ ਕੀਤਾ ਜਾਂਦਾ ਹੈ।

# ਸ਼ਹਿਰੀ ਲੋਕਾਂ ਨੂੰ ਦਿਲ ਦੇ ਰੋਗ ਦਾ ਖਤਰਾ ਜ਼ਿਆਦਾ



ਬੰਗਲੌਰ - ਬਦਲਦੀ ਜੀਵਨਸ਼ੈਲੀ, ਸਰੀਰਕ ਕਸਰਤ ਦੀ ਕਮੀ ਅਤੇ ਖਾਣ-ਪੀਣ ਦੀਆਂ ਖਰਾਬ ਆਦਤਾਂ ਦੇਸ਼ ਦੇ ਲੱਖਾਂ ਸ਼ਹਿਰੀ ਲੋਕਾਂ ਦੇ ਸਾਹਮਣੇ ਦਿਲ ਦਾ ਖਤਰਾ ਪੈਦਾ ਕਰ ਰਹੀਆਂ ਹਨ। ਇਹ ਖੁਲਾਸਾ ਮੁੰਬਈ ਸਥਿਤ ਖਪਤਕਾਰ ਉਤਪਾਦਾਂ ਦੀ ਇਕ ਮੁੱਖ ਕੰਪਨੀ ਵਲੋਂ ਕੀਤੇ ਗਏ ਇਕ ਅਧਿਐਨ ਵਿਚ ਹੋਇਆ ਹੈ। ਅਪੋਲੋ ਹਸਪਤਾਲ ਵਿਚ ਦਿਲ ਦੇ ਲੋਕਾਂ ਦੇ ਮਾਹਿਰ ਗਿਰੀਸ਼ ਬੀ. ਨਵਸੁੰਦੀ ਨੇ ਮਾਰਿਕੋ ਲਿਮਟਿਡ ਵਲੋਂ ਦੇਸ਼ ਦੇ 12 ਸ਼ਹਿਰਾਂ ਵਿਚ ਪਿਛਲੇ ਵਿੱਤ ਸਾਲਾਂ (2010-12) ਵਿਚ ਕਰਵਾਏ ਗਏ ਆਨਲਾਈਨ ਸਰਵੇਖਣ ਦੇ ਹਵਾਲੇ ਤੋਂ ਦੱਸਿਆ ਕਿ ਦੇਸ਼ ਦਾ ਸ਼ਹਿਰੀ ਤਬਕਾ ਆਪਣੀਆਂ ਆਦਤਾਂ ਕਾਰਨ ਅਜਿਹੀਆਂ ਬੀਮਾਰੀਆਂ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ। ਡਾਕਟਰ ਮੁਤਾਬਕ ਸ਼ਹਿਰਾਂ ਦੀ ਰੁੱਝੀ ਹੋਈ ਜੀਵਨਸ਼ੈਲੀ ਕਾਰਨ ਜ਼ਿਆਦਾਤਰ ਭਾਰਤੀ ਨੌਜਵਾਨਾਂ ਵਿਚ ਦਿਲ ਸਬੰਧੀ ਬੀਮਾਰੀਆਂ, ਹਾਈ ਬਲੱਡ ਪ੍ਰੈਸ਼ਰ ਅਤੇ ਕੈਂਸਰ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰੀਰਕ ਮਿਹਨਤ ਦੀ ਕਮੀ ਅਤੇ ਭੋਜਨ ਵਿਚ ਰੇਸ਼ੇਦਾਰ ਸਮੱਗਰੀਆਂ ਦੀ ਕਮੀ ਖਤਰਨਾਕ ਬੀਮਾਰੀਆਂ ਦੇ ਦੋ ਮੁੱਖ ਕਾਰਨ ਹਨ।

## SAVE THE DATE

# PUNJABI AMERICAN NIGHT 2018

SUNDAY
AUGUST 19, 2018
6:30PM ONWARDS

EISENHOWER PARK
EAST MEADOW | LONG ISLAND

Mohinder Singh Taneja
Chairperson - Punjabi American Night 2018
516-840-7968
MohinderTaneja@gmail.com

# ਵਿਦੇਸ਼ ਦੀ ਚਕਾਚੌਂਧ 'ਚ ਠੱਗੇ ਜਾ ਰਹੇ ਲੋਕ



*ਪੰਜਾਬ ਦੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਧੋਖਾ ਦੇਣ ਵਾਲੇ ਮੁੰਡਿਆਂ ਖ਼ਿਲਾਫ਼ ਪੰਦਰਾਂ ਹਜ਼ਾਰ ਤੋਂ ਜ਼ਿਆਦਾ ਮਾਮਲੇ ਦਰਜ ਹਨ। ਫਿਰ ਵੀ ਲੋਕ ਆਪਣੀਆਂ ਧੀਆਂ ਦੇ ਰਿਸ਼ਤੇ ਅਜਿਹੇ ਠੱਗ ਲਾੜਿਆਂ ਨਾਲ ਕਰਨ ਤੋਂ ਨਹੀਂ ਹਟ ਰਹੇ। ਇਨ੍ਹਾਂ ਕਾਰਨਾਂ ਵਿੱਚੋਂ ਹੀ ਨਾਜਾਇਜ਼ ਸਬੰਧ ਪੈਦਾ ਹੋ ਰਹੇ ਹਨ। ਇਨ੍ਹਾਂ ਸਬੰਧਾਂ ਦੀ ਵਧ ਰਹੀ ਗਿਣਤੀ ਕਾਰਨ ਇੱਕ ਹੋਰ ਨਵੀਂ ਸਮਾਜਿਕ ਬੁਰਾਈ ਖੜ੍ਹੀ ਹੋ ਰਹੀ ਹੈ ਜਿਹੜੀ ਕਿਸੇ ਮੋੜ 'ਤੇ ਜਾ ਕੇ ਕਤਲਾਂ ਦਾ ਕਾਰਨ ਬਣਦੀ ਹੈ। ਪੰਜਾਬੀ ਇਹ ਕਤਲ ਪੰਜਾਬ ਵਿੱਚ ਹੀ ਨਹੀਂ ਸਗੋਂ ਕੈਨੇਡਾ, ਅਮਰੀਕਾ ਅਤੇ ਹੋਰ ਦੂਸਰੇ ਦੇਸ਼ਾਂ ਅੰਦਰ ਵੀ ਕਰ ਰਹੇ ਹਨ।*

ਡਾਲਰਾਂ ਦੀ ਚਮਕ ਵੇਖ ਕੇ ਇੱਕ ਪੜ੍ਹੀ-ਲਿਖੀ ਕੁੜੀ ਨੇ ਵਿਦੇਸ਼ ਵਿੱਚੋਂ ਆਏ ਮੁੰਡੇ ਨਾਲ ਵਿਆਹ ਕਰਵਾ ਲਿਆ। ਜਿਸ ਨੇ ਮਹੀਨਾ ਕੁ ਉਸ ਦਾ ਸਰੀਰਿਕ ਸ਼ੋਸ਼ਣ ਕਰਕੇ ਵੀਜ਼ਾ ਲਵਾ ਕੇ ਭੇਜਣ ਦਾ ਭਰੋਸਾ ਦਿੱਤਾ। ਪਰ ਕਈ ਸਾਲ ਬੀਤਣ ਬਾਅਦ ਨਾ ਵੀਜ਼ਾ ਲੱਗ ਕੇ ਆਇਆ ਤੇ ਨਾ ਹੀ ਉਹ ਆਪ ਆਇਆ। ਜਿਸ ਕਰਕੇ ਹੁਣ ਇਸ ਕੁੜੀ ਦੀ ਜ਼ਿੰਦਗੀ ਅੱਧ ਵਿਚਕਾਰ ਲਟਕ ਗਈ ਹੈ। ਵਿਆਹ ਵਿੱਚ ਦਿੱਤੇ ਗਏ ਲੱਖਾਂ ਰੁਪਏ ਵੀ ਮੁੰਡਾ ਲੈ ਕੇ ਫਰਾਰ ਹੋ ਗਿਆ। ਇਹ ਕਿਸੇ ਫ਼ਿਲਮ ਦੀ ਕਹਾਣੀ ਨਹੀਂ ਹੈ। ਸਗੋਂ ਪੰਜਾਬ ਵਿੱਚ ਹਰ ਰੋਜ਼ ਡਾਲਰ ਕਮਾਉਣ ਦੇ ਚੱਕਰ ਵਿੱਚ ਬਰਬਾਦ ਹੋ ਰਹੇ ਪਰਿਵਾਰਾਂ, ਨੌਜਵਾਨਾਂ ਅਤੇ ਲੜਕੀਆਂ ਸਮੇਤ ਉਨ੍ਹਾਂ ਪਵਿੱਤਰ ਰਿਸ਼ਤਿਆਂ ਦੀ ਕਹਾਣੀ ਹੈ ਜਿਨ੍ਹਾਂ ਨੂੰ ਵਿਦੇਸ਼ ਜਾਣ ਲਈ ਤਾਰ-ਤਾਰ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਟਰੈਵਲ ਏਜੰਟਾਂ ਦੇ ਧੱਕੇ ਚੜ੍ਹ ਕੇ ਆਪਣੀ ਜ਼ਮੀਨ ਜਾਇਦਾਦ ਅਤੇ ਘਰ-ਬਾਰ ਵੇਚਣ ਵਾਲੇ ਪਰਿਵਾਰਾਂ ਦੀ ਗਿਣਤੀ 60 ਹਜ਼ਾਰ ਤੋਂ ਵੀ ਜ਼ਿਆਦਾ ਹੋ ਗਈ ਹੈ। ਟਰੈਵਲ ਏਜੰਟਾਂ ਦੇ ਖ਼ਿਲਾਫ਼ ਧੋਖਾਧੜੀ ਦੇ ਮਾਮਲੇ ਵੀ ਦਰਜ ਹੁੰਦੇ ਹਨ, ਅਦਾਲਤਾਂ ਵਿੱਚ ਕੇਸ ਵੀ ਚਲਦੇ ਹਨ, ਪਰ ਅਦਾਲਤੀ ਕਾਰਵਾਈ ਦੌਰਾਨ ਉਨ੍ਹਾਂ ਨੂੰ ਭਗੌੜੇ ਕਰਾਰ ਦੇ ਦਿੱਤਾ ਜਾਂਦਾ ਹੈ। ਅਜਿਹੇ ਸੈਂਕੜੇ ਹੀ ਏਜੰਟ ਭਗੌੜੇ ਚੱਲ ਰਹੇ ਹਨ ਅਤੇ ਲੋਕਾਂ ਦੇ ਲੱਖਾਂ ਰੁਪਏ ਬਰਬਾਦ ਹੋ ਗਏ ਹਨ। ਧੋਖਾਧੜੀ ਕਰਕੇ ਲੋਕਾਂ ਨੂੰ ਕੰਗਾਲ ਕਰਨ ਵਾਲੇ ਕੁਝ ਫਰਜ਼ੀ ਏਜੰਟਾਂ ਖ਼ਿਲਾਫ਼ ਪੁਲੀਸ ਵੀ ਬਣਦੀ ਕਾਰਵਾਈ ਨਹੀਂ ਕਰਦੀ ਕਿਉਂਕਿ ਜਾਅਲਸਾਜ਼ੀ ਨਾਲ ਲੱਖਾਂ ਰੁਪਏ ਬਟੋਰ ਕੇ ਫਰਾਰ ਹੋਏ ਜਾਂ ਆਪਣੇ ਦਫ਼ਤਰਾਂ ਵਿੱਚ ਬੈਠੇ ਏਜੰਟਾਂ ਨੂੰ ਜਦੋਂ ਪੁਲੀਸ ਫੜਨ ਜਾਂਦੀ ਹੈ ਤਾਂ ਉਨ੍ਹਾਂ ਦੀ ਜੇਬ ਗਰਮ ਕਰ ਦਿੱਤੀ ਜਾਂਦੀ ਹੈ। ਜਿਸ ਕਰਕੇ ਬਹੁ ਗਿਣਤੀ ਟਰੈਵਲ ਏਜੰਟ ਭਗੌੜੇ ਹੋ ਚੁੱਕੇ ਹਨ। ਇਨ੍ਹਾਂ ਦੀ ਜ਼ਿਆਦਾ ਗਿਣਤੀ ਮਾਝੇ ਅਤੇ ਦੁਆਬੇ ਵਿੱਚ ਹੈ। ਇਹ ਰੁਝਾਨ ਹੁਣ ਮਾਲਵੇ ਵਿੱਚ ਵੀ ਵਧਣ ਲੱਗਾ ਹੈ ਜਿਸ ਕਰਕੇ ਏਜੰਟਾਂ ਵੱਲੋਂ ਮਾਰੀਆਂ ਜਾ ਰਹੀਆਂ ਠੱਗੀਆਂ ਦੀ ਗਿਣਤੀ ਇਨ੍ਹਾਂ ਜ਼ਿਲ੍ਹਿਆਂ ਵਿੱਚ ਵੀ ਲਗਾਤਾਰ ਵਧਦੀ ਜਾ ਰਹੀ ਹੈ। ਪੰਜਾਬ ਵਿੱਚੋਂ ਹਰ ਸਾਲ ਵਿਦੇਸ਼ ਜਾਣ ਵਾਲੇ ਲੋਕਾਂ ਦੀ ਗਿਣਤੀ ਪ੍ਰਤੀ ਸਾਲ 15 ਤੋਂ 20 ਹਜ਼ਾਰ ਦੱਸੀ ਜਾਂਦੀ ਹੈ। ਪਿਛਲੇ ਦੋ ਕੁ ਦਹਾਕਿਆਂ ਦੌਰਾਨ ਪੰਜਾਬ ਵਿੱਚ ਏਜੰਟ ਦਸ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੀਆਂ ਕਥਿਤ ਠੱਗੀਆਂ ਮਾਰ ਚੁੱਕੇ ਹਨ। ਇਨ੍ਹਾਂ ਨੇ ਤੀਹ ਹਜ਼ਾਰ ਤੋਂ ਵੀ ਵੱਧ ਜਵਾਨ ਲੜਕੀਆਂ ਦੀ ਜ਼ਿੰਦਗੀ ਬਰਬਾਦ ਕੀਤੀ ਹੈ। ਹਾਲਾਤ ਅਜਿਹੇ ਬਣ ਚੁੱਕੇ ਹਨ ਕਿ 20 ਹਜ਼ਾਰ ਤੋਂ ਲੈ ਕੇ 50 ਹਜ਼ਾਰ ਰੁਪਏ ਤਕ ਮਹੀਨੇ ਦੀ ਤਨਖਾਹ ਲੈਣ ਵਾਲੇ ਸਰਕਾਰੀ ਸਕੂਲਾਂ ਦੇ ਚਾਰ ਸੌ ਤੋਂ ਜ਼ਿਆਦਾ ਅਧਿਆਪਕ ਵੀ ਜੁਲਾਈ 2010 ਤਕ ਬਾਹਰਲੇ ਦੇਸ਼ਾਂ ਨੂੰ ਉਡਾਰੀ ਮਾਰ ਚੁੱਕੇ ਸਨ। ਪੰਜਾਬ ਦੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਧੋਖਾ ਦੇਣ ਵਾਲੇ ਮੁੰਡਿਆਂ ਖ਼ਿਲਾਫ਼ ਪੰਦਰਾਂ ਹਜ਼ਾਰ ਤੋਂ ਜ਼ਿਆਦਾ ਮਾਮਲੇ ਦਰਜ ਹਨ। ਫਿਰ ਵੀ ਲੋਕ ਆਪਣੀਆਂ ਧੀਆਂ ਦੇ ਰਿਸ਼ਤੇ ਅਜਿਹੇ ਠੱਗ ਲਾੜਿਆਂ ਨਾਲ ਕਰਨ ਤੋਂ ਨਹੀਂ ਹਟ ਰਹੇ। ਇਨ੍ਹਾਂ ਕਾਰਨਾਂ ਵਿੱਚੋਂ ਹੀ ਨਾਜਾਇਜ਼ ਸਬੰਧ ਪੈਦਾ ਹੋ ਰਹੇ ਹਨ। ਇਨ੍ਹਾਂ ਸਬੰਧਾਂ ਦੀ ਵਧ ਰਹੀ ਗਿਣਤੀ ਕਾਰਨ ਇੱਕ ਹੋਰ ਨਵੀਂ ਸਮਾਜਿਕ ਬੁਰਾਈ ਖੜ੍ਹੀ ਹੋ ਰਹੀ ਹੈ ਜਿਹੜੀ ਕਿਸੇ ਮੋੜ 'ਤੇ ਜਾ ਕੇ ਕਤਲਾਂ ਦਾ ਕਾਰਨ ਬਣਦੀ ਹੈ। ਪੰਜਾਬੀ ਇਹ ਕਤਲ ਪੰਜਾਬ ਵਿੱਚ ਹੀ ਨਹੀਂ ਸਗੋਂ ਕੈਨੇਡਾ, ਅਮਰੀਕਾ ਅਤੇ ਹੋਰ ਦੂਸਰੇ ਦੇਸ਼ਾਂ ਅੰਦਰ ਵੀ ਕਰ ਰਹੇ ਹਨ। ਪਿੰਡਾਂ ਵਿੱਚ ਵੀ ਜਾਇਜ਼-ਨਾਜਾਇਜ਼ ਢੰਗ ਨਾਲ ਨੌਜਵਾਨਾਂ ਨੂੰ ਬਾਹਰ ਭੇਜਣ ਦਾ ਰੁਝਾਨ ਵਧ ਗਿਆ ਹੈ। ਆਖਰ ਵਿੱਚ ਡਾਲਰਾਂ ਦੇ ਲਾਲਚ ਹਿੱਤ ਭੇਜੀਆਂ ਗਈਆਂ ਕੁੜੀਆਂ ਦੀ ਵਿਦੇਸ਼ ਵਿੱਚ ਕਿਹੋ ਜਿਹੀ ਹਾਲਤ ਹੈ, ਇਸ ਗੱਲ ਨੂੰ ਕੋਈ ਭੁੱਲਿਆ ਹੋਇਆ ਨਹੀਂ ਹੈ। ਉਨ੍ਹਾਂ ਦੀ ਮਜਬੂਰੀ ਦਾ ਫਾਇਦਾ ਲੈ ਕੇ ਉਨ੍ਹਾਂ ਨੂੰ ਦੇਹ ਵਪਾਰ ਦੇ ਧੰਦੇ ਵਿੱਚ ਧੱਕਿਆ ਜਾਂਦਾ ਹੈ, ਪਰ ਸਾਡੇ ਲੋਕ ਫਿਰ ਵੀ ਸਿਰਫ਼ ਡਾਲਰਾਂ ਦੀ ਚਮਕ ਵੇਖਣਾ ਚਾਹੁੰਦੇ ਹਨ। ਪਰਵਾਸ ਦੇ ਇਸ ਰੁਝਾਨ ਵਿੱਚ ਸਰਕਾਰਾਂ ਵੀ ਬਹੁਤ ਹੱਦ ਤਕ ਦੋਸ਼ੀ ਹਨ। ਜਿਹੜੀਆਂ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਲੋਕਾਂ ਨੂੰ ਵਧੀਆ ਪ੍ਰਸ਼ਾਸਨ ਨਹੀਂ ਦੇ ਸਕੀਆਂ। ਬੇਸ਼ੱਕ ਵਿਕਸਿਤ ਦੇਸ਼ਾਂ ਵੱਲ ਜਾਣਾ ਕੋਈ ਮਾੜੀ ਗੱਲ ਨਹੀਂ ਹੈ, ਪਰ ਗ਼ੈਰ ਕਾਨੂੰਨੀ ਤਰੀਕੇ ਅਪਣਾ ਕੇ ਆਪਣੀਆਂ ਜ਼ਿੰਦਗੀਆਂ ਖ਼ਤਰਿਆਂ ਵਿੱਚ ਪਾ ਕੇ ਅਤੇ ਕੁਝ ਠੱਗ ਕਿਸਮ ਦੇ ਏਜੰਟਾਂ ਦੀਆਂ ਗੱਲਾਂ ਵਿੱਚ ਆ ਕੇ ਡਾਲਰਾਂ ਦੇ ਸੁਪਨੇ ਲੈਣ ਨਾਲੋਂ ਤਾਂ ਆਪਣੇ ਘਰ ਦੀ ਸੁੱਕੀ ਰੋਟੀ ਹੀ ਚੰਗੀ ਹੈ।

**ਬ੍ਰਿਸ਼ ਭਾਨ ਬੁਜਰਕ**

# ਆਓ ਦਾਨ ਦੀ ਦਿਸ਼ਾ ਬਦਲੀਏ



ਦਾਨ ਨੂੰ ਆਮ ਤੌਰ 'ਤੇ ਧਾਰਮਿਕ ਪੱਖ ਤੋਂ ਹੀ ਦੇਖਿਆ ਜਾਂਦਾ ਹੈ। ਇਸ ਨੂੰ ਅਸੀਂ ਧਾਰਮਿਕ ਕੰਮਾਂ ਨਾਲ ਹੀ ਜੋੜਦੇ ਆ ਰਹੇ ਹਾਂ। ਅਸੀਂ ਦਾਨ ਨੂੰ ਧਰਮ ਦਾ ਹੀ ਇੱਕ ਹਿੱਸਾ ਬਣਾ ਕੇ ਇਸ ਦੀਆਂ ਸੀਮਾਵਾਂ ਨੂੰ ਸੀਮਤ ਕਰਕੇ ਰੱਖ ਦਿੱਤਾ ਹੈ, ਜਦੋਂ ਕਿ ਦਾਨ ਦਾ ਦਾਇਰਾ ਧਰਮ ਤੋਂ ਬਾਹਰ ਵੀ ਹੈ। ਇਹ ਠੀਕ ਹੈ ਕਿ ਧਰਮ ਅਤੇ ਦਾਨ ਦਾ ਆਪਸੀ ਰਿਸ਼ਤਾ ਬੜਾ ਗੂੜ੍ਹਾ ਹੈ, ਪਰ ਇਹ ਦੋਵੇਂ ਇੱਕ ਦੂਸਰੇ ਦੇ ਗ਼ੁਲਾਮ ਨਹੀਂ ਹਨ। ਇਹ ਵੱਖਰੇ-ਵੱਖਰੇ ਵੀ ਕੰਮ ਕਰ ਸਕਦੇ ਹਨ ਅਤੇ ਕਰਦੇ ਵੀ ਹਨ। ਧਰਮ ਇੱਕ ਨਿੱਜੀ ਅਭਿਆਸ ਹੈ ਅਤੇ ਦਾਨ ਦਾ ਸਬੰਧ ਸਮੁੱਚੀ ਮਾਨਵਤਾ ਨਾਲ ਹੈ। ਅੱਜ ਅਸੀਂ ਦਾਨ ਕਰਨ ਦੇ ਸੁਖਾਲੇ ਤਰੀਕੇ ਲੱਭਦਿਆਂ ਨੇ ਇਸਦੀ ਪਰਿਭਾਸ਼ਾ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ। ਅੱਜਕੱਲ੍ਹ ਦਾਨ ਕਰਨ ਵੇਲੇ ਅਸੀਂ ਸਮਾਂ, ਭਾਵਨਾਵਾਂ ਅਤੇ ਸਰੀਰਿਕ ਯਤਨ ਆਦਿ ਨੂੰ ਤਾਂ ਨਜ਼ਰਅੰਦਾਜ਼ ਕਰ ਦਿੰਦੇ ਹਾਂ ਅਤੇ ਕੇਵਲ ਪੈਸਾ ਅਤੇ ਵਸਤਾਂ ਦਾਨ ਕਰਕੇ ਸ਼ੋਹਰਤ ਬਟੋਰਨ ਦੇ ਚੱਕਰ ਵਿੱਚ ਇਹ ਵੀ ਪਰਵਾਹ ਨਹੀਂ ਕਰਦੇ ਕਿ ਸਾਡਾ ਪੈਸਾ ਅਤੇ ਵਸਤਾਂ ਸਹੀ ਥਾਂ 'ਤੇ ਪਹੁੰਚ ਰਹੇ ਹਨ ਜਾਂ ਨਹੀਂ। ਅੱਜ ਦਾਨ ਰੱਜੇ ਨੂੰ ਹੋਰ ਰਜਾਉਣ 'ਤੇ ਕੇਂਦਰਿਤ ਹੋ ਗਿਆ ਹੈ ਤੇ ਅਸਲ ਲੋੜਵੰਦ ਇਸਦੀ ਪਹੁੰਚ ਤੋਂ ਵਾਂਝੇ ਰਹਿ ਜਾਂਦੇ ਹਨ। ਅਸੀਂ ਧਾਰਮਿਕ ਸਮਾਗਮਾਂ 'ਤੇ ਵਧੇਰੇ ਖ਼ਰਚਾ ਕਰਨਾ, ਇਨ੍ਹਾਂ ਸਮਾਗਮਾਂ ਵਿੱਚ ਵਧੇਰੇ ਪਕਵਾਨ ਮੁਹੱਈਆ ਕਰਾਉਣਾ, ਮਹਿੰਗੇ ਸ਼ਾਮਿਆਨੇ ਅਤੇ ਸਜਾਵਟ ਦੇ ਵੱਡੇ ਖ਼ਰਚਿਆਂ ਨੂੰ ਹੀ ਦਾਨ-ਪੁੰਨ ਸਮਝ ਲਿਆ ਹੈ। ਇੱਕ ਧਰਮ ਦੂਸਰੇ ਧਰਮ ਤੋਂ ਅਤੇ ਇੱਕ ਕਮੇਟੀ ਦੂਸਰੀ ਕਮੇਟੀ ਤੋਂ ਵਧੇਰੇ ਖ਼ਰਚਾ ਕਰਕੇ ਆਪਣੀ ਸ਼੍ਰੇਸ਼ਠਤਾ ਸਾਬਤ ਕਰਨ ਦੇ ਆਹਰ ਵਿੱਚ ਹੈ ਅਤੇ ਇਸ ਵਾਸਤੇ ਬਹੁਤ ਸਾਰਾ ਧਨ ਲੁਟਾਇਆ ਜਾ ਰਿਹਾ ਹੈ। ਇਸ ਪੈਸੇ ਨੂੰ ਖ਼ਰਚਣ ਦੇ ਹੋਰ ਬਹੁਤ ਸਾਰੇ ਤਰੀਕੇ ਹਨ ਜਿਨ ਨਾਲ ਸਾਡਾ ਧਰਮ, ਆਲਾ ਦੁਆਲਾ, ਸਮਾਜ ਅਤੇ ਭਾਈਚਾਰਾ ਵਧੇਰੇ ਨਿੱਖਰ ਸਕਦਾ ਹੈ।

ਅੱਜ ਲੋੜ ਹੈ ਦਾਨ ਦੀ ਸਹੀ ਪਰਿਭਾਸ਼ਾ ਨੂੰ ਸਮਝਣ ਦੀ ਅਤੇ ਆਪਣੇ ਦਾਨ ਨੂੰ ਸਹੀ ਦਿਸ਼ਾ ਦੇਣ ਦੀ। ਦਾਨ ਦੀ ਪਰਿਭਾਸ਼ਾ ਬੜੀ ਸਰਲ ਹੈ - ਲੋੜਵੰਦ ਦੀ ਸਹਾਇਤਾ ਕਰਨਾ ਹੀ ਦਾਨ ਹੈ। ਦਾਨ ਕੇਵਲ ਪੈਸੇ ਅਤੇ ਵਸਤਾਂ ਦਾ ਹੀ ਨਹੀਂ ਹੁੰਦਾ। ਦਾਨ ਭਾਵਨਾਵਾਂ ਅਤੇ ਸਮੇਂ ਦਾ ਵੀ ਹੁੰਦਾ ਹੈ। ਮੁਸਕਾਨ, ਪਿਆਰ ਭਰੇ ਬੋਲ, ਦਯਾ, ਖ਼ਿਮਾ, ਹਮਦਰਦੀ ਵੰਡਣਾ ਵੀ ਦਾਨ ਹੀ ਹੈ। ਕਿਸੇ ਦੀ ਖ਼ੁਸ਼ੀ ਵਿੱਚ ਖ਼ੁਸ਼ੀ ਮਨਾਉਣਾ ਅਤੇ ਦੁਖ ਵਿੱਚ ਦੁਖ ਵੰਡਾਉਣਾ ਵੀ ਦਾਨ ਹੀ ਹੈ। ਕਿਸੇ ਦੁਖਿਆਰੇ ਜਾਂ ਮਰੀਜ਼ ਦੀ ਤਕਲੀਫ਼ ਧਿਆਨ ਅਤੇ ਪਿਆਰ ਨਾਲ ਸੁਣ ਕੇ, ਉਸਨੂੰ ਸਹੀ ਸੇਧ ਦੇ ਕੇ ਹੌਸਲਾ ਅਫ਼ਜਾਈ ਕਰਕੇ ਦੁੱਖ ਜਾਂ ਬਿਮਾਰੀ ਵਿੱਚੋਂ ਨਿਕਲਣ ਦੀ ਆਸ ਦੇਣਾ ਵੀ ਦਾਨ ਹੀ ਹੈ। ਦਾਨ ਕਰਨ ਵੇਲੇ ਸਭ ਤੋਂ ਜ਼ਰੂਰੀ ਹੋ ਜਾਂਦਾ ਹੈ ਲੋੜਵੰਦ ਨੂੰ ਲੱਭਣਾ। ਇਹ ਹੀ ਮੁੱਖ ਘੁੰਢੀ ਹੈ ਕਿ ਜਦੋਂ ਅਸੀਂ ਦਾਨ ਕਰਨਾ ਹੋਵੇ ਤਾਂ ਸਹੀ ਲੋੜਵੰਦ ਨਹੀਂ ਲੱਭਦਾ। ਜਦੋਂ ਕੋਈ ਲੋੜਵੰਦ ਨਜ਼ਰ ਪੈਂਦਾ ਹੈ ਤਾਂ ਅਸੀਂ ਮੱਦਦ ਕਰਨ ਦੀ ਹਾਲਤ ਵਿੱਚ ਨਹੀਂ ਹੁੰਦੇ। ਲੋੜਵੰਦ ਵਿਅਕਤੀ ਦੀ ਜ਼ਰੂਰਤ ਕਈ ਵਾਰ ਪੈਸਾ ਜਾਂ ਵਸਤਾਂ ਹੀ ਨਹੀਂ ਹੁੰਦੀਆਂ ਬਲਕਿ ਕਈ ਵਾਰ ਸਮਾਂ, ਹਮਦਰਦੀ, ਧਰਵਾਸ ਅਤੇ ਸਹੀ ਸੇਧ ਦੀ ਘਾਟ ਵੀ ਹੋ ਸਕਦੀ ਹੈ।

**ਸੁਖਵੀਰ ਸਿੰਘ ਕੰਗ**

# ਡਿਜੀਟਲ ਇੰਡੀਆ ਬਨਾਮ ਪਿੰਡਾਂ ਦਾ ਭਾਰਤ



ਦੇਸ ਨੂੰ ਅਜ਼ਾਦ ਹੋਇਆ ਪੌਣੀ ਸਦੀ ਦੇ ਕਰੀਬ ਸਮਾਂ ਹੋ ਗਿਆ ਹੈ। 71 ਸਾਲ ਦਾ ਇਹ ਸਮਾਂ ਮੁਲਕ ਨੇ ਬਹੁਤ ਹੀ ਸੰਜੀਦਗੀ ਨਾਲ ਬਦਲਾਅ ਦੇ ਅਲੱਗ-ਅਲੱਗ ਢੰਗਾਂ ਨੂੰ ਹੰਢਾਉਦਿਆ ਗੁਜ਼ਾਰਿਆ ਹੈ।ਅਜ਼ਾਦੀ ਦੇ ਐਨੇ ਸਾਲ ਬਾਅਦ ਵੀ ਭਾਰਤ ਪੇਂਡੂ ਅਤੇ ਸ਼ਹਿਰੀ ਦੋ ਭਾਗਾਂ ਵਿੱਚ ਵੰਡਿਆ ਹੋਇਆ ਹੈ।ਅੱਜ ਜੇਕਰ ਦੇਸ ਵਿੱਚ ਵਿਕਾਸ ਦੀ ਗੱਲ ਕਰੀਏ ਤਾਂ ਭਾਰਤ ਦੇ ਪਿੰਡ ਅਤੇ ਸ਼ਹਿਰ ਨਦੀ ਦੇ ਦੋ ਕਿਨਾਰਿਆਂ ਵਾਂਗ ਨਜ਼ਰ ਆਉਦੇ ਹਨ। ਅਜ਼ਾਦੀ ਮਿਲਣ ਤੋਂ ਬਾਅਦ ਪਹਿਲੀ ਵਾਰ ਸੰਨ 2011 ਵਿੱਚ ਸਰਕਾਰ ਵਲੋਂ ਸਮਾਜਿਕ,ਆਰਥਿਕ ਅਤੇ ਜਾਤੀ ਅਧਾਰਿਤ ਜਨਗਣਨਾ ਕਰਵਾਈ ਗਈ ਤਾਂ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ ਸਨ। ਇਸ ਜਨਗਣਨਾ ਵਿੱਚ ਸਪੱਸ਼ਟ ਹੋਇਆ ਸੀ ਕਿ ਪਿੰਡਾਂ ਦਾ ਭਾਰਤ ਅੱਜ ਵੀ ਵਿਕਾਸ ਪੱਖੋਂ ਤਰਸਦਾ ਨਜ਼ਰ ਆ ਰਿਹਾ ਹੈ। ਦੇਸ ਦੀ ਅਜ਼ਾਦੀ ਲਈ ਆਪਣਾ ਬਲੀਦਾਨ ਦੇਣ ਵਾਲੇ ਸੂਰਬੀਰਾਂ ਨੇ ਕਦੇ ਸੁਪਨੇ ਵਿੱਚ ਵੀ ਇਹ ਨਹੀ ਸੋਚਿਆ ਹੋਵੇਗਾ ਕਿ ਭਾਰਤ ਦੇ ਪਿੰਡਾਂ ਦੇ ਲੋਕ ਅਜ਼ਾਦੀ ਤੋਂ 71 ਸਾਲ ਬਾਅਦ ਵੀ ਅਜਿਹਾ ਜੀਵਨ ਬਸਰ ਕਰਨ ਲਈ ਮਜ਼ਬੂਰ ਹੋਣਗੇ ਜੋ ਮੁੱਢਲੀਆਂ ਸਹੂਲਤਾਂ ਤੋਂ ਸੱਖਣਾ ਹੋਵੇਗਾ।ਦੇਸ ਦੇ 640 ਜ਼ਿਲ੍ਹਿਆਂ ਵਿੱਚ ਕਰਵਾਈ ਗਈ ਇਸ ਜਨਗਣਨਾ ਵਿੱਚ ਭਾਰਤ ਦੇ ਪੇਂਡੂ ਖੇਤਰ ਦੀ ਬੇਹੱਦ ਮਾੜੀ ਤਸਵੀਰ ਸਾਹਮਣੇ ਆਈ ਹੈ। ਵਿਕਾਸ ਦੇ ਮਾਮਲੇ ਵਿੱਚ ਇੰਡੀਆ ਯਾਨਿ ਸ਼ਹਿਰੀ ਭਾਰਤ ਅਤੇ ਭਾਰਤ ਯਾਨਿ ਪਿੰਡਾਂ ਦੇ ਭਾਰਤ ਦੇ ਵਿਕਾਸ ਵਿੱਚ ਵੱਡੀ ਖਾਈ ਨਜ਼ਰ ਆ ਰਹੀ ਹੈ।ਭਾਰਤ ਦੇ ਪਿੰਡਾਂ ਦੀ ਅੱਧੀ ਤੋਂ ਜ਼ਿਆਦਾ ਅਬਾਦੀ ਅੱਜ ਵੀ ਖੇਤੀਬਾੜੀ ਜਾਂ ਮਿਹਨਤ ਮਜ਼ਦੂਰੀ ਤੇ ਨਿਰਭਰ ਹੈ।ਪਿੰਡਾਂ ਵਿੱਚ ਮਜ਼ਦੂਰੀ ਕਰਨ ਵਾਲੇ ਲੋਕਾਂ ਵਿੱਚੋਂ ਵੀ ਹਰ ਤੀਸਰਾ ਪਰਿਵਾਰ ਭੂਮੀਹੀਨ ਹੈ ਜਿਨ੍ਹਾਂ ਨੂੰ ਕੇਵਲ ਫ਼ਸਲਾਂ ਦੇ ਸੀਜਨ ਦੌਰਾਨ ਹੀ ਕੰਮ ਮਿਲਦਾ ਹੈ।ਵਿਕਾਸ ਦੇ ਨਾਮ ਤੇ ਅੱਜ ਵਿੱਚ ਪੇਂਡੂ ਭਾਰਤ ਵਿੱਚ ਬਿਹਤਰ ਸਕੂਲ,ਸਿਹਤ ਸਹੂਲਤਾਂ ਅਤੇ ਹੋਰ ਮੁੱਢਲੀਆ ਸਹੂਲਤਾ ਦੀ ਭਾਰੀ ਕਮੀ ਹੈ।ਪੇਂਡੂ ਭਾਰਤ ਵਿੱਚ ਰੁਜ਼ਗਾਰ ਦੀ ਹਾਲਤ ਤਾਂ ਹੋਰ ਵੀ ਬਦਤਰ ਹੈ।ਸਰਕਾਰ ਵਲੋਂ ਦੇਸ ਦੇ ਵਿਕਾਸ ਨੂੰ ਗਤੀ ਦੇਣ ਲਈ ਸੰਨ 1991 ਵਿੱਚ ਆਰਥਿਕ ਉਦਾਰੀਕਰਨ ਦੀ ਨੀਤੀ ਲਾਗੂ ਕੀਤੀ ਗਈ

ਜਗਤਾਰ ਸਮਾਲਸਰ
094670-95953



ਸੀ ਪਰ ਇਹ ਨੀਤੀ ਲਾਗੂ ਕਰਨ ਦੇ ਕਰੀਬ ਤਿੰਨ ਦਹਾਕੇ ਬਾਅਦ ਵੀ ਅੱਜ ਵਿਕਾਸ ਪੱਖੋਂ ਪਿੰਡਾਂ ਦੀ ਅਤਿ ਮਾੜੀ ਹਾਲਤ ਵੇਖਕੇ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਸਰਕਾਰ ਦੀਆ ਅਜਿਹੀਆਂ ਨੀਤੀਆਂ ਗਰਾਊਂਡ ਪੱਧਰ ਤੇ ਕਿੰਨੀਆ ਕੁ ਸਾਰਥਿਕ ਸਿੱਧ ਹੋ ਰਹੀਆ ਹਨ।ਇਸ ਰਿਪੋਰਟ ਤੋਂ ਇਹ ਪੂਰੀ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਭਾਰਤ ਦੇ ਪਿੰਡ ਅੱਜ ਵੀ ਆਰਥਿਕ ਉਦਾਰੀਕਰਨ ਦਾ ਲਾਭ ਲੈਣ ਤੋਂ ਪੂਰੀ ਤਰ੍ਹਾਂ ਪਿਛੜੇ ਹੋਏ ਹਨ ਜਦੋਂਕਿ ਸ਼ਹਿਰਾਂ ਵਿੱਚ ਇਸਦਾ ਪੂਰਾ ਲਾਭ ਮਿਲਿਆ ਹੈ।ਭਾਰਤ ਦੀ ਵੱਡੀ ਪੇਂਡੂ ਅਬਾਦੀ ਵਿੱਚੋਂ ਕੇਵਲ ਢਾਈ ਕਰੋੜ ਪਰਿਵਾਰਾਂ ਦੇ ਹੀ ਸਾਂਝੇ ਜਾਂ ਨਿੱਜੀ ਸੰਗਠਨਾਂ ਨਾਲ ਜੁੜੇ ਹੋਣ ਦਾ ਸਬੂਤ ਮਿਲਦਾ ਹੈ।ਅੱਜ ਇੱਕ ਪਾਸੇ ਤਾਂ ਸਰਕਾਰ ਵਲੋਂ ਡਿਜੀਟਲ ਇੰਡੀਆ ਦਾ ਨਾਅਰਾ ਬੁਲੰਦ ਕੀਤਾ ਜਾ ਰਿਹਾ ਹੈ ਜਦੋਂਕਿ ਦੂਜੇ ਪਾਸੇ ਭਾਰਤ ਦੀ ਪਿੰਡਾਂ ਦੀ ਅਬਾਦੀ ਵਿੱਚ ਰਹਿ ਰਿਹਾ ਕਿਸਾਨ ਅਤੇ ਮਜ਼ਦੂਰ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਦੋ ਡੰਗ ਦੀ ਰੋਟੀ ਤੋਂ ਮੁਥਾਜ ਹੋ ਰਿਹਾ ਹੈ।ਖੇਤੀ ਪੂਰੀ ਤਰ੍ਹਾਂ ਘਾਟੇ ਦਾ ਸੌਦਾ ਸਾਬਤ ਹੋ ਰਹੀ ਹੈ ਜਿਸ ਕਾਰਨ ਭਾਰਤ ਦੀ ਬਹੁਤੀ ਅਬਾਦੀ ਨੂੰ ਭਾਰੀ ਮੁਸ਼ਕਲਾਂ ਦੇ ਦੌਰ ਵਿੱਚੋਂ ਨਿਕਲਣਾ ਪੈ ਰਿਹਾ ਹੈ।ਜੇਕਰ ਅੰਕੜਿਆਂ ਵੱਲ ਧਿਆਨ ਮਾਰੀਏ ਤਾਂ ਦੇਸ ਦੇ 11 ਪ੍ਰਤੀਸ਼ਤ ਪੇਂਡੂ ਪਰਿਵਾਰ ਅੱਜ ਵੀ ਘੋਰ ਮੁਸੀਬਤ ਵਿੱਚ ਅਪਣਾ ਜੀਵਨ ਗੁਜ਼ਾਰਾ ਕਰ ਰਹੇ ਹਨ। ਮੋਬਾਇਲ ਨੇ ਜਰੂਰ ਪੇਂਡੂ ਭਾਰਤ ਨੂੰ ਡਿਜੀਟਲ ਇੰਡੀਆ ਵਿੱਚ ਤਬਦੀਲ ਕਰਨ ਦਾ ਯਤਨ ਕੀਤਾ ਹੈ।ਜਨਗਣਨਾ ਅਨੁਸਾਰ ਮੋਬਾਇਲ ਫੋਨ ਦੇ ਮਾਮਲੇ ਵਿੱਚ ਹਰਿਆਣਾ ਪ੍ਰਦੇਸ਼ ਸਭ ਤੋਂ ਅੱਗੇ ਹੈ ਜਦੋਂਕਿ ਉੱਤਰ ਪ੍ਰਦੇਸ਼ ਦੂਜੇ ਸਥਾਨ ਤੇ ਹੈ।ਜੇਕਰ ਵਾਹਨਾਂ ਦੀ ਗੱਲ ਕਰੀਏ ਤਾਂ ਪਿੰਡਾਂ ਵਿੱਚ 20,69 ਪ੍ਰਤੀਸ਼ਤ ਲੋਕਾਂ ਕੋਲ ਅੱਜ ਵੀ ਕੋਈ ਵਾਹਨ ਨਹੀ ਹੈ। ਭਾਵੇ ਸਮੇ ਦੀਆ ਸਰਕਾਰਾਂ ਵਲੋਂ ਭਾਰਤ ਦੇ ਪਿੰਡਾਂ ਵਿੱਚ ਵੀ ਸਮਾਨ ਵਿਕਾਸ ਕਰਵਾਏ ਜਾਣ ਦੇ ਦਾਅਵੇ ਕੀਤੇ ਜਾਦੇ ਰਹੇ ਹਨ ਪਰ ਜਨਗਣਨਾ ਦੀ ਰਿਪੋਰਟ ਤੇ ਨਿਗ੍ਹਾਂ ਮਾਰਦਿਆ ਇਹ ਤੱਥ ਬਿਲਕੁਲ ਹੀ ਨਿਰ-ਆਧਾਰ ਨਜ਼ਰ ਆ ਰਹੇ ਹਨ। ਜਨਗਣਨਾ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਕੁੱਲ 24,39 ਕਰੋੜ ਪਰਿਵਾਰ ਹਨ ਜਿਨ੍ਹਾਂ ਵਿੱਚੋਂ 17,91 ਕਰੋੜ ਪਰਿਵਾਰ ਪਿੰਡਾਂ ਵਿੱਚ ਰਹਿੰਦੇ ਹਨ। ਇਨ੍ਹਾਂ ਪਰਿਵਾਰਾਂ ਵਿੱਚੋਂ 10 ਕਰੋੜ ਲੋਕ ਸਿੱਖਿਆ ਤੋਂ ਵਾਂਝੇ ਹਨ ਜਦੋਂਕਿ 23,52 ਫੀਸਦੀ ਪਰਿਵਾਰਾਂ ਵਿੱਚ 25 ਸਾਲ ਤੋਂ ਜ਼ਿਆਦਾ ਉਮਰ ਦੇ ਲੋਕ ਅਨਪੜ੍ਹ ਹਨ।ਕਰੀਬ 30 ਫੀਸਦੀ ਪਰਿਵਾਰਾਂ ਕੋਲ ਜ਼ਮੀਨ ਨਹੀ ਹੈ ਅਤੇ ਕਰੀਬ 52 ਫੀਸਦੀ ਪਰਿਵਾਰ ਦਿਹਾੜੀ-ਮਜ਼ਦੂਰੀ ਤੇ ਨਿਰਭਰ ਹਨ। ਭਾਵੇ ਅੱਜ ਅਸੀ ਇੱਕ ਆਰਥਿਕ ਮਹਾਂ-ਸ਼ਕਤੀ ਬਣਨ ਬਾਰੇ ਸੋਚ ਰਹੇ ਹਾਂ ਪਰ ਅੱਜ ਵੀ ਦੇਸ ਦੇ ਕਰੀਬ 45 ਲੱਖ ਪਰਿਵਾਰ ਦੂਜਿਆਂ ਦੇ ਘਰਾਂ ਵਿੱਚ ਕੰਮ ਕਰਕੇ ਆਪਣਾ ਨਿਰਬਾਹ ਕਰ ਰਹੇ ਹਨ।ਦੇਸ ਵਿੱਚ ਚਾਰ ਲੱਖ ਪਰਿਵਾਰ ਕਚਰਾ ਇੱਕਠਾ ਕਰਕੇ ਅਤੇ ਛੇ ਲੱਖ ਪਰਿਵਾਰ ਭੀਖ ਮੰਗਕੇ ਆਪਣਾ ਜੀਵਨ ਚਲਾ ਰਹੇ ਹਨ।ਸਭ ਤੋਂ ਹੈਰਾਨ ਕਰਨ ਵਾਲਾ ਅੰਕੜਾ ਇਹ ਹੈ ਕਿ ਕੁੱਲ ਪੇਂਡੂ ਪਰਿਵਾਰਾਂ ਦਾ ਕੇਵਲ 30 ਫੀਸਦੀ ਹਿੱਸਾ ਹੀ ਖੇਤੀਬਾੜੀ ਤੇ ਨਿਰਭਰ ਹੈ। ਜਿਸਤੋਂ ਸਪੱਸ਼ਟ ਹੈ ਕਿ ਹੁਣ ਪਿੰਡਾਂ ਵਿੱਚ ਵੀ ਲੋਕਾਂ ਦੀ ਖੇਤੀਬਾੜੀ ਤੇ ਨਿਰਭਰਤਾ ਦਿਨੋ-ਦਿਨ ਘੱਟ ਰਹੀ ਹੈ। ਇਨ੍ਹਾਂ ਅੰਕੜਿਆਂ ਤੇ ਗੰਭੀਰਤਾ ਨਾਲ ਧਿਆਨ ਦੇ ਕੇ ਪੇਂਡੂ ਭਾਰਤ ਦੇ 10 ਕਰੋੜ ਪਰਿਵਾਰਾਂ ਨੂੰ ਵਿਕਾਸ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਦੀ ਲੋੜ ਹੈ। ਜਿਸ ਦੇਸ ਦੀ 70 ਪ੍ਰਤੀਸ਼ਤ ਅਬਾਦੀ ਪਿੰਡਾਂ ਵਿੱਚ ਨਿਵਾਸ ਕਰਦੀ ਹੋਵੇ ਉਸ ਮੁਲਕ ਵਿੱਚ ਇਨ੍ਹਾਂ ਲੋਕਾਂ ਦਾ ਵਿਕਾਸ ਕੀਤੇ ਬਿਨਾਂ ਭਾਰਤ ਨੂੰ ਡਿਜੀਟਲ ਇੰਡੀਆ ਬਣਾਏ ਜਾਣ ਦੀਆ ਗੱਲਾਂ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਰਹਿਣਗੀਆ।ਪਿੰਡਾਂ ਦੇ ਵਿਕਾਸ ਵਿੱਚ ਭ੍ਰਿਸ਼ਟਾਚਾਰੀ ਤੰਤਰ ਵੀ ਵੱਡਾ ਰੋੜਾ ਅਟਕਾ ਰਿਹਾ ਹੈ ਅਤੇ ਅਫ਼ਸਰਸ਼ਾਹੀ ਦੀ ਕੋਈ ਜਵਾਬਦੇਹੀ ਨਾ ਹੋਣਾ ਵੀ ਪਿੰਡਾਂ ਦੇ ਵਿਕਾਸ ਨੂੰ ਖੋਰਾ ਲਾ ਰਿਹਾ ਹੈ। ਅੱਜ ਲੋੜ ਹੈ ਭਾਰਤ ਦੇ ਪਿੰਡਾਂ ਦੇ ਵਿਕਾਸ ਵੱਲ ਉਚੇਚੇ ਤੌਰ ਤੇ ਧਿਆਨ ਦਿੱਤੇ ਜਾਣ ਦੀ ਤਾਂ ਕਿ ਸਾਰਾ ਭਾਰਤ ਇੰਡੀਆ ਬਣ ਸਕੇ।

# ਸਫਲ ਸੋਚ ਦੇ ਹਾਣੀ ਬਣੋ



ਸਫਲਤਾ ਮਨੁੱਖ ਦੇ ਦਿਮਾਗ਼ ਦੇ ਆਕਾਰ ਉੱਤੇ ਨਿਰਭਰ ਨਹੀਂ ਕਰਦੀ ਸਗੋਂ ਵਿਚਾਰਾਂ ਦੀ ਵਿਸ਼ਾਲਤਾ ਉੱਤੇ ਨਿਰਭਰ ਕਰਦੀ ਹੈ।ਮਨੁੱਖ ਸਫਲ ਉਦੋਂ ਹੁੰਦਾ ਹੈ ਜਦੋਂ ਉਸ ਦੇ ਹਸਤਾਖਰ ਆਟੋਗ੍ਰਾਫ ਬਣ ਜਾਣ। ਸਫਲਤਾ ਤੋਂ ਭਾਵ ਹੈ ਅਨੋਖਾ, ਅਦਭੁੱਤ, ਹਾਂ-ਪੱਖੀ ਵਰਤਾਰਾ, ਨਵੇਂ ਕਾਰਜਾਂ ਵੱਲ ਰੁਚੀ, ਵਿੱਤੀ ਸੁਰੱਖਿਆ ਅਤੇ ਨਵੀਂ ਪੀੜ੍ਹੀ ਨੂੰ ਵਿਕਸਿਤ ਸੋਚ ਵੱਲ ਤੋਰਨਾ ਆਦਿ। ਸਫਲਤਾ ਦੇ ਹੋਰ ਵੀ ਕਈ ਪਹਿਲੂ ਹਨ ਜਿਵੇਂ ਦੂਸਰਿਆਂ ਦੀ ਪ੍ਰਸ਼ੰਸਾ ਦੇ ਪਾਤਰ ਬਣਨਾ, ਚੰਗੀ ਅਗਵਾਈ ਦੇ ਮਾਲਕ ਬਣਨਾ ਅਤੇ ਵਪਾਰਕ ਤੇ ਸਮਾਜਿਕ ਖੇਤਰ ਵਿੱਚ ਦੂਸਰਿਆਂ ਦੀ ਨੇੜਤਾ ਦੇ ਪਾਤਰ ਬਣਨਾ।ਸਫਲਤਾ ਨਾਂ ਹੈ ਚਿੰਤਾ, ਡਰ, ਨਿਰਾਸ਼ਾ ਤੇ ਅਸਫਲਤਾ ਤੋਂ ਮੁਕਤੀ ਦਾ, ਜੀਵਨ ਵਿੱਚ ਸ੍ਵੈ-ਸਤਿਕਾਰ, ਹਕੀਕੀ ਖ਼ੁਸ਼ੀ ਦੀ ਪ੍ਰਾਪਤੀ ਤੇ ਸੰਤੁਸ਼ਟੀ ਦਾ। ਇਸ ਤੋਂ ਵੀ ਦੋ ਕਦਮ ਅੱਗੇ ਹੈ ਆਪਣੇ ਨਾਲ ਜੁੜੇ ਮਨੁੱਖਾਂ ਲਈ ਕੁਝ ਚੰਗਾ ਕਰ ਗੁਜ਼ਰਨਾ, ਸਫਲਤਾ ਨਾਂ ਹੈ ਜਿੱਤ ਦਾ, ਜੀਵਨ ਵਿੱਚ ਟੀਚਾ ਮਿੱਥ ਕੇ ਉਸ ਦੀ ਪ੍ਰਾਪਤੀ ਦਾ। ਸਫਲਤਾ ਦੀ ਪਹਿਲੀ ਪੌੜੀ ‘ਤੇ ਕਦਮ ਰੱਖਣ ਲਈ ਪਹਿਲਾ ਗੁਰ ਹੈ ਸ੍ਵੈ-ਵਿਸ਼ਵਾਸ, ਭਰੋਸਾ, ਅਡੋਲਤਾ। ਜੇ ਮਨੁੱਖ ਵਿੱਚ ਅਡਿੱਗ ਸ੍ਵੈ-ਵਿਸ਼ਵਾਸ ਹੈ ਤਾਂ ਉਹ ਪਰਬਤ ਨੂੰ ਵੀ ਹਿਲਾ ਸਕਦਾ ਹੈ। ਜੇ ਇਹ ਸੋਚ ਕੇ ਕੋਈ ਕਦਮ ਚੱਕਿਆ ਜਾਏ ‘ਮੈਂ ਇਹ ਯਕੀਨਨ ਕਰ ਸਕਦਾ ਹਾਂ’ ਇਸ ਦ੍ਰਿਸ਼ਟੀਕੋਣ ਰਾਹੀਂ ਹਿੰਮਤ, ਤਾਕਤ ਤੇ ਕਾਰਜਸ਼ੀਲਤਾ ਨੂੰ ਬਲ ਮਿਲਦਾ ਹੈ।ਜੇ ਮਨ ਵਿੱਚ ਪੱਕਾ ਧਾਰ ਲਿਆ ਜਾਏ ਕਿ ਮਿੱਥੇ ਟੀਚੇ ਉੱਤੇ ਹਰ ਹਾਲ ਪੁੱਜਣਾ ਹੈ ਤਾਂ ਕੋਈ ਤਾਕਤ ਨਹੀਂ ਜੋ ਸਫਲਤਾ ਦੇ ਰਾਹ ਵਿੱਚ ਰੋੜਾ ਬਣੇ।ਜਿੰਨੇ ਵੀ ਸਫਲ ਤੇ ਮਹਾਨ ਵਿਅਕਤੀ ਹੋਏ ਹਨ, ਉਨ੍ਹਾਂ ਨੇ ਸਮੱਸਿਆਵਾਂ ਦਾ ਸਾਹਮਣਾ ਕਰਨ ਤੇ ਫ਼ੈਸਲਾ ਲੈਣ ਵਿੱਚ ਕਿਵੇਂ ਸਫਲਤਾ ਹਾਸਲ ਕੀਤੀ ਹੋਵੇਗੀ ? ਉਨ੍ਹਾਂ ਦੇ ਅੰਤਰਮਨ ਵਿੱਚ ਸ੍ਵੈ-ਵਿਸ਼ਵਾਸ ਦੀ ਭਾਵਨਾ ਹਾਵੀ ਹੋਵੇਗੀ ‘ਮੈਂ ਇਹ ਕੰਮ ਕਰਨਾ ਹੈ ਤੇ ਕਰ ਸਕਦਾ ਹਾਂ’ ਅਰਥਾਤ ਸ੍ਵੈ-ਵਿਸ਼ਵਾਸ, ਦ੍ਰਿੜ ਇਰਾਦਾ ਹੀ ਮਨ ਤੇ ਸਮਰੱਥਾ ਨੂੰ ਸਫਲਤਾ ਵੱਲ ਲੈ ਕੇ ਜਾਂਦਾ ਹੈ। ਜਿਸ ਮਨੁੱਖ ਵਿੱਚ ਇਹ ਭਾਵਨਾ ਨਹੀਂ ਹੁੰਦੀ, ਉਸ ਨੂੰ ਸਫਲਤਾ ਦੀ ਆਸ ਰੱਖਣੀ ਬੇਕਾਰ ਹੈ। ਬਹੁਤੇ ਕੇਸਾਂ ਵਿੱਚ ਮਹਾਨ ਤੇ ਸੰਸਾਰ ਪ੍ਰਸਿੱਧ ਸਾਹਿਤ, ਕਲਾ, ਖੋਜਾਂ, ਧਰਮਾਂ

ਡਾ. ਜਗਦੀਸ਼ ਕੌਰ ਵਾਡੀਆ



ਤੇ ਸੰਗਠਨਾਂ ਪਿੱਛੇ ਚੰਗੇ ਨਤੀਜਿਆਂ ਵਿੱਚ ਵਿਸ਼ਵਾਸ ਹੀ ਵੱਡੀ ਸਥਾਪਤ ਤਾਕਤ ਹੁੰਦੀ ਹੈ ਦੂਸਰਾ ਵੱਡਾ ਗੁਰ ਹੈ ਜਿੱਤ ਬਾਰੇ ਸੋਚੋ ਨਾ ਕਿ ਸ਼ੰਕਾ ਵਿੱਚ ਰਹਿ ਕੇ ਅਸਫਲਤਾ ਦਾ ਮੂੰਹ ਵੇਖੋ। ਸਫਲ ਵਿਅਕਤੀਆਂ ਦੇ ਜੀਵਨ ਬਾਰੇ ਪੜ੍ਹੋ, ਉਨ੍ਹਾਂ ਦੇ ਅਨੁਭਵਾਂ ਤੋਂ ਸਬਕ ਸਿੱਖੋ, ਡੂੰਘਾਈ ਵਿੱਚ ਜਾ ਕੇ ਉਨ੍ਹਾਂ ਕਾਰਨਾਂ ਨੂੰ ਪਰਖੋ। ਜਦੋਂ ਅਸਫਲਤਾ ਦਾ ਸਾਹਮਣਾ ਕਰਨਾ ਪਿਆ, ਅਜਿਹਾ ਕਿਉਂ ਹੋਇਆ ਤੇ ਕਿਵੇਂ ਹੋਇਆ, ਬਾਰੇ ਜ਼ਰੂਰ ਵਿਚਾਰ ਕਰੋ ਤਾਂ ਕਿ ਮੌਜੂਦਾ ਪ੍ਰਸਥਿਤੀਆਂ ਵਿੱਚ ਉਨ੍ਹਾਂ ਨੂੰ ਸੁਧਾਰਿਆ ਜਾ ਸਕੇ।ਹਰ ਵਿਅਕਤੀ ਆਪਣੇ ਵਿਚਾਰਾਂ ਸਦਕਾ ਸਫਲ ਜਾਂ ਅਸਫਲ ਹੁੰਦਾ ਹੈ। ਪਹਿਲਾ ਕਦਮ ਸ੍ਵੈ-ਵਿਸ਼ਵਾਸ ਤੇ ਦ੍ਰਿੜ ਇਰਾਦੇ ਨਾਲ ਚੁੱਕਣ ਦੀ ਲੋੜ ਹੈ, ਇਹੀ ਜ਼ਮੀਨੀ ਹਕੀਕਤ ਹੈ ਜਦੋਂ ਕੁਝ ਚੰਗਾ ਵਾਪਰਨਾ ਸ਼ੁਰੂ ਹੋ ਸਕਦਾ ਹੈ।ਮਨੁੱਖੀ ਮਨ ਵਿਚਾਰਾਂ ਦੀ ਫੈਕਟਰੀ ਹੈ, ਜੇ ਸਿਗਨਲ ਹਾਂ-ਪੱਖੀ ਹੋਵੇਗਾ ਤਾਂ ਸਫਲਤਾ ਯਕੀਨੀ ਹੈ। ਪਰ ਯਾਦ ਰਹੇ ਜਦੋਂ ਵੀ ਕੋਈ ਚੰਗਾ ਵਿਚਾਰ ਮਨ ਦੇ ਦਰਵਾਜ਼ੇ, ਦਿਮਾਗ਼ ਦੇ ਦਰ ‘ਤੇ ਦਸਤਕ ਦੇਵੇ ਉਸ ਨੂੰ ਉਸੇ ਵੇਲੇ ਸੰਭਾਲ ਲਓ। ਵਿਸ਼ਵਾਸ ਦੀ ਤਾਕਤ ਵਿਕਸਤ ਹੀ ਤਾਂ ਹੁੰਦੀ, ਜੇ ਸਫਲਤਾ ਬਾਰੇ ਸੋਚਾਂਗੇ।ਅਕਸਰ ਅਸੀਂ ਵੇਖਦੇ ਹਾਂ ਕਿ ਜਦੋਂ ਕੋਈ ਵਿਅਕਤੀ ਅਸਫਲ ਹੁੰਦਾ ਹੈ ਤਾਂ ਉਹ ਕਈ ਤਰ੍ਹਾਂ ਦੇ ਬਹਾਨੇ ਬਣਾਉਣ ਲੱਗ ਪੈਂਦਾ ਹੈ। ਬਹੁਤੇ ਲੋਕ ਆਪਣੀ ਕਿਸਮਤ ਨੂੰ ਹੀ ਦੋਸ਼ ਦੇਈ ਜਾਂਦੇ ਹਨ ਜਾਂ ਫਿਰ ਦੂਸਰੇ ਦੇ ਦਿਮਾਗ਼ ਨੂੰ ਤੇਜ਼ ਤੇ ਆਪਣੇ ਆਪ ਨੂੰ ਕਮਜ਼ੋਰ ਦਿਮਾਗ਼ ਵਾਲਾ ਕਹਿਣਾ ਸ਼ੁਰੂ ਕਰ ਦਿੰਦੇ ਹਨ।ਜਦੋਂ ਕਿ ਉਨ੍ਹਾਂ ਵਿੱਚ ਸ੍ਵੈ-ਵਿਸ਼ਵਾਸ ਦੀ ਘਾਟ ਹੁੰਦੀ ਹੈ ਜਾਂ ਫਿਰ ਸਖ਼ਤ ਮਿਹਨਤ ਕਰਨ ਤੋਂ ਡਰਦੇ ਹਨ। ਇਹੋ ਜਿਹੇ ਮਾੜੇ ਵਿਚਾਰ ਉਨ੍ਹਾਂ ਦੀ ਸ਼ਖ਼ਸੀਅਤ ਉੱਤੇ ਹਾਵੀ ਹੋ ਜਾਂਦੇ ਹਨ।ਅਜਿਹੇ ਸਮੇਂ ਲੋੜ ਹੁੰਦੀ ਹੈ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਦੀ ਕਿ ਉਹ ਸਰੀਰ ਪੱਖੋਂ ਤੰਦਰੁਸਤ ਹਨ, ਇਹ ਸੋਚਣ ਦੀ ਕਿ ਉਹ ਡਟ ਕੇ ਮਿਹਨਤ ਕਰਕੇ ਨਵੇਂ ਸਿਰੇ ਤੋਂ ਜ਼ੋਰ-ਸ਼ੋਰ ਨਾਲ ਹੰਭਲਾ ਮਾਰਨ, ਕਾਰਜਸ਼ੀਲ ਹੋਣ। ਸਫਲਤਾ ਲਈ ਤਾਂ ਸਾਕਾਰਾਤਮਕ, ਆਸ਼ਾਵਾਦੀ ਤੇ ਸਹਿਯੋਗੀ ਦ੍ਰਿਸ਼ਟੀਕੋਣ ਰੱਖਣ ਦੀ ਲੋੜ ਹੁੰਦੀ ਹੈ। ਆਪਣੇ ਪ੍ਰਤੀ ਨਾਕਾਰਾਤਮਕ ਸੋਚ ਰੱਖਣੀ ਅਸਫਲਤਾ ਦੀ ਪਹਿਲੀ ਨਿਸ਼ਾਨੀ ਹੈ ਜਿਵੇਂ ਕਿ ਦਿਮਾਗ਼ ਕਮਜ਼ੋਰ ਜਾਂ ਪੜ੍ਹਾਈ ਦੀ ਘਾਟ। ਵਿਦਿਆ, ਦਿਮਾਗ਼ ਤੇ ਗਿਆਨ ਤਾਂ ਹੀ ਤਾਕਤ ਬਣਦੇ ਹਨ, ਜੇ ਸੋਚ ਉਸਾਰੂ ਤੇ ਹਾਂ-ਪੱਖੀ ਹੋਵੇਗੀ। ਆਪਣੇ ਦਿਮਾਗ਼ ਨੂੰ ਉਸਾਰੂ ਤੇ ਉਚੇਰੇ ਵਿਚਾਰ ਪੈਦਾ ਕਰਨ ਤੇ ਵਿਕਸਿਤ ਕਰਨ ਵੱਲ ਲਾਉਣ ਦੀ ਲੋੜ ਹੁੰਦੀ ਹੈ।ਕੰਮ ਕਰਨ ਲਈ ਉਮਰ ਦਾ ਕੋਈ ਤਕਾਜ਼ਾ ਜਾਂ ਸਮਰੱਥਾ ਨਾਲ ਬਹੁਤਾ ਸਬੰਧ ਨਹੀਂ, ਸਗੋਂ ਨਜ਼ਰੀਆ ਹੀ ਹੁੰਦਾ ਹੈ ਜੋ ਉਸਾਰੂ ਵੀ ਹੋ ਸਕਦਾ ਹੈ ਤੇ ਢਾਊ ਵੀ।ਬੀਤੇ ਬਾਰੇ ਸੋਚ ਕੇ ਝੂਰਨ ਦੀ ਬਜਾਏ ਵਰਤਮਾਨ ਵਿੱਚ ਜਿਉਣ ਤੇ ਭਵਿੱਖ ਨੂੰ ਹੋਰ ਆਨੰਦਮਈ ਬਣਾਉਣ ਵੱਲ ਰੁਚੀ ਰੱਖਣੀ ਜ਼ਰੂਰੀ ਹੈ।ਕਾਰਜਸ਼ੀਲਤਾ ਮਨੁੱਖ ਨੂੰ ਚਿੰਤਾ ਤੋਂ ਮੁਕਤ ਰੱਖਦੀ ਹੈ।ਲੋੜ ਹੈ ਆਪਣੀ ਯਾਦਾਸ਼ਤ ਦੇ ਬੈਂਕ ਵਿੱਚ ਸਾਕਾਰਾਤਮਕ ਵਿਚਾਰ ਜਮ੍ਹਾਂ ਕਰਨ ਤੇ ਉਸੇ ਸੋਚ ਨੂੰ ਅਮਲੀ ਰੂਪ ਦੇਣ ਦੀ। ਦੂਸਰੇ ਵਿਅਕਤੀ ਵੀ ਸਾਡੇ ਜਿਹੇ ਹੀ ਹੁੰਦੇ ਹਨ, ਉਨ੍ਹਾਂ ਬਾਰੇ ਸੰਤੁਲਿਤ ਵਿਚਾਰ ਰੱਖਣੇ ਤੇ ਸਹੀ ਸੋਚ ਦਾ ਰਵੱਈਆ ਰੱਖਣਾ ਵੀ ਜ਼ਰੂਰੀ ਹੁੰਦਾ ਹੈ।ਸਭ ਤੋਂ ਮਹਤੱਵਪੂਰਨ ਗੱਲ ਹੈ ਆਪਣੇ ਆਪ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਕਿਸੇ ਸਭਾ, ਸੁਸਾਇਟੀ ਜਾਂ ਇਕੱਤਰਤਾ ਸਮੇਂ ਹਮੇਸ਼ਾਂ ਅੱਗੇ ਬੈਠਣ ਦਾ ਯਤਨ ਕਰੀਏ, ਇਸ ਨਾਲ ਸਵੈ ਵਿਸ਼ਵਾਸ ਵਧਦਾ ਹੈ।ਕਿਸੇ ਵੀ ਸਮਾਗਮ ਜਾਂ ਮੀਟਿੰਗ ਦੌਰਾਨ ਖੁੱਲ੍ਹ ਕੇ ਗੱਲ ਕਰਨ ਦੀ ਆਦਤ ਪਾਈਏ, ਮਨ ਦੀ ਗੱਲ ਕਹਿਣ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ।ਹੱਸਣਾ ਵੀ ਖੁੱਲ੍ਹ ਕੇ ਚਾਹੀਦਾ ਹੈ, ਮੁਸਕਰਾਹਟ ਜਾਂ ਹਾਸਾ ਸਵੈ ਵਿਸ਼ਵਾਸ਼ ਲਈ ਵਧੀਆ ਟੌਨਿਕ ਹੈ। ਇਸ ਨਾਲ ਮਨ ਦੀ ਗੱਲ ਵੀ ਧੁਪ ਜਾਂਦੀ ਹੈ ਤੇ ਸਾਹਮਣੇ ਬੈਠਾ ਦੋਸਤ ਮਿੱਤਰ ਜਾਂ ਭੈਣ-ਭਰਾ ਬਹੁਤੀ ਦੇਰ ਨਾਰਾਜ਼ ਵੀ ਨਹੀਂ ਰਹਿੰਦਾ।ਇਹ ਸਾਰੇ ਪਹਿਲੂ ਸ.ਫਲ ਸੋਚ ਦਾ ਧਾਰਨੀ ਬਣਨ ਵਿੱਚ ਸਹਾਈ ਹੁੰਦੇ ਹਨ ਤੇ ਸਮਾਜ ਵਿੱਚ ਸਤਿਕਾਰਯੋਗ ਸਥਾਨ ਬਣਾਉਣ ਵਿੱਚ ਵੀ।

**ਪੁਲਿਸ ਨੂੰ ਗੱਲ ਅਜੀਬ ਲੱਗੀ। ਪੁਲਿਸ ਪੂਰਾ ਲਾਮ ਲਸ਼ਕਰ ਲੈ ਕੇ ਆਨੰਦ ਦੇ ਘਰ ਗਈ। ਪੜੌਸੀਆਂ ਦੀ ਮੌਜੂਦਗੀ ਵਿੱਚ ਦਰਵਾਜ਼ੇ ਦਾ ਜਿੰਦਰਾ ਖੋਲ੍ਹਿਆ ਅਤੇ ਮਕਾਨ ਤੋਂ ਬਦਬੂ ਆ ਰਹੀ ਸੀ। ਪਰ ਲਾਸ਼ ਕਿਤੇ ਨਾ ਮਿਲੀ। ਲਾਸ਼ ਮਕਾਨ ਦੇ ਪਿੱਛੇ ਸੈਪਟਿਕ ਟੈਂਕ ਵਿੱਚ ਮਿਲੀ। ਲਾਸ਼ ਸੜ ਚੁੱਕੀ ਸੀ। ਲਾਸ਼ ਦੀ ਸ਼ਨਾਖਤ ਪਿੰਡ ਵਾਲਿਆਂ ਨੇ ਕਰ ਦਿੱਤੀ। ਅੰਨਪੂਰਣਾ ਨੇ ਜੋ ਕਹਾਣੀ ਬਿਆਨ ਕੀਤੀ, ਉਹ ਬੇਹੱਦ ਹੀ ਖੌਫ਼ਨਾਕ ਹੈ।**

# ਜਿਸਮ ਦੀ ਭੁੱਖ ਨੇ ਕਰਵਾਇਆ ਪਤੀ ਦਾ ਕਤਲ



ਪੂਨਾ ਤੋਂ ਗੱਡੀ ਚੱਲੀ, ਤਾਂ ਆਨੰਦ ਦੀਆਂ ਕਲਪਨਾਵਾਂ ਨੂੰ ਪਰ ਲੱਗ ਗਏ। ਪਰਦੇਸ ਵਿੱਚ ਰਹਿ ਕੇ ਕਮਾਉਣ ਵਾਲਾ ਅਰਸੇ ਬਾਅਦ ਜਦੋਂ ਘਰ ਜਾਂਦਾ ਹੈ ਤਾਂ ਅਜਿਹਾ ਹੀ ਹੁੰਦਾ ਹੈ। ਆਨੰਦ ਵੀ ਸੁਪਨੇ ਲੈ ਰਿਹਾ ਸੀ। ਆਨੰਦ ਨੇ ਆਪਣੇ ਬਾਰੇ ਸੋਚਿਆ- ਮੈਂ ਵੀ ਤਾਂ ਕਰਨ ਨੂੰ ਘੱਟ ਯਾਦ ਨਹੀਂ ਕਰਦਾ। ਸ਼ਾਇਦ ਹੀ ਕੋਈ ਪਲ ਅਜਿਹਾ ਹੋਵੇ ਜਦੋਂ ਉਸਨੂੰ ਯਾਦ ਨਾ ਕਰਦਾ ਹੋਵਾਂ।ਘਰ ਪਹੁੰਚ ਕੇ ਮੈਂ ਕਰਨ ਨੂੰ ਇੰਨਾ ਪਿਆਰ ਕਰਾਂਗਾ ਕਿ ਬੀਤੇ ਛੇ ਮਹੀਨੇ ਦੀ ਕਸਰ ਪੂਰੀ ਹੋ ਜਾਵੇਗੀ।

ਜ਼ਿਲ੍ਹਾ ਨਦੀਆ (ਪੱਛਮੀ ਬੰਗਾਲ) ਵਿੱਚ ਹਬੀਬਪੁਰ ਰੇਲਵੇ ਸਟੇਸ਼ਨ ਨਾਲ ਲੱਗਿਆ ਹੋਇਆ ਇੱਕ ਇਲਾਕਾ ਹੈ ਪਾਨਪਾੜਾ। 47 ਸਾਲਾ ਆਨੰਦ ਹਲਦਰ ਇੱਥੇ ਹੀ ਰਹਿੰਦਾ ਸੀ। ਉਸਦੀ ਮਾਂ ਦਾ ਨਾਂ ਸਾਬੋਲੀ ਅਤੇ ਪਿਤਾ ਦਾ ਨਾਂ ਹਰਿਪਦੋ ਹਲਦਰ ਸੀ। ਆਨੰਦ ਦਾ ਇੱਕ ਵੱਡਾ ਭਰਾ ਵੀ ਸੀ ਬਲੋਰਾਮ ਹਲਦਰ।

ਕਈ ਸਾਲ ਪਹਿਲਾਂ ਆਨੰਦ ਦੇ ਮਾਤਾ-ਪਿਤਾ ਦੀ ਮੌਤ ਹੋ ਗਈ ਸੀ। ਉਦੋਂ ਬਲੋਰਾਮ ਨੇ ਆਨੰਦ ਦੇ ਸਿਰ ਤੇ ਹੱਥ ਰੱਖਿਆ ਸੀ। ਆਪਣੇ ਆਪ ਨੂੰ ਕਦੀ ਅਨਾਥ ਸਮਝਣ ਦੀ ਗਲਤੀ ਨਾ ਕਰਨਾ। ਮਾਤਾ-ਪਿਤਾ ਨਹੀਂ ਰਹੇ ਤਾਂ ਅੱਜ ਤੋਂ ਮੈਂ ਤੇਰੀ ਜ਼ਿੰਮੇਵਾਰੀ ਸੰਭਾਲਦਾ ਹਾਂ।

ਅੱਗੇ ਚੱਲ ਕੇ ਬਲੋਰਾਮ ਨੇ ਪਾਨਪਾੜਾ ਦੀ ਹੀ ਲੜਕੀ ਸ਼ੰਕਰੀ ਨਾਲ ਵਿਆਹ ਕਰਵਾ ਲਿਆ। ਸ਼ੰਕਰੀ ਦੇ ਪਰਿਵਾਰ ਵਿੱਚ ਕੇਵਲ ਉਸਦੀ ਵਿਧਵਾ ਮਾਂ ਅਨੂਪ੍ਰਿਆ ਸੀ। ਅਨੂਪ੍ਰਿਆ ਦੀ ਇੱਕ ਹੋਰ ਲੜਕੀ ਵੀ ਸੀ, ਜਿਸਦਾ ਉਸਨੇ ਵਿਆਹ ਕਰ ਦਿੱਤਾ ਸੀ ਅਤੇ ਉਹ ਸਹੁਰੇ ਵਿੱਚ ਖੁਸ਼ ਸੀ।

ਇਸ ਤੋਂ ਬਾਅਦ ਪਰਿਵਾਰ ਨਾਦੀਆ ਸ਼ਹਿਰ ਪਹੁੰਚ ਗਿਆ। ਆਨੰਦ ਨੇ ਨਾਦੀਆ ਸ਼ਹਿਰ ਵਿੱਚ ਕੁਝ ਛੋਟੇ-ਮੋਟੇ ਕੰਮ ਕੀਤੇ, ਪਰ ਉਹ ਕੰਮ ਉਸਨੂੰ ਰਾਸ ਨਾ ਆਏ। ਕੰਮ ਬਦਲੇ ਮਿਲਣ ਵਾਲਾ ਪੈਸਾ ਵੀ ਘੱਟ ਸੀ। ਇਸ ਕਰਕੇ ਉਹ ਪੂਣੇ ਚਲਿਆ ਗਿਆ। ਜਲਦੀ ਹੀ ਉਸਨੂੰ ਇੱਕ ਫ਼ਾਈਵ ਸਟਾਰ ਹੋਟਲ ਵਿੱਚ ਨੌਕਰੀ ਮਿਲ ਗਈ। ਰਹਿਣਾ-ਖਾਣਾ ਮੁਫ਼ਤ ਸੀ ਐਤ ਆਨੰਦ ਵਿੱਚ ਕੋਈ ਐਬ ਵੀ ਨਹੀਂ ਸੀ। ਇਸ ਕਰਕੇ ਬਹੁਤ ਘੱਟ ਪੈਸੇ ਨਾਲ ਵੀ ਉਹ ਖਰਚ ਚਲਾ ਲੈਂਦਾ ਸੀ। ਭਰਾ-ਭਰਜਾਈ ਆਨੰਦ ਲਈ ਮਾਂ-ਬਾਪ ਸਮਾਨ ਸਨ। ਨਦੀਆ ਵਿੱਚ ਕਮਾਉਂਦਾ ਸੀ ਤਾਂ ਸਾਰਾ ਪੈਸਾ ਲਿਆ ਕੇ ਭਰਾ ਅਤੇ ਭਰਜਾਈ ਨੂੰ ਦੇ ਦਿੰਦਾ ਸੀ। ਪੂਣੇ ਜਾ ਕੇ ਕਮਾਉਣ ਲੱਗਿਆ ਤਾਂ ਵੀ ਤਨਖਾਹ ਤੋਂ ਬਚਾਈ ਰਾਸ਼ੀ ਲਿਆ ਕੇ ਭਰਾ ਨੂੰ ਦਿੱਤਾ।

ਉਹਨਾਂ ਨੇ ਆਨੰਦ ਲਈ ਇੱਕ ਪਲਾਟ ਵੀ ਖਰੀਦ ਦਿੱਤਾ ਸੀ। ਸਾਲ ਦੋ ਸਾਲ ਵਿੱਚ ਜੋ ਕਮਾਇਆ, ਬਲੋਰਾਮ ਨੇ ਉਹਨਾਂ ਪੈਸਿਆਂ ਨਾਲ ਇੱਕ ਛੋਟਾ ਜਿਹਾ ਮਕਾਨ ਬਣਵਾ ਦਿੱਤਾ। ਸ਼ੰਕੀ ਅਤੇ ਬਲੋਰਾਮ ਨੇ ਦੌੜ-ਭੱਜ ਕਰਕੇ ਨਦੀਆ ਜ਼ਿਲ੍ਹੇ ਦੇ ਸ਼ਾਂਤੀਪੁਰ ਨਿਵਾਸੀ ਆਨੰਤ ਦੀ ਭੈਣ ਅੰਨਾਪੂਰਨਾ ਉਰਫ਼ ਅਨੂ ਨੂੰ ਆਨੰਦ ਲਈ ਚੁਣ ਲਿਆ। ਇਸ ਤੋਂ ਬਾਅਦ ਗੱਲ ਪੱਕੀ ਹੋ ਗਈ। ਵਿਆਹ ਤੋਂ ਤੁਰੰਤ ਬਾਅਦ ਅੰਨਾਪੂਰਣਾ ਗਰਭਵਤੀ ਹੋ ਗਈ ਅਤੇ ਕਰਨ ਨਾਂ ਦਾ ਬੱਚਾ ਹੋਇਆ। ਬੱਚਾ ਸਕੂਲ ਜਾਣ ਲੱਗਿਆ। ਆਨੰਦ ਦੀ ਇੱਛਾ ਸੀ ਕਿ ਉਹ ਪਤਨੀ ਦੇ ਨਾਲ ਰਹੇ ਪਰ ਨੌਕਰੀ ਕਰਨ ਸੰਭਵ ਨਹੀਂ ਸੀ। ਅੰਨਪੂਰਨਾਂ ਕਹਿੰਦੀ ਸੀ ਕਿ ਪੂਣੇ ਦੀ ਨੌਕਰੀ ਛੱਡੋ ਅਤੇ ਆਸ ਪਾਸ ਕਿਤੇ ਨੌਕਰੀ ਕਰ ਲਓ। ਆਨੰਦ ਨੇ ਨੌਕਰੀ ਲੱਭੀ ਪਰ ਤਨਖਾਹ ਬਹੁਤ ਘੱਟ ਸੀ। ਇਸ ਕਰਕੇ ਉਹ ਆਪਣੀ ਪਤਨੀ ਦੀਆਂ ਇੱਛਾਵਾਂ ਦੀ ਪੂਰਤੀ ਨਾ ਕਰ ਸਕਿਆ। ਇਸ ਵਾਰ ਵੀ ਉਹ ਛੇ ਮਹੀਨੇ ਬਾਅਦ ਛੁੱਟੀ ਤੇ ਘਰ ਜਾ ਰਿਹਾ ਸੀ।ਲੰਮਾ ਸਫ਼ਰ ਕਰਕੇ ਆਨੰਦ ਘਰ ਪਹੁੰਚਿਆ ਤਾਂ ਕਰਨ ਉਸਨੂੰ ਦੇਖਦੇ ਹੀ ਦੌੜ ਆਇਆ। ਆਨੰਦ ਦੀਆ ਅੱਖਾਂ ਅਨਪੂਰਣਾ ਨੂੰ ਲੱਭ ਰਹੀਆਂ ਸਨ। ਆਨੰਦ ਆਪਣੀ ਪਤਨੀ ਨੂੰ ਮਿਲਿਆ ਪਰ ਇਸ ਵਾਰ ਪਤਨੀ ਅਸੰਤੁਸ਼ਟ ਜਾਪੀ। ਰਾਤ ਨੂੰ ਆਨੰਦ ਨੇ ਮਹਿਸੂਸ ਕੀਤਾ ਕਿ ਅੰਨਪੂਰਣਾ ਵਿੱਚ ਉਹ ਗਰਮੀ ਨਹੀਂ ਹੈ। ਆਨੰਦ ਨੇ ਫ਼ਿਰ ਸਚਾਈ ਲੱਭਣੀ ਆਰੰਭ ਕੀਤੀ ਤਾਂ ਦਿਲ ਚੀਰ ਦੇਣ ਵਾਲੀ ਸਚਾਈ ਸਾਹਮਣੇ ਆਈ।

11 ਦਸੰਬਰ ਦੀ ਗੱਲ ਹੈ। ਸਵੇਰ ਦਾ ਵਕਤ ਸੀ। ਕਰਨ ਨੂੰ ਨਾਲ ਲੈ ਕੇ ਅੰਨਪੂਰਣਾ ਘਰ ਤੋਂ ਨਿਕਲੀ। ਦਰਵਾਜੇ ਤੇ ਜਿੰਦਰਾ ਲਗਾਇਆ ਅਤੇ ਕਰਨ ਨੂੰ ਉਂਗਲੀ ਪਕੜਾ ਕੇ ਹਬੀਬਪੁਰ ਰੇਲਵੇ ਸਟੇਸ਼ਨ ਵੱਲ ਤੁਰ ਪਈ। ਹਬੀਬਪੁਰ ਤੋਂ ਮਾਂ-ਪੁੱਤਰ ਸ਼ਾਂਤੀਪੁਰ ਲੋਕਲ ਟ੍ਰੇਨ ਵਿੱਚ ਸਵਾਰ ਹੋ ਕੇ ਰਾਣਾਘਾਟ ਪਹੁੰਚੇ। ਰੇਲਵੇ ਸਟੇਸ਼ਨ ਤੋਂ ਬਾਹਰ ਨਿਕਲ ਕੇ ਅੰਨਪੂਰਣਾ ਨੇ ਕਰਨ ਨੂੰ ਮੁੜ ਉਂਗਲੀ ਪਕੜਵਾਈ ਅਤੇ ਥਾਣੇ ਪਹੁੰਚੀ। ਅੰਨਪੂਰਣਾ ਥਾਣਾ ਮੁਖੀ ਦੇਵਾਂਜਨ ਸੇਨ ਨੂੰ ਮਿਲੀ ਅਤੇ ਆਪਣੀ ਵਾਕਫ਼ੀਅਤ ਦਿੱਤੀ, ਸਰ ਮੇਰਾ ਨਾਂ ਅੰਨਪੂਰਣਾ ਹਲਦਰ ਹੈ ਅਤੇ ਇਹ ਮੇਰਾ ਬੇਟਾ ਕਰਨ ਹੈ। ਮੈਂ ਪਾਨਵਾੜਾ ਵਿੱਚ ਰਹਿੰਦੀ ਹਾਂ।

ਮੈਂ ਖੁਦ ਨੂੰ ਕਾਨੂੰਨ ਦੇ ਹਵਾਲੇ ਕਰਨ ਆਈ ਹਾਂ। ਕੀ ਜੁਰਮ ਕੀਤਾ ?

ਮੈਂ ਆਪਣੇ ਪਤੀ ਆਨੰਦ ਦੀ ਹੱਤਿਆ ਕਰ ਦਿੱਤੀ ਹੈ। ਲਾਸ਼ ਕਿੱਥੇ ਹੈ ?

ਘਰੇ ਲੁਕੋ ਰੱਖੀ ਹੈ।

ਪੁਲਿਸ ਨੂੰ ਗੱਲ ਅਜੀਬ ਲੱਗੀ। ਪੁਲਿਸ ਪੂਰਾ ਲਾਮ ਲਸ਼ਕਰ ਲੈ ਕੇ ਆਨੰਦ ਦੇ ਘਰ ਗਈ। ਪੜੌਸੀਆਂ ਦੀ ਮੌਜੂਦਗੀ ਵਿੱਚ ਦਰਵਾਜ਼ੇ ਦਾ ਜਿੰਦਰਾ ਖੋਲ੍ਹਿਆ ਅਤੇ ਮਕਾਨ ਤੋਂ ਬਦਬੂ ਆ ਰਹੀ ਸੀ। ਪਰ ਲਾਸ਼ ਕਿਤੇ ਨਾ ਮਿਲੀ। ਲਾਸ਼ ਮਕਾਨ ਦੇ ਪਿੱਛੇ ਸੈਪਟਿਕ ਟੈਂਕ ਵਿੱਚ ਮਿਲੀ। ਲਾਸ਼ ਸੜ ਚੁੱਕੀ ਸੀ। ਲਾਸ਼ ਦੀ ਸ਼ਨਾਖਤ ਪਿੰਡ ਵਾਲਿਆਂ ਨੇ ਕਰ ਦਿੱਤੀ। ਅੰਨਪੂਰਣਾ ਨੇ ਜੋ ਕਹਾਣੀ ਬਿਆਨ ਕੀਤੀ, ਉਹ ਬੇਹੱਦ ਹੀ ਖੌਫ਼ਨਾਕ ਹੈ।

ਦਰਅਸਲ ਅੰਨਪੂਰਣਾ ਦੀਆਂ ਕਾਮਨਾਵਾਂ ਵਿਦਰੋਹੀ ਉਦੋਂ ਹੋ ਗਈਆਂ, ਜਦੋਂ ਉਸਦਾ ਪਤੀ ਲੰਮਾ ਸਮਾਂ ਘਰ ਨਹੀਂ ਆਉਂਦਾ ਸੀ। 2015 ਵਿੱਚ ਉਸ ਦੇ ਗੁਆਂਢ ਵਿੱਚ ਰਹਿਣ ਵਾਲੇ ਡਾਲੀ ਦੀ ਮੌਤ ਹੋ ਗਈ। ਡਾਲੀ ਅੰਨਪੂਰਣਾ ਦਾ ਹਮਉਮਰ ਸੀ। ਪੰਜ ਸਾਲ ਦਾ ਉਸਦਾ ਲੜਕਾ ਸੀ ਆਯੂਸ਼। ਡਾਲੀ ਦਾ ਪਤੀ ਰਮਨ ਤੇਲੀ ਦੁਬਈ ਵਿੱਚ ਕੁਕ ਦੀ ਨੌਕਰੀ ਕਰਦਾ ਸੀ। ਡਾਲੀ ਅਤੇ ਅੰਨਪੂਰਣਾ ਦੀਆਂ ਮੁਸ਼ਕਿਲਾਂ ਬਰਾਬਰ ਸਨ। ਡਾਲੀ ਰੋਗੀ ਹੋ ਗਈ। ਫ਼ਰਵਰੀ 2015 ਵਿੱਚ ਉਸਨੂੰ ਦਿਲ ਦਾ ਅਜਿਹਾ ਦੌਰਾ ਪਿਆ ਕਿ ਉਹ ਹਮੇਸ਼ਾ ਲਈ ਚਲੀ ਗਈ।

ਡਾਲੀ ਦੀ ਮੌਤ ਦੀ ਖਬਰ ਪਾ ਕੇ ਰਮਨ ਪਾਨਵਾੜਾ ਆਇਆ ਤਾਂ ਬੇਹਾਲ ਹੋ ਗਿਆ। ਘਰ ਦੇ ਹਰ ਕੋਨੇ ਵਿੱਚ ਡਾਲੀ ਦੀਆਂ ਯਾਦਾਂ ਵੱਸੀਆਂ ਸਨ। ਡਾਲੀ ਦੀ ਮੌਤ ਤੋਂ ਬਾਅਦ ਅੰਨਪੂਰਣਾ ਵੀ ਦੁਖੀ ਸੀ। ਡਾਲੀ ਹੀ ਸੀ, ਜਿਸ ਨਾਲ ਉਹ ਆਪਣਾ ਦੁੱਖ ਵੰਡ ਲਿਆ ਕਰਦੀ ਸੀ। ਹੁਣ ਅੰਨਪੂਰਣਾ ਖੁਦ ਨੂੰ ਇੱਕੱਲੀ ਮਹਿਸੂਸ ਕਰਨ ਲੱਗੀ। ਅੰਨਪੂਰਣਾ ਨੇ ਡਾਲੀ ਦੇ ਮੁੰਡੇ ਦੀ ਵੀ ਦੇਖਭਾਲ ਕਰਨੀ ਆਰੰਭ ਕਰ ਦਿੱਤੀ। ਰਮਨ ਵੀ ਅਕਸਰ ਅੰਨਪੂਰਣਾ ਦੇ ਘਰ ਆ ਜਾਇਆ ਕਰਦਾ। ਡਾਲੀ ਦੀ ਯਾਦ ਵਿੱਚ ਭਾਵੁਕ ਹੋ ਜਾਂਦਾ। ਫ਼ਿਰ ਆਪਸ ਵਿੱਚ ਇੱਕ ਦੂਜੇ ਨੂੰ ਭਰੋਸਾ ਦਿੰਦੇ।

ਫਿਰ ਇੱਕ ਸ਼ਾਮ ਦੀ ਗੱਲ ਹੈ। ਕਰਨ ਅਤੇ ਆਯੂਸ਼ ਖੇਡਦੇ ਖੇਡਦੇ ਸੌਂ ਗਏ, ਜਦਕਿ ਅੰਨਪੂਰਣਾ ਅਤੇ ਰਮਨ ਡਾਲੀ ਦੀਆਂ ਗੱਲਾਂ ਕਰ ਰਹੇ ਸਨ। ਇਸੇ ਦਰਮਿਆਨ ਦੋਵਾਂ ਦੇ ਮਨ ਦੀਆਂ ਕਾਮਨਾਵਾਂ ਵੱਧ ਗਈਆਂ ਅਤੇ ਇੱਕ ਦੂਜੇ ਦੇ ਨੇੜੇ ਹੋ ਗ ?। ਉਸ ਸ਼ਾਮ ਉਹ ਹੋ ਗਿਆ ਜਿਸ ਬਾਰੇ ਅੰਨਪੂਰਣਾ ਅਤੇ ਰਮਨ ਨੇ ਕਦੀ ਸੋਚਿਆ ਵੀ ਨਹੀਂ ਸੀ। ਨਜਾਇਜ਼ ਸਬੰਧਾਂ ਦਾ ਨਸ਼ਾ ਹੈ ਜੋ ਇੱਕ ਵਾਰ ਕਿਸੇ ਦੇ ਸਿਰ ਚੜ੍ਹ ਜਾਵੇ, ਕਦੀ ਉਤਰਦਾ ਨਹੀਂ। ਅੰਨਪੂਰਣਾ ਦੇ ਸੰਪਰਕ ਵਿੱਚ ਆ ਕੇ ਰਮਨ ਡਾਲੀ ਦੀ ਮੌਤ ਦਾ ਗਮ ਭੁੱਲ ਗਿਆ ਅਤੇ ਅੰਨਪੂਰਣਾ ਨੂੰ ਵੀ ਪਤੀ ਦੇ ਪਰਦੇਸ ਵਿੱਚ ਹੋਣ ਦਾ ਸ਼ਿਕਵਾ ਨਾ ਰਿਹਾ। ਉਹ ਖੂਬ ਖਿੜੀ-ਖਿੜੀ ਰਹਿਣ ਲੱਗੀ। ਸੱਚ ਇਹ ਸੀ ਕਿ ਪਤੀ ਤੋਂ ਜ਼ਿਆਦਾ ਉਸਨੂੰ ਪ੍ਰੇਮੀ ਚੰਗਾ ਲੱਗਣ ਲੱਗਿਆ।

ਦੋਵਾਂ ਦੀ ਮੌਜ ਵਿੱਚ ਵਿਘਨ ਉਦੋਂ ਪਿਆ, ਜਦੋਂ ਇੱਕ ਦਿਨ ਅਚਾਨਕ ਆਨੰਦ ਘਰ ਆਇਆ। ਉਸਨੂੰ ਦੇਖਦੇ ਹੀ ਅੰਨਪੂਰਣਾ ਦੇ ਮਨ ਵਿੱਚ ਪਹਿਲਾ ਵਿੱਚਾਰ ਇਹ ਆਇਆ ਕਿ ਜਦੋਂ ਤਕ ਇਹ ਰਹੇਗਾ, ਉਦੋਂ ਤਕ ਰਮਨ ਤੋਂ ਬਿਨਾਂ ਗੁਜ਼ਾਰਾ ਕਰਨਾ ਹੋਵੇਗਾ। ਇਹੀ ਕਾਰਨ ਸੀ ਕਿ ਪਤੀ ਦੇ ਆਉਣ ਨਾਲ ਉਸਨੂੰ ਖੁਸ਼ੀ ਨਹੀਂ ਹੋਈ ਸੀ।

ਕੁਝ ਦਿਨ ਬੀਤੇ ਤਾਂ ਰਮਨ ਪ੍ਰੇਸ਼ਾਨ ਹੋ ਗਿਆ। 8 ਦਸੰਬਰ ਨੂੰ ਮੌਕਾ ਮਿਲਣ ਤੇ ਉਹ ਅੰਨਪੂਰਣਾ ਨੂੰ ਮਿਲਿਆ ਅਤੇ ਸ਼ਿਕਵਾ ਕੀਤਾ। ਉਸਨੇ ਕਿਹਾ ਕੱਲ੍ਹ ਦੁਪਹਿਰ ਆਨੰਦ ਕਿਤੇ ਬਾਹਰ ਜਾਵੇਗਾ ਤਾਂ ਤੂੰ ਆ ਜਾਣਾ।

9 ਦਸੰਬਰ ਨੂੰ ਸਵੇਰੇ ਰਮਨ ਆਨੰਦ ਦੇ ਦਰਵਾਜ਼ੇ ਤੇ ਨਜ਼ਰ ਗੱਡ ਕੇ ਬੈਠ ਗਿਆ। ਦੁਪਹਿਰੇ ਆਨੰਦ ਜਿਉਂ ਹੀ ਘਰ ਤੋਂ ਨਿਕਲਿਆ, ਰਮਨ ਉਸਦੇ ਘਰ ਵਿੱਚ ਦਾਖਲ ਹੋ ਗਿਆ। ਉਸਨੇ ਦੱਸਿਆ ਕਿ ਮੈਂ ਨੀਂਦ ਦੀਆਂ ਗੋਲੀਆਂ ਘਰ ਰੱਖ ਦਿੱਤੀਆਂ ਹਨ, ਰੋਜ਼ ਰਾਤ ਨੂੰ ਖੁਆ ਦਿਆ ਕਰਾਂਗੀ। ਉਦੋਂ ਹੀ ਆਨੰਦ ਵਾਪਸ ਮੁੜ ਗਿਆ। ਉਸਨੇ ਨਾਦੀਆ ਜਾਣ ਦਾ ਵਿੱਚਾਰ ਤਿਆਗ ਦਿੱਤਾ ਸੀ।

ਮਕਾਨ ਦਾ ਦਰਵਾਜ਼ਾ ਬੰਦ ਸੀ ਪਰ ਅੰਦਰ ਖੁਸਰ-ਫ਼ੁਸਰ ਹੋ ਰਹੀ ਸੀ। ਆਨੰਦ ਦਾ ਮੱਥਾ ਠਣਕਿਆ। ਉਸਨੇ ਮਕਾਨ ਵਿੱਚ ਦੇਖਿਆ ਤਾਂ ਪਤਨੀ ਅਤੇ ਪੜੌਸੀ ਕਾਮਲੀਲਾ ਰਚਾ ਰਹੇ ਸਨ।

ਆਨੰਦ ਦਾ ਖੂਨ ਖੌਲ ਗਿਆ। ਉਸਦੀ ਸਮਝ ਵਿੱਚ ਹੁਣ ਆਇਆ ਕਿ ਪਤਨੀ ਉਸਨੂੰ ਕਿਉਂ ਇਸ ਵਾਰ ਪਸੰਦ ਨਹੀਂ ਕਰ ਰਹੀ ਸੀ। ਰਮਨ ਤਾਂ ਪਿੱਛੇ ਨੂੰ ਦੌੜ ਗਿਆ ਪਰ ਅੰਨਪੂਰਣਾ ਫ਼ਸ ਗਈ। ਮੌਕੇ ਦੀ ਨਜ਼ਾਕਤ ਦੇਖ ਕੇ ਅੰਨਪੂਰਣਾ ਪਤੀ ਦੇ ਪੈਰਾਂ ਵਿੱਚ ਡਿੱਗ ਪਈ ਅਤੇ ਮੁਆਫ਼ੀ ਮੰਗਣ ਲੱਗੀ। ਆਨੰਦ ਅੰਨਪੂਰਣਾ ਨੂੰ ਮੁਆਫ਼ ਕਰਨ ਲਈ ਤਿਆਰ ਨਹੀਂ ਸੀ। ਉਸਦਾ ਕਹਿਣਾ ਸੀ ਕਿ ਗੁਨਾਹ ਕੀਤਾ ਹੈ ਤਾਂ ਸਜ਼ਾ ਵੀ ਮਿਲੇਗੀ ਹੀ। ਉਸਨੇ ਕਿਹਾ ਕਿ ਮੈਂ ਤੇਰੇ ਰਿਸ਼ਤੇਦਾਰ ਬੁਲਾ ਕੇ ਤੇਰੀ ਬਦਚਲਣੀ ਦੀ ਕਹਾਣੀ ਸੁਣਾਵਾਂਗਾ।

ਗੱਲ ਪੇਕਿਆਂ ਤਕ ਪਹੁੰਚਣ ਤੋਂ ਅੰਨਪੂਰਣਾ ਡਰ ਗਈ। ਇਸ ਤੋਂ ਬਚਣ ਦਾ ਇੱਕ ਹੀ ਰਸਤਾ ਸੀ ਕਿ ਪਤੀ ਦੀ ਹੱਤਿਆ ਕਰ ਦਿੱਤੀ ਜਾਵੇ। ਉਸ ਦੇ ਸਿਰ ਤੇ ਕਾਲ ਮੰਡਰਾ ਰਿਹਾ ਸੀ। ਕੁਝ ਦੇਰ ਬਾਦ ਆਨੰਦ ਨੇ ਅੰਨਪੂਰਣਾ ਤੋਂ ਇੱਕ ਗਿਲਾਸ ਪਾਣੀ ਮੰਗ ਲਿਆ।ਅੰਨਪੂਰਣਾ ਨੇ ਵਿੱਚ ਨੀਂਦ ਦੀਆਂ ਗੋਲੀਆਂ ਮਿਲਾ ਦਿੱਤੀਆਂ। ਗੋਲੀਆਂ ਦੇ ਅਸਰ ਕਾਰਨ ਉਹ ਸੌਂ ਗਿਆ। ਅੱਧੇ ਘੰਟੇ ਬਾਅਦ ਅੰਨਪੂਰਣਾ ਨੇ ਉਸਨੂੰ ਹਿਲਾ ਕੇ ਦੇਖਿਆ, ਉਹ ਸੁੱਤਾ ਪਿਆ ਸੀ। ਉਸਨੇ ਆਪਣੀ ਸਾੜੀ ਦੇ ਪੱਲੇ ਦਾ ਫ਼ੰਦਾ ਬਣਾਇਆ ਅਤੇ ਉਸਦੇ ਗਲੇ ਵਿੱਚ ਕਸ ਦਿੱਤਾ। ਆਨੰਦ ਮੌਤ ਦੀ ਨੀਂਦ ਸੌਂ ਗਿਆ। ਅੰਨਪੂਰਣਾ ਨੇ ਰਮਨ ਨੂੰ ਬੁਲਾਇਟਾ ਤਾਂ ਉਹ ਆ ਗਿਆ। ਅਨੰਦ ਦੀ ਲਾਸ਼ ਦੇਖ ਕੇ ਉਹ ਖੁਸ਼ ਹੋਇਆ। ਲਾਸ਼ ਨੂੰ ਬਾਹਰ ਲਿਜਾਂਦੇ ਤੇ ਪਕੜੇ ਜਾਣ ਦਾ ਖਤਰਾ ਸੀ। ਇਸ ਕਰਕੇ ਆਪਸ ਵਿੱਚ ਵਿੱਚਾਰ ਕਰਕੇ ਉਹਨਾਂ ਨੇ ਲਾਸ਼ ਸੈਪਟਿਕ ਟੈਂਕ ਵਿੱਚ ਸੁੱਟ ਦਿੱਤੀ। 10 ਦਸੰਬਰ ਨੂੰ ਬਲੋਰਾਮ ਘਰ ਆਇਆ ਅਤੇ ਉਸਨੇ ਆਨੰਦ ਬਾਰੇ ਪੁੱਛਿਆ ਤਾਂ ਅੰਨਪੂਰਣਾ ਨੇ ਕਹਿ ਦਿੱਤਾ, ਬੀਤੀ ਰਾਤ ਉਹ ਗੁੱਸੇ ਵਿੱਚ ਸੀ, ਝਗੜ ਕੇ ਚਲਾ ਗਿਆ। ਕਰਨ ਵੀ ਵਾਰ ਵਾਰ ਪੁੱਛ ਰਿਹਾ ਸੀ ਕਿ ਮੰਮੀ ਪਾਪਾ ਕਿੱਥੇ ਹਨ।

ਸ਼ਾਮ ਹੁੰਦੇ ਹੁੰਦੇ ਅੰਨਪੂਰਣਾ ਨੂੰ ਆਪਣੇ ਕੀਤੇ ਤੇ ਪਛਤਾਵਾ ਹੋਣ ਲੱਗਿਆ ਕਿ ਉਸ ਤੋਂ ਬਹੁਤ ਵੱਡੀ ਗਲਤੀ ਹੋ ਗਈ ਹੈ। ਮੈਨੂੰ ਪਤੀ ਦੀ ਹੱਤਿਆ ਨਹੀਂ ਕਰਨੀ ਚਾਹੀਦੀ ਸੀ। ਅੰਨਪੂਰਣਾ ਨਿਰਾਸ਼ਾ ਅਤੇ ਪ੍ਰੇਸ਼ਾਨੀ ਵਿੱਚ ਘਿਰ ਗਈ। ਉਹ ਮਹਿਸੂਸ ਕਰਨ ਲੱਗੀ ਕਿ ਇਹ ਮਹਾਂਪਾਪ ਉਹ ਆਪਣੀ ਛਾਤੀ ਵਿੱਚ ਲੁਕੋ ਕੇ ਰੱਖ ਕੇ ਜਿਉਂ ਨਹੀਂ ਸਕਦੀ। ਆਤਮਾ ਨੂੰ ਕਦੀ ਚੈਨ ਅਤੇ ਸ਼ਾਂਤੀ ਨਹੀਂ ਮਿਲੇਗੀ। ਹੁਣ ਆਪਣੀ ਕਰਨੀ ਦੀ ਸਜ਼ਾ ਭੋਗ ਲਵੇਗੀ।

ਅੱਧੀ ਰਾਤ ਬੀਤਦੇ-ਬੀਤਦੇ ਅੰਨਪੂਰਣਾ ਨੇ ਫ਼ੈਸਲਾ ਕੀਤਾ ਕਿ ਉਹ ਸਵੇਰ ਹੁੰਦੇ ਹੀ ਪੁਲਿਸ ਕੋਲ ਜਾਵੇਗੀ ਅਤੇ ਆਪਣਾ ਅਪਰਾਧ ਕਬੂਲ ਕਰੇਗੀ। ਅਗਲੇ ਦਿਨ ਉਹ ਬੱਚੇ ਨੂੰ ਲੈ ਕੇ ਪੁਲਿਸ ਸਟੇਸ਼ਨ ਗਈ ਅਤੇ ਅਪਰਾਧ ਕਬੂਲ ਕਰ ਲਿਆ। ਅੰਨਪੂਰਣਾ ਦੇ ਬਿਆਨ ਦੇ ਆਧਾਰ ਤੇ ਰਮਨ ਨੂੰ ਵੀ ਪਕੜ ਲਿਆ ਗਿਆ।



## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ

ਦਿਲਜੀਤ ਸਿੰਘ ਬੇਦੀ

ਕੁਰਬਾਨੀ ਉਹ ਮਹਾਨ ਹੁੰਦੀ ਹੈ, ਜਿਸ ਦੇ ਪਿੱਛੇ ਉਦੇਸ਼ ਮਹਾਨ ਹੋਵੇ। ਸੰਘਰਸ਼ ਉਹ ਮਹਾਨ ਹੁੰਦਾ ਹੈ ਜੋ ਕਿਸੇ ਉਦੇਸ਼ ਦੀ ਪੂਰਤੀ ਲਈ ਹੋਵੇ। ਨਿਆਂਸ਼ੀਲ ਹੋਣਾ ਗੁਰੂ ਦੇ ਸਿੱਖ ਦਾ ਮੂਲ ਆਸ਼ਾ ਹੈ, ਇਸ ਲਈ ਸਿੱਖ ਜਿਥੇ ਕਿਤੇ ਵੀ ਜਬਰ, ਜ਼ੁਲਮ, ਅੱਤਿਆਚਾਰ ਜਾਂ ਧੱਕੇਸ਼ਾਹੀ ਹੁੰਦੀ ਦੇਖਦਾ ਹੈ, ਉਸ ਦਾ ਵਿਰੋਧ ਕਰਨਾ ਉਹ ਆਪਣਾ ਪਰਮ ਕਰਤੱਵ ਸਮਝਦਾ ਹੈ। ਭਾਵੇਂ ਉਸ ਨੂੰ ਸ਼ਹੀਦੀ ਵੀ ਦੇਣੀ ਪੈ ਜਾਵੇ। ਸਿੱਖ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ।

1708 ਈ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਬੰਦਾ ਸਿੰਘ ਜੀ ਪੰਜਾਬ ਆਏ ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਮਿਲੇ ਪੰਜ ਤੀਰ, ਖੰਡਾ ਤੇ ਨਗਾਰਾ ਸੀ:

**ਬੰਦੇ ਗੁਰ ਖੰਡਾ ਦਯੋ, ਲਯੋ ਓਨੈ ਗਲ ਪਾਇ। ਖਾਲਸੋ ਦੇਖ ਸੁ ਵਿਟਰਯੋ ਤਿਨ ਖੰਡੋ ਲਯੋ ਛਿਨਾਇ।** (*ਪੰਥ ਪ੍ਰਕਾਸ਼*)

ਸਲਾਹ-ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਪਿਆਰੇ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ। ਇਨ੍ਹਾਂ ਤੋਂ ਇਲਾਵਾ 20 ਸਿੰਘ ਹੋਰ ਨਾਲ ਭੇਜੇ। ਇਨ੍ਹਾਂ 25 ਸਿੰਘਾਂ ਦੇ ਕਾਫਲੇ ਨੇ ਪੰਜਾਬ ਵੱਲ ਹਨ੍ਹੇਰੀ ਦੀ ਤਰ੍ਹਾਂ ਕੂਚ ਕੀਤਾ। ਦਿੱਲੀ ਪਾਰ ਕਰਦਿਆਂ ਹੀ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ। ਸਿੱਖ ਸੰਗਤਾਂ ਹੁਕਮ ਦਾ ਪਾਲਣ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈਆਂ। ਗੁਰੂ ਸਾਹਿਬ ਦੇ ਪਰਿਵਾਰ ਦੀਆਂ ਸ਼ਹੀਦੀਆਂ ਦੇ ਜ਼ਖਮ ਸਿੱਖ ਸੰਗਤਾਂ ਵਿਚ ਅਜੇ ਤਾਜੇ ਸਨ। ਉਹ ਕੁਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਝੰਡੇ ਥੱਲੇ ਇਕੱਠੇ ਹੋ ਗਏ, ਉਨ੍ਹਾਂ ਨੇ ਰਣ-ਭੂਮੀ ਵਿਚ ਆਪਣਾ ਨਾਹਰਾ 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਿਮ ਲਾਹੌਰੀ ਦੇ ਲਿਖਤ 'ਇਬਰਤਨਾਮਾ' (ਰਚਿਤ 1722 ਈ:) ਅਨੁਸਾਰ "ਸਿੱਖਾਂ ਤੇ ਮੁਗਲਾਂ ਵਿਚਕਾਰ ਘੋਲ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸ ਨੂੰ ਸ਼ੁਰੂ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਸੀ।" ਇਸ ਪ੍ਰਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕਾ ਛੱਡਿਆ। ਇਸ ਧਮਾਕੇ ਨੂੰ 'ਅਜਬ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬੰਦਾ ਸਿੰਘ ਨੇ ਅਜਿਹੀ ਹਲਚਲ ਮਚਾਈ ਕਿ ਮੁਗ਼ਲਾਂ ਨੂੰ ਵਿਸ਼ਵਾਸ ਨਹੀਂ ਆ ਸਕਦਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਆਏ ਤਾਂ ਉਨ੍ਹਾਂ ਕੋਲ 25 ਸਿੰਘਾਂ ਤੋਂ ਇਲਾਵਾ ਨਾ ਤਾਂ ਕੋਈ ਫੌਜ ਸੀ ਤੇ ਨਾ ਹੀ ਸ਼ਸਤਰ, ਨਾ ਕੋਈ ਖਜ਼ਾਨਾ ਸੀ ਤੇ ਨਾ ਹੀ ਘੋੜੇ-ਹਾਥੀ। ਮੁਸਲਮਾਨ ਲਿਖਾਰੀ ਖਾਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ 4000 ਘੋੜ-ਸਵਾਰ ਤੇ 7800 ਸਿਪਾਹੀ ਪੈਦਲ ਉਸ ਨਾਲ ਆ ਰਲੇ। ਮਸ਼ਹੂਰ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਤੇ ਵਧਦੀ ਹੋਈ ਅੰਤ 40,000 ਤੱਕ ਪਹੁੰਚ ਗਈ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਉੱਤਮ ਦਰਜੇ ਦਾ ਸਿੱਖ ਯੋਧਾ ਤੇ ਪਹਿਲਾ ਸਿੱਖ ਹੁਕਮਰਾਨ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਦੇਸ਼ ਅਨੁਸਾਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿਚ ਜੋ ਇਨਕਲਾਬ ਲਿਆਂਦਾ, ਉਹ ਇਕ ਹੈਰਾਨੀਕੁੰਨ ਇਤਿਹਾਸਕ ਹਕੀਕਤ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦ 1708 ਈ: ਵਿਚ ਪੰਜਾਬ ਅੰਦਰ ਪ੍ਰਵੇਸ਼ ਕੀਤਾ ਤਾਂ ਉਨ੍ਹਾਂ ਦੇ ਸਾਹਮਣੇ ਮੁੱਖ ਉਦੇਸ਼ ਮੁਗਲਾਂ ਦੇ ਰਾਜ ਦੀ ਸਮਾਪਤੀ ਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ ਜੋ ਸੱਤ ਸੌ ਸਾਲ ਪਹਿਲਾਂ ਗਜ਼ਨੀ ਦੇ ਤੁਰਕਾਂ ਨੇ ਮਹਿਮੂਦ ਗਜ਼ਨਵੀ ਦੇ ਅਧੀਨ ਪੰਜਾਬ ਦੇ ਹਿੰਦੂ ਲੋਕਾਂ ਤੋਂ ਖੋਹੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਫੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁਗਲਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਈਰਾਨ, ਈਰਾਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਆ ਰਲੇ। ਉਦਾਸੀ ਸੰਤਾਂ ਤੇ ਮਸੰਦਾਂ ਦੇ ਪ੍ਰਚਾਰ ਸਦਕਾ ਇਹ ਲੋਕ ਕਾਫੀ ਚਿਰ ਤੋਂ ਸਿੱਖ ਧਰਮ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਪੰਜਾਬ ਵਿਚ ਆ ਕੇ ਇਹ ਅੰਮ੍ਰਿਤ ਛਕ ਕੇ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਗਏ।

ਇਨ੍ਹਾਂ ਤੋਂ ਇਲਾਵਾ ਬਾਬਾ ਜੀ ਨੇ ਅਖੌਤੀ ਪੱਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ। ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ ਅੰਮ੍ਰਿਤ ਛਕਣ ਦੇ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਦੁਰਬਲ ਤੇ ਨਿਤਾਣੇ ਹੋਏ ਲੋਕਾਂ ਅੰਦਰ ਸਾਹਸ ਪੈਦਾ ਕਰਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੁਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ।

ਖਰਚਾ ਚਲਾਉਣ ਅਤੇ ਧਨ ਦੀ ਪੂਰਤੀ ਲਈ ਉਸ ਨੇ ਉੱਘੇ ਵਪਾਰੀਆਂ ਨੂੰ ਵੰਗਾਰਿਆ। ਸਭ ਨੇ ਖੁੱਲ੍ਹ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ ਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਵੰਬਰ 11, 1709 ਈ: ਨੂੰ ਸਮਾਣਾ 'ਤੇ ਫਤਹਿ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸੋਨੀਪਤ, ਕੈਂਥਲ, ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਦਾ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗ਼ਾਵਤ ਕਰ ਦਿੱਤੀ, ਕਿਉਂਕਿ ਸਿੱਖਾਂ ਦੇ ਹੌਸਲੇ ਬਹੁਤ ਬੁਲੰਦ ਹੋ ਚੁੱਕੇ ਸਨ। ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਆਖਰ ਉਹ ਘੜੀ ਆ ਗਈ ਜਿਸ ਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜ-ਚਿੜੀ ਦਾ ਮੈਦਾਨ ਆ ਮੱਲਿਆ (ਚੱਪੜ-ਚਿੜੀ, ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜ-ਲਾਂਡਰਾ ਸੜਕ 'ਤੇ ਸਥਿਤ ਹੈ)। ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫਾਨ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹਿੰਦ 'ਤੇ ਹਮਲੇ ਲਈ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਕੀਤੀਆਂ ਹੋਈਆਂ ਸਨ। 12 ਮਈ, 1710 ਈ: ਨੂੰ ਚੱਪੜ-ਚਿੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ 'ਮਾਰ ਵਜੀਦੇ ਖਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ' (ਹਰਸਾ ਸਿੰਘ ਚਾਤਰ)। ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ। ਦੋ ਦਿਨਾਂ ਬਾਅਦ ਸਿੱਖ ਫੌਜਾਂ 14 ਮਈ, 1710 ਈ: ਨੂੰ ਸਰਹਿੰਦ ਵਿਚ ਦਾਖਲ ਹੋਈਆਂ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਵੱਸਦਾ-ਰਸਦਾ ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ। ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਵਜ਼ੀਰ ਖਾਂ ਦੇ ਮਹੱਲਾਂ ਵਿੱਚੋਂ ਬਹੁਤ ਸਾਰਾ ਧਨ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਲੱਗਾ। ਸਰਹਿੰਦ ਦੀ ਜਿੱਤ ਨੇ ਅਹਿਮਦ ਸ਼ਾਹ ਅਬਦਾਲੀ ਦੇ ਇਸ ਕਥਨ ਨੂੰ ਕਿ 'ਸਿੱਖਾਂ 'ਚੋਂ ਹਕੂਮਤ ਦੀ ਬੋ ਆਉਂਦੀ ਹੈ' ਨੂੰ ਸਹੀ ਸਿੱਧ ਕਰ ਦਿਖਾਇਆ।

ਸਰਹਿੰਦ 'ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਲੇਰਕੋਟਲੇ ਵੱਲ ਵਧਿਆ। ਪ੍ਰੰਤੂ ਸਾਹਿਬਜ਼ਾਦਿਆਂ ਵੱਲੋਂ ਇਥੋਂ ਦੇ ਨਵਾਬ ਵੱਲੋਂ ਹਾਅ ਦਾ ਨਾਅਰਾ ਮਾਰਨ ਕਰਕੇ, ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਬਜਾਏ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਥਾਪਿਆ ਤੇ ਆਪਣੀਆਂ ਅਗਲੀਆਂ ਮੁਹਿੰਮਾਂ ਦਾ ਅਧਾਰ ਕੇਂਦਰ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹ ਜਹਾਨ ਦੀ ਆਗਿਆ



ਅਨੁਸਾਰ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਕਿਲ੍ਹੇ ਉਤੇ ਕਬਜ਼ਾ ਕੀਤਾ ਤਾਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ, ਛੇਤੀ ਹੀ ਇਸ ਦੀ ਮੁਰੰਮਤ ਕੀਤੀ ਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ ਗਿਆ। ਸਰਹਿੰਦ ਦਾ ਖਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ। ਮਾਲ-ਅਸਬਾਬ ਤੇ ਜੰਗੀ ਸਮਾਨ 'ਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫੀ ਬੁੱਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲੱਗਣ ਕਰਕੇ ਕਾਫੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਇਕ ਛੋਟਾ ਜਿਹਾ ਬੇਤਾਜ਼ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਭੀ ਹੋ ਗਈ ਸੀ। ਰਾਜ-ਕਾਜ ਲਈ ਰਾਜਧਾਨੀ ਵੀ ਤੇ ਰਹਿਣ ਲਈ ਮਹਿਲ ਭੀ।

ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਸਿੱਕਾ ਭੀ ਜਾਰੀ ਕਰ ਦਿੱਤਾ, ਜਿਸ 'ਤੇ ਫ਼ਾਰਸੀ ਦੇ ਹੇਠ ਲਿਖੇ ਸ਼ਬਦ ਉੱਕਰੇ ਹੋਏ ਸਨ:-

**'ਸਿੱਕਾ ਜਦ ਬਰ ਹਰ ਦੋ ਆਲਮ**
**ਤੇਗਿ ਨਾਨਕ ਵਾਹਿਬ ਅਸਤ'**
**'ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ**
**ਫ਼ਜਲਿ ਸੱਚਾ ਸਾਹਿਬ ਅਸਤ'।**

ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਿਤ ਦੇ ਇਹ ਸ਼ਬਦ ਸਨ:-

**ਜਰਬ ਬ-ਅਮਾਨੁ-ਦਹਿਰ, ਮੁੱਸਵਰਤ ਸ਼ਹਿਰ, ਜੀਨਤੁ-ਤਖਤੁ, ਮੁਬਾਰਕ ਬਖਤ।**

**ਅਰਥਾਤ: ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ।**

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਕਾਰੀ ਦਸਤਾਵੇਜ਼, ਸਨਦਾਂ ਤੇ ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿਥੇ-ਕਿਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ:-

**ਦੇਗੋ ਤੇਗੋ ਫ਼ਤਹਿ ਓ ਨੁਸਰਤਿ ਬੇ-ਦਿਰੰਗ, ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ॥**

ਅਰਥਾਤ: ਦੇਗ ਤੇਗ ਜਿਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

(*ਦੇਖੋ ਪੁਸਤਕ 'ਬੰਦਾ ਸਿੰਘ ਬਹਾਦਰ' ਰਚਨਾ ਡਾ. ਗੰਡਾ ਸਿੰਘ, ਪੰਨਾ 59-60*)

ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ ਮੰਨਦਾ ਹੈ ਤੇ ਆਪ ਦੇਗ ਤੇ ਤੇਗ਼ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖਸ਼ਿਸ਼ ਗੁਰੂ ਨਾਨਕ ਦੀ ਹੈ, ਫਤਹਿ ਗੁਰੂ ਗੋਬਿੰਦ ਸਿੰਘ ਦੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ।

ਬਾਬਾ ਬੰਦਾ ਸਿੰਘ ਨੇ ਅੱਗੇ ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਜੁਲਾਈ 1710 ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉਠ ਖੜ੍ਹੇ ਹੋਏ। ਅਕਤੂਬਰ 1710 ਤੱਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਭੀ ਸਿੱਖ ਫੌਜਾਂ ਦੇ ਕਬਜ਼ੇ ਵਿਚ ਆ ਗਏ। ਸਿੱਖਾਂ ਦੀ ਚੜ੍ਹਤ ਨੇ ਹਿੰਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈ- ਭੀਤ ਕਰ ਦਿੱਤਾ। ਉਸ ਨੇ ਸਿੱਖਾਂ ਕੋਲੋਂ ਜਿੱਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵੱਲ ਕੂਚ ਕੀਤਾ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ ਤੇ ਉਹ ਪਹਾੜਾਂ ਵੱਲ ਨਿਕਲ ਗਿਆ। ਇਸੇ ਦੌਰਾਨ ਪੰਥ ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ। 18 ਫਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦਾ ਬਾਦਸ਼ਾਹ ਫਰੁਖਸੀਅਰ ਇਕ ਕਮਜ਼ੋਰ ਬਾਦਸ਼ਾਹ ਸੀ, ਇਸ ਮੌਕੇ ਦਾ ਲਾਭ ਉਠਾਇਆ। ਬਾਬਾ ਬੰਦਾ ਸਿੰਘ ਨੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ। 1712 ਈ: ਨੂੰ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ। ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਤੇ ਕਈ ਹੋਰ ਸਿੰਘ ਮੁਗਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਘੇਰਾ ਲੰਬਾ ਹੋਣ ਕਾਰਨ ਰਾਸ਼ਨ ਦੀ ਕਮੀ ਹੋਣ ਲੱਗੀ। ਸਿਪਾਹੀ ਭੁੱਖ ਤੇ ਪਿਆਸ ਨਾਲ ਮਰਨ ਲੱਗੇ। ਉਂਝ ਤਾਂ ਸਾਰਾ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਹੀ ਨਹੀਂ ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿਚ ਹੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਸ਼ਹੀਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ 800 ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਫਿਰ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਲਿਜਾਇਆ ਗਿਆ। 15 ਮਾਰਚ 1716 ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ ਤਕਰੀਬਨ 100 ਸਿੱਖ ਨੂੰ ਰੋਜ਼ ਕਤਲ ਕੀਤਾ ਜਾਂਦਾ। ਸਿੱਖ ਅਜਿੱਤ ਭਾਵਨਾ ਨਾਲ ਮੌਤ ਨੂੰ ਜੀ ਆਇਆਂ ਕਹਿੰਦੇ, ਖਿੜੇ ਚਿਹਰੇ ਨਾਲ ਜਲਾਦ ਨੂੰ ਸੀਸ ਭੇਂਟ ਕਰਦੇ। ਤਕਰੀਬਨ ਤਿੰਨ ਮਹੀਨੇ ਬਾਅਦ 9 ਜੂਨ 1716 ਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ-ਮੀਨਾਰ ਦੇ ਨੇੜੇ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਇਸ ਤਰ੍ਹਾਂ ਹੋਈ: ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜ਼ਾਮ ਪਿਲਾਉਣ ਤੋਂ ਪਹਿਲਾਂ ਉਸ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਕੇ ਉਸ ਦਾ ਧੜਕਦਾ ਦਿਲ ਉਸ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਜਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਕੱਟੇ ਗਏ, ਲਾਲ ਭਖਦੇ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿਚ ਸਿਰ ਤੇ ਧੜ ਨੂੰ ਅਲੱਗ ਕਰਕੇ ਟੁਕੜੇ-ਟੁਕੜੇ ਕਰ ਦਿੱਤੇ ਗਏ। ਜਿਥੇ ਉਹ ਸਿੱਖਾਂ ਦਾ ਮਹਾਨ ਹੁਕਮਰਾਨ ਸੀ, ਉਥੇ ਉਹ ਸਿੱਖਾਂ ਦਾ 'ਸ਼੍ਰੋਮਣੀ ਸ਼ਹੀਦ' ਵੀ ਹੋ ਨਿੱਬੜਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਪੰਜਾਬ ਤੇ ਖਾਸ-ਕਰ ਸਿੱਖਾਂ ਨੂੰ ਬਹੁਤ ਵੱਡੀ ਦੇਣ ਹੈ। ਉਸ ਨੇ ਸਿਰਲੱਥ ਖਾਲਸੇ ਨੂੰ ਸੰਗਠਿਤ ਕਰਕੇ ਅਜ਼ਾਦ ਲੋਕ ਰਾਜ ਦੀ ਸਥਾਪਨਾ ਕੀਤੀ। ਫੌਜੀ ਜਰਨੈਲ ਦੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਕੋਈ ਵੀ ਟਾਕਰਾ ਨਹੀਂ ਸੀ। ਇਹ ਪਹਿਲੀ ਵਾਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਅਜ਼ਾਦੀ ਦਾ ਅਨੰਦ ਮਾਣਿਆ। ਉਸ ਨੇ ਹਮੇਸ਼ਾਂ ਲਈ ਸਿੱਖ ਕੌਮ ਅੰਦਰ ਅਜ਼ਾਦੀ ਦੀ ਚਿਣਗ ਲਾ ਦਿੱਤੀ ਜੋ ਕਿ ਪਿੱਛੋਂ ਜਾ ਕੇ ਸਿੱਖ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਨ ਬਣੀ। 25 ਜੂਨ ਨੂੰ ਸਿੱਖ ਕੌਮ ਦੇ ਇਸ ਬਹਾਦਰ ਜਰਨੈਲ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਅੱਜ ਲੋੜ ਹੈ ਕੌਮ ਦੇ ਇਸ ਮਹਾਨ ਜਰਨੈਲ ਦੇ ਇਤਿਹਾਸ ਤੋਂ ਆਉਣ ਵਾਲੀਆਂ ਪੀੜੀਆਂ ਨੂੰ ਜਾਣੂ ਕਰਵਾਉਣ ਦੀ ਤਾਂ ਕਿ ਉਹ ਆਪਣੇ ਅਮੀਰ ਵਿਰਸੇ ਤੇ ਮਾਣ ਕਰ ਸੱਕਣ।



# ਆਪਣੇ ਭਵਿੱਖ ਨੂੰ ਖਤਰੇ ਵਿਚ ਪਾ ਰਿਹਾ ਹੈ ਮਨੁੱਖ

ਜਿਸ ਆਕਾਸ਼ ਗੰਗਾ ਦੇ ਅਸੀਂ ਵਾਸੀ ਹਾਂ ਇਸ ਦੇ ਕੁਲ ਨੌਂ ਗ੍ਰਹਿ ਹਨ। ਇਨ੍ਹਾਂ 'ਚੋਂ ਕੇਵਲ ਧਰਤੀ 'ਤੇ ਜੀਵਨ ਹੈ ਬਾਕੀ ਗ੍ਰਹਿਆਂ 'ਤੇ ਜੀਵਨ ਨਹੀਂ ਹੈ। ਕੇਵਲ ਧਰਤੀ 'ਤੇ ਹੀ ਜੀਵਨ ਕਿਉਂ ਹੈ? ਇਸ ਦੇ ਕੁਝ ਖ਼ਾਸ ਕਾਰਨ ਹਨ। ਸਭ ਤੋਂ ਅਹਿਮ ਕਾਰਨ ਹੈ ਧਰਤੀ ਸੂਰਜ ਤੋਂ ਇਕ ਖ਼ਾਸ ਦੂਰੀ 'ਤੇ ਸਥਿਤ ਹੈ। ਇਸੇ ਕਾਰਨ ਇਸ ਦੁਆਲੇ ਹਵਾਵਾਂ ਦਾ ਇਕ ਗਿਲਾਫ਼ ਜਿਹਾ ਚੜ੍ਹਿਆ ਹੋਇਆ ਹੈ ਜਿਸ ਨੂੰ ਅਸੀਂ ਵਾਯੂਮੰਡਲ ਆਖਦੇ ਹਾਂ ਇਸ ਵਾਯੂਮੰਡਲ ਕਰਕੇ ਧਰਤੀ 'ਤੇ ਇਕ ਖ਼ਾਸ ਨਿੱਘ ਬਣੀ ਰਹਿੰਦੀ ਹੈ ਜੋ ਜੀਵਨ ਲਈ ਸਾਜ਼ਗਾਰ ਹਾਲਾਤ ਪੈਦਾ ਕਰਦੀ ਹੈ। ਇਸ ਦੇ ਉਲਟ ਬਾਕੀ ਸੂਰਜ ਦੇ ਨੇੜਲੇ ਗ੍ਰਹਿ ਬੇਹੱਦ ਗਰਮ ਹਨ ਅਤੇ ਧਰਤੀ ਤੋਂ ਵੱਧ ਦੂਰੀ ਵਾਲੇ ਗ੍ਰਹਿ ਠੰਢੇ ਯੱਖ ਹਨ। ਇਕ ਖ਼ਾਸ ਤਾਪਮਾਨ ਦੀ ਨਿੱਘ ਸਦਕਾ ਹੀ ਧਰਤੀ 'ਤੇ ਜੀਵਨ ਸੰਭਵ ਹੋਇਆ। ਇੱਥੇ ਜੀਵ, ਜੰਤੂ, ਪਸ਼ੂ, ਪੰਛੀ ਚਹਿਕਦੇ ਹਨ, ਬਨਸਪਤੀ ਉਗਦੀ ਹੈ ਦਰੱਖ਼ਤ ਵਧਦੇ ਫੁਲਦੇ ਹਨ।

ਵਾਯੂਮੰਡਲ ਤੋਂ ਭਾਵ, ਹਵਾਵਾਂ ਦੇ ਇਕ ਅਜਿਹੇ ਮਿਸ਼ਰਣ ਤੋਂ ਹੈ ਜਿਸ ਵਿਚ ਵੱਖ-ਵੱਖ ਗੈਸਾਂ ਵੱਖ-ਵੱਖ ਮਿਕਦਾਰ ਵਿਚ ਮੌਜੂਦ ਹਨ। ਪੁਲਾੜ ਵਿਚ ਜਾ ਕੇ ਦੇਖਿਆਂ ਧਰਤੀ ਦੂਜੇ ਗ੍ਰਹਿਆਂ ਵਰਗੀ ਨਹੀਂ ਦਿਸਦੀ ਇਹ ਦੁਧੀਆ ਬੱਦਲਾਂ ਵਿਚ ਲਿਪਟੀ ਦੂਜੇ ਗ੍ਰਹਿਆਂ ਤੋਂ ਵੱਧ ਖ਼ੂਬਸੂਰਤ ਨਜ਼ਰ ਆਉਂਦੀ ਹੈ। ਧਰਤੀ ਦੇ ਵਾਯੂਮੰਡਲ ਦੀ ਉਪਰਲੀ ਸਤਿਹ 'ਤੇ ਹਲਕੀਆਂ ਗੈਸਾਂ ਹਨ ਇਨ੍ਹਾਂ ਵਿਚ ਹੀ ਓਜ਼ੋਨ ਦੀ ਪਰਤ ਹੈ ਜੋ ਸੂਰਜ ਦੀਆਂ ਅਲਟਰਾਵਾਇਲਟ ਕਿਰਨਾਂ ਨੂੰ ਧਰਤੀ 'ਤੇ ਆਉਣੋਂ ਰੋਕਦੀ ਹੈ। ਜਦੋਂ ਸੂਰਜੀ ਗਰਮੀ ਧਰਤੀ 'ਤੇ ਪੈਂਦੀ ਹੈ ਤਾਂ ਇਸ ਗਰਮੀ ਦੀ ਕੁਝ ਮਾਤਰਾ ਧਰਤੀ ਆਪਣੇ ਵਿਚ ਸਮਾਉਂਦੀ ਹੈ ਬਾਕੀ ਵਾਪਸ ਛੱਡ ਦਿੰਦੀ ਹੈ। ਜਿਸ ਸਦਕਾ ਧਰਤੀ 'ਤੇ ਤਾਪਮਾਨ ਸਾਵਾਂ ਬਣਿਆ ਰਹਿੰਦਾ ਹੈ। ਪਰ ਜਦੋਂ ਧਰਤੀ 'ਤੇ ਵੱਖ-ਵੱਖ ਤਰ੍ਹਾਂ ਦੇ ਸਰੋਤਾਂ ਨਾਲ ਪੈਦਾ ਹੋਏ ਪ੍ਰਦੂਸ਼ਣਾਂ, ਇਹ ਪ੍ਰਦੂਸ਼ਣ ਭਾਵੇਂ ਫੈਕਟਰੀਆਂ, ਕਾਰਖਾਨਿਆਂ, ਖੇਤੀ ਦੀ ਰਹਿੰਦ-ਖੂੰਹਦ ਸਾੜਨ, ਮੋਟਰ ਗੱਡੀਆਂ, ਖਾਣਾਂ, ਖੇਤੀ, ਫਰਿਜਾਂ, ਏ. ਸੀਆਂ ਨਾਲ ਹੁੰਦੇ ਹੋਣ, ਇਨ੍ਹਾਂ ਪ੍ਰਦੂਸ਼ਣ ਨਾਲ ਵੱਧ ਮਾਤਰਾ ਵਿਚ ਕਾਰਬਨ ਡਾਇਆਕਸਾਈਡ, ਮੀਥੇਨ, ਕਲੋਰੋਫਲੋਰੋ ਕਾਰਬਨ ਅਤੇ ਕਾਰਬਨ ਮੋਨੋ ਆਕਸਾਈਡ ਵਰਗੀਆਂ ਗੈਸਾਂ ਦਾ ਵਾਧਾ ਧਰਤੀ ਦੀ ਗਰਮੀ ਨੂੰ ਵਾਪਸ ਨਹੀਂ ਜਾਣ ਦਿੰਦਾ ਇਹ ਗੈਸਾਂ ਇਸ ਨੂੰ ਧਰਤੀ ਦੇ ਵਾਯੂਮੰਡਲ ਵਿਚ ਹੀ ਜ਼ਜ਼ਬ ਕਰ ਲੈਂਦੀਆਂ ਹਨ। ਇਸ ਪ੍ਰਭਾਵ ਨੂੰ ਹੀ ਗ੍ਰੀਨ ਹਾਊਸ ਪ੍ਰਭਾਵ ਕਿਹਾ ਜਾਂਦਾ ਹੈ, ਅਸੀਂ ਇਸ ਨੂੰ ਆਲਮੀ ਤਪਸ਼ ਵੀ ਆਖ ਲੈਂਦੇ ਹਾਂ। ਗ੍ਰੀਨ ਹਾਊਸ ਗੈਸਾਂ ਦਾ ਵਧ ਰਿਹਾ ਪ੍ਰਭਾਵ ਜੀਵਨ ਲਈ ਖ਼ਤਰਾ ਬਣ ਰਿਹਾ ਹੈ। ਇਸ ਨਾਲ ਧਰਤੀ 'ਤੇ ਜੀਵਨ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਹੋ ਰਹੇ ਹਨ। ਹੁਣ ਤੱਕ ਵਿਗਿਆਨੀ ਬੁੱਧੀਜੀਵੀ ਲੇਖਕ ਇਸ ਨੂੰ ਆਉਣ ਵਾਲੇ ਸਮੇਂ ਦਾ ਸੰਕਟ ਆਖਦੇ ਆਏ ਹਨ ਪਰ ਹੁਣ ਅਜਿਹਾ ਨਹੀਂ ਹੈ। ਗ੍ਰੀਨ ਹਾਊਸ ਗੈਸਾਂ ਦੇ ਵਧ ਰਹੇ ਪ੍ਰਭਾਵ ਦੇ ਅਸਰਾਂ ਨੂੰ ਅੱਜ ਵੀ ਵੇਖਿਆ ਜਾ ਸਕਦਾ ਹੈ। ਬਲਕਿ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਅੱਜ ਮਨੁੱਖ ਜਾਤੀ ਸਮੇਤ ਦੂਜੀਆਂ ਜੀਵ ਜਾਤੀਆਂ ਇਕ ਸੰਕਟ ਦੇ ਮੁਹਾਣ 'ਤੇ ਖੜ੍ਹੀਆਂ ਹਨ। ਹੁਣ ਤੱਕ ਇਕ ਡਿਗਰੀ ਤੋਂ ਵੀ ਘੱਟ 0.8 ਡਿਗਰੀ ਦਾ ਤਾਪਮਾਨ ਵਿਚ ਵਾਧਾ ਨੋਟ ਕੀਤਾ ਗਿਆ ਹੈ ਪਰ ਇਸ ਨਾਲ ਵੱਡੀਆਂ ਤਬਦੀਲੀਆਂ ਵੇਖਣ ਨੂੰ ਮਿਲ ਰਹੀਆਂ ਹਨ। ਮੌਸਮਾਂ ਵਿਚ ਇਕ ਅੱਥਰਾ ਵੇਗ ਆ ਗਿਆ ਹੈ। ਮੌਨਸੂਨੀ ਹਵਾਵਾਂ ਬੇਪ੍ਰਤੀਤੀਆਂ ਹੋ ਗਈਆਂ ਹਨ। ਕਿਤੇ ਹੱਦੋਂ ਵੱਧ ਵਰਖਾ ਹੋਣ ਲੱਗ ਪਈ ਹੈ ਅਤੇ ਕਿਤੇ ਲੰਮਾ ਸੋਕਾ ਪੈਣ ਲੱਗਿਆ ਹੈ। ਜਿਹੜੇ ਇਲਾਕਿਆਂ ਵਿਚ ਝੜੀਆਂ ਲਗਦੀਆਂ ਸਨ, ਉੱਥੇ ਇੱਕੋ ਵਾਰੀ ਜ਼ਿਆਦਾ ਮੀਂਹ ਪੈਂਦਾ ਹੈ ਅਤੇ ਪਾਣੀ ਧਰਤੀ ਹੇਠ ਰਿਸਣ ਦੀ ਬਜਾਏ ਕੁਝ ਘੰਟਿਆਂ ਵਿਚ ਹੀ ਵਹਿ ਜਾਂਦਾ ਹੈ। ਗਰਮੀ ਦਾ ਮੌਸਮ ਲੰਮਾ ਹੋਣ ਲੱਗ ਪਿਆ ਹੈ ਸਰਦੀ ਦਾ ਮੌਸਮ ਕੁਝ ਕੁ ਦਿਨਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਇਸ ਦਾ ਅਗਾਂਹ ਜੋ ਬਹੁਤ ਮਾੜਾ ਅਸਰ ਵੇਖਣ ਨੂੰ ਮਿਲ ਰਿਹਾ ਹੈ ਉਹ ਇਹ ਹੈ ਕਿ ਬਹੁਤ ਸਾਰੀਆਂ ਜੀਵ ਜਾਤੀਆਂ ਜੋ ਠੰਡੇ ਇਲਾਕਿਆਂ ਵਿਚ ਰਹਿੰਦੀਆਂ ਸਨ, ਨੂੰ ਆਪਣੇ ਟਿਕਾਣੇ ਬਦਲਣ ਦੀ ਲੋੜ ਪੈ ਰਹੀ ਹੈ। ਗਰਮ ਇਲਾਕਿਆਂ ਦੇ ਜੀਵ ਜੰਤੂ ਅਤੇ ਬਿਮਾਰੀ ਫੈਲਾਉਣ ਵਾਲੇ ਕੀਟ ਪਤੰਗੇ ਹੁਣ ਉਨ੍ਹਾਂ ਇਲਾਕਿਆਂ ਵਿਚ ਵੀ ਪ੍ਰਵੇਸ਼ ਕਰਨ ਲੱਗ ਪਏ ਹਨ, ਜਿੱਥੇ ਪਹਿਲਾਂ ਉਨ੍ਹਾਂ ਦੀ ਅਣਹੋਂਦ ਸੀ। ਜਿਵੇਂ ਕੈਨੇਡਾ ਵਿਚ ਮੱਛਰ ਨਹੀਂ ਸਨ, ਹੁਣ ਉੱਥੇ ਵੀ ਮੱਛਰ ਮੱਖੀਆਂ ਵਧ ਰਹੇ ਹਨ। ਜੀਵਨ ਲਈ ਖ਼ਤਰਨਾਕ ਕੀਟਾਂ ਦੀਆਂ ਨਸਲਾਂ ਵਿਚ ਵੀ ਤੇਜ਼ੀ ਨਾਲ ਵਾਧਾ ਹੋਣ ਲੱਗਿਆ ਹੈ। ਜਿਸ ਦੇ ਫਲਸਰੂਪ ਬਿਮਾਰੀਆਂ ਵਿਚ ਤੇਜ਼ੀ ਨਾਲ ਵਾਧਾ ਹੋਣ ਲੱਗਾ ਹੈ। ਮਨੁੱਖ ਦੀ ਤੰਦਰੁਸਤੀ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਕੇਵਲ ਮਨੁੱਖਾਂ ਅਤੇ ਹੋਰ ਜੀਵਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਹੀ ਨਹੀਂ ਵਧੀਆਂ ਬਲਕਿ ਫ਼ਸਲਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। ਇਹ ਸਭ ਕੁਝ ਸੰਕੇਤ ਹੈ ਕਿ ਅਸੀਂ ਇਕ ਖ਼ਤਰਨਾਕ ਭਵਿੱਖ ਵੱਲ ਵਧ ਰਹੇ ਹਾਂ। ਵਧ ਰਹੇ ਮਸ਼ੀਨੀਕਰਨ ਦੇ ਇਸ ਦੌਰ ਵਿਚ ਕੁਦਰਤੀ ਸੋਮਿਆਂ ਦੀ ਤੇਜ਼ੀ ਨਾਲ ਤਬਾਹੀ ਕੀਤੀ ਜਾ ਰਹੀ ਹੈ। ਪਹਾੜਾਂ ਨੂੰ ਪੱਧਰੇ ਕਰਕੇ ਇੱਥੇ ਤੇਜ਼ੀ ਨਾਲ ਮਕਾਨਾਂ ਦੀ ਉਸਾਰੀ ਹੋ ਰਹੀ ਹੈ। ਜੰਗਲੀ ਇਲਾਕਿਆਂ ਵੱਲ ਸਰਕਾਰਾਂ ਦਾ ਕੋਈ ਧਿਆਨ ਨਹੀਂ ਬਲਕਿ ਇਹ ਜੰਗਲ ਤੇਜ਼ੀ ਨਾਲ ਕੱਟੇ ਜਾ ਰਹੇ ਹਨ। ਦਰਿਆਵਾਂ ਨਦੀਆਂ 'ਚੋਂ ਰੇਤ ਕੱਢਣ ਦੀ ਪ੍ਰਕਿਰਿਆ ਤੇਜ਼ ਹੋ ਗਈ ਹੈ। ਧਰਤੀ ਹੇਠਲੇ ਖਣਿਜਾਂ ਨੂੰ ਤੇਜ਼ੀ ਨਾਲ ਧਰਤੀ 'ਚੋਂ ਕੱਢਿਆ ਜਾ ਰਿਹਾ ਹੈ। ਇਹ ਸਭ ਕੁਝ ਧਰਤੀ 'ਤੇ ਸਦੀਆਂ ਤੋਂ ਬਣੇ ਕੁਦਰਤੀ ਵਾਤਾਵਰਨ ਨੂੰ ਤਬਾਹ ਕਰ ਰਿਹਾ ਹੈ। ਸਿੱਧੇ ਢੰਗ ਨਾਲ ਧਰਤੀ ਦੀ ਤਪਸ਼ ਨੂੰ ਹੋਰ ਵਧਾਉਣ ਵਿਚ ਮਹੱਤਵਪੂਰਨ ਰੋਲ ਅਦਾ ਕਰ ਰਿਹਾ ਹੈ। ਬਦਕਿਸਮਤੀ ਦੀ ਗੱਲ ਇਹ ਹੈ ਕਿ ਇਸ ਸਭ ਕੁਝ ਨੂੰ ਵਿਕਾਸ ਦੱਸ ਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਹੈ ਜਦ ਕਿ ਕੁਦਰਤੀ ਸੋਮਿਆਂ ਦੀ ਤਬਾਹੀ ਵਿਕਾਸ ਨਹੀਂ ਹੁੰਦੀ ਸਗੋਂ ਇਹ ਖ਼ਤਰਨਾਕ ਵਿਨਾਸ਼ ਵੱਲ ਵਧਣ ਦੀ ਸ਼ੁਰੂਆਤ ਹੈ। ਅਜੋਕੇ ਮਨੁੱਖ ਦੀ ਤ੍ਰਾਸਦੀ ਇਹ ਹੈ ਕਿ ਇਹ ਹੁਣ ਆਪਣੀਆਂ ਲੋੜਾਂ ਲਈ ਨਹੀਂ, ਬਲਕਿ ਖ਼ੁਦਗਰਜੀਆਂ ਮੁਨਾਫ਼ਿਆਂ ਅਤੇ ਲਾਲਚਾਂ ਲਈ ਜਿਊਣ ਲੱਗ ਪਿਆ ਹੈ। ਮਨੁੱਖ ਜਾਤੀ ਨੂੰ ਓਨੀਆਂ ਵਸਤਾਂ ਦੀ ਜ਼ਰੂਰਤ ਨਹੀਂ ਜਿੰਨੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ। ਦੂਜੀ ਗੱਲ ਇਸ ਵਿਚ ਅਸਾਵਾਂਪਣ ਵੀ ਹੈ। ਧਨਾਢ ਕਾਰਪੋਰੇਸ਼ਨਾਂ ਹਰ ਪੱਖ ਤੋਂ ਮਨੁੱਖ ਤੋਂ ਵੱਡੇ ਮੁਨਾਫ਼ਿਆਂ ਦੀ ਆਸ ਲਾਈ ਬੈਠੀਆਂ ਹਨ। ਮਨੁੱਖ ਦੀ ਹਰ ਲੋੜ ਅਤੇ ਹਰ ਮਜਬੂਰੀ ਤੋਂ ਹੁਣ ਕਮਾਈਆਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਮਾਰੂਥਲ ਦਾ ਵਿਸਥਾਰ ਹੋ ਰਿਹਾ ਹੈ। ਪੰਜਾਬ ਵਿਚ ਹੀ ਲਗਪਗ 25 ਸੈਂਟੀਮੀਟਰ ਪਾਣੀ ਹਰ ਸਾਲ ਹੋਰ ਡੂੰਘਾ ਚਲਾ ਜਾਂਦਾ ਹੈ ਇਹ ਬੜੀ ਫ਼ਿਕਰ ਵਾਲੀ ਗੱਲ ਹੈ। ਵੱਧ ਤੋਂ ਵੱਧ ਰੁੱਖ ਲਗਾ ਕੇ, ਰੁੱਖਾਂ ਦੀ ਕਟਾਈ ਰੋਕ ਕੇ ਅਤੇ ਪਾਣੀ ਨੂੰ ਮੁੜ ਧਰਤੀ ਹੇਠ ਰਿਸਾਅ ਕੇ ਇਸ ਦਾ ਹੱਲ ਕੱਢਿਆ ਜਾ ਸਕਦਾ ਹੈ ਪਰ ਇਸ ਲਈ ਸਾਡੀਆਂ ਸਰਕਾਰਾਂ ਕੀ ਕਰ ਰਹੀਆਂ ਹਨ? ਕੁਝ ਵੀ ਨਹੀਂ ਅਤੇ ਨਾ ਹੀ ਸਾਡੇ ਲੋਕ ਇਸ ਪ੍ਰਤੀ ਫ਼ਿਕਰਮੰਦ ਹਨ। ਸਭ ਤੋਂ ਪ੍ਰੇਸ਼ਾਨੀ ਪੈਦਾ ਕਰਨ ਵਾਲੀ ਗੱਲ ਜਿਸ ਦਾ ਜ਼ਿਕਰ ਬਹੁਤ ਘੱਟ ਕਿਤੇ ਹੁੰਦਾ ਹੈ, ਉਹ ਇਹ ਹੈ ਕਿ ਜਿਸ ਜੀਵਨਸ਼ੈਲੀ ਨੂੰ ਅਸੀਂ ਅਪਣਾਅ ਲਿਆ ਹੈ ਇਹ ਇਕ ਤਰ੍ਹਾਂ ਨਾਲ ਉਸੇ ਟਾਹਣ ਨੂੰ ਵੱਢਣ ਵਾਂਗ ਹੈ ਜਿਸ 'ਤੇ ਅਸੀਂ ਬੈਠੇ ਹੋਏ ਹਾਂ। ਅਸੀਂ ਰੋਗ ਦੀ ਜੜ੍ਹ ਲੱਭ ਕੇ ਉਸ ਦਾ ਇਲਾਜ ਕਰਨ ਦੀ ਬਜਾਏ ਰੋਗ ਦੇ ਲੱਛਣਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਹਾਂ। ਅਜਿਹਾ ਕਰਕੇ ਅਸੀਂ ਭਰਮਪਾਲ ਰਹੇ ਹਾਂ ਕਿ ਅਸੀਂ ਤੰਦਰੁਸਤ ਹੋ ਜਾਵਾਂਗੇ ਪਰ ਇਸ ਨਾਲ ਸਾਡੇ ਰੋਗ ਹੋਰ ਭਿਆਨਕ ਹੋ ਰਹੇ ਹਨ, ਇਹ ਹਕੀਕਤ ਤੋਂ ਅੱਖਾਂ ਮੀਟਣ ਵਾਂਗ ਹੈ। ਮਿਸਾਲ ਵਜੋਂ ਪਾਣੀ ਦੀ ਗ਼ਲਤ ਵਰਤੋਂ ਅਤੇ ਪ੍ਰਦੂਸ਼ਣ ਦੇ ਵਾਧੇ ਕਾਰਨ ਪਾਣੀ ਹੁਣ ਸ਼ੁੱਧ ਨਹੀਂ ਰਿਹਾ। ਅਸੀਂ ਜ਼ਹਿਰਾਂ ਯੁਕਤ ਪਾਣੀ ਨੂੰ ਫਿਲਟਰਾਂ ਰਾਹੀਂ ਸਾਫ਼ ਕਰਕੇ ਪੀਣ ਲੱਗ ਪਏ ਹਾਂ ਪਰ ਅਸੀਂ ਇਹ ਨਹੀਂ ਵਿਚਾਰਿਆ ਕਿ ਇਹ ਪਾਣੀ ਜਿਸ ਨੂੰ ਪਵਿੱਤਰ ਜਲ ਆਖਦੇ ਸੀ, ਇਹ ਪਲੀਤ ਕਿਉਂ ਹੋ ਗਿਆ? ਇਸ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਸਾਨੂੰ ਕੁਝ ਕਰਨ ਦੀ ਲੋੜ ਸੀ ਪਰ ਇਸ ਦੇ ਉਲਟ ਜਦੋਂ ਅਸੀਂ ਪਾਣੀ ਨੂੰ ਸਾਫ਼ ਕਰਕੇ ਪੀਣ ਲਈ ਮਜਬੂਰ ਹੁੰਦੇ ਹਾਂ ਤਾਂ ਇਸ ਦਾ ਅਰਥ ਬੜਾ ਖ਼ਤਰਨਾਕ ਹੈ ਜਿਸ ਨੂੰ ਸਮਝਿਆ ਜਾਣਾ ਅਜੇ ਬਾਕੀ ਹੈ, ਪਾਣੀ ਨੂੰ ਸਾਫ਼ ਕਰਨ ਦਾ ਅਰਥ ਹੈ ਹੋਰ ਵੱਧ ਮਾਤਰਾ ਵਿਚ ਤੇਜ਼ੀ ਨਾਲ ਪਾਣੀ ਅਤੇ ਊਰਜਾ ਦੀ ਬਰਬਾਦੀ। ਇਸੇ ਤਰ੍ਹਾਂ ਹੁਣ ਅਸੀਂ ਹਵਾ ਨਾਲ ਵੀ ਕਰਾਂਗੇ। ਹਵਾ ਨੂੰ ਗੰਦਾ ਕਰਨ ਵਾਲੇ ਸਰੋਤਾਂ ਨੂੰ ਰੋਕਣ ਦੀ ਬਜਾਏ ਕਮਰਿਆਂ ਵਿਚ ਹਵਾ ਸਾਫ਼ ਕਰਨ ਵਾਲੇ ਯੰਤਰ ਸਾਨੂੰ ਵੇਚੇ ਜਾਣਗੇ, ਜਿਸ ਨੂੰ ਚਲਾਉਣ ਲਈ ਹੋਰ ਊਰਜਾ ਖਪਤ ਹੋਵੇਗੀ ਅਤੇ ਪ੍ਰਦੂਸ਼ਣ ਵਧੇਗਾ। ਇਸੇ ਤਰ੍ਹਾਂ ਜ਼ਹਿਰੀਲੇ ਰਸਾਇਣਾਂ ਨਾਲ ਅਸੀਂ ਮਿੱਟੀ ਦੀ ਸਿਹਤ ਨੂੰ ਵੀ ਗਵਾ ਲਿਆ ਹੈ। ਬੇਲੋੜੀਆਂ ਵਸਤਾਂ ਦੀ ਹਵਸ ਵਿਚ ਬੇਲੋੜੇ ਕਾਰਖਾਨੇ ਫੈਕਟਰੀਆਂ ਵਾਧੂ ਵਸਤਾਂ ਪੈਦਾ ਕਰਕੇ ਵਾਤਾਵਾਰਨ ਦਾ ਘਾਣ ਕਰ ਰਹੇ ਹਨ। ਇਨ੍ਹਾਂ ਤੋਂ ਪੈਦਾ ਹੋਏ ਵਿਗਾੜਾਂ ਨੂੰ ਸਮਝਣ ਦੀ ਬਜਾਏ ਅਸੀਂ ਹੋਰ ਵਿਗਾੜ ਪੈਦਾ ਕਰਨ ਵਾਲੀਆਂ ਵਸਤਾਂ ਨੂੰ ਵਰਤੋਂ ਵਿਚ ਲਿਆ ਕੇ ਆਪਣੇ ਆਪ ਨੂੰ ਠੀਕ ਰੱਖਣ ਦੇ ਭੁਲੇਖੇ ਸਿਰਜ ਰਹੇ ਹਾਂ।

ਮਨੁੱਖਾਂ ਦੀ ਵੱਡੀ ਤ੍ਰਾਸਦੀ ਇਹ ਹੈ ਕਿ ਇਹ ਆਪਣੇ ਵਿਸ਼ਵਾਸਾਂ, ਧਰਮਾਂ ਮਜ਼ਹਬਾਂ ਲਈ ਮਰਨ ਲਈ ਤਾਂ ਇਕੱਠੇ ਹੋ ਸਕਦੇ ਹਨ ਪਰ ਜਿਊਣ ਲਈ (ਸਿਹਤ ਲਈ) ਇਹ ਇਕਮਤ ਨਹੀਂ ਹੋ ਸਕਦੇ। ਇੱਥੋਂ ਤੱਕ ਕਿ ਜਦੋਂ ਧਰਤੀ ਦੀ ਵਧ ਰਹੀ ਤਪਸ਼ ਦੀ ਗੱਲ ਆਉਂਦੀ ਹੈ ਤਾਂ ਕੁਝ ਦੇਸ਼ਾਂ ਦੀ ਵੱਖਰੀ ਹੀ ਸੁਰ ਹੁੰਦੀ ਹੈ। ਵਿਕਸਤ ਦੇਸ਼ ਸਭ ਤੋਂ ਵੱਧ ਪ੍ਰਦੂਸ਼ਣ ਕਰਕੇ ਗ੍ਰੀਨ ਹਾਊਸ ਗੈਸਾਂ ਦੇ ਪ੍ਰਭਾਵ ਨੂੰ ਵਧਾ ਰਹੇ ਹਨ ਜਦ ਕਿ ਇਸ ਦਾ ਖਮਿਆਜ਼ਾ ਗਰੀਬ ਦੇਸ਼ਾਂ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਜਿੱਥੇ ਵੱਖ ਦੇਸ਼ਾਂ ਦੇ ਆਗੂਆਂ ਨੂੰ ਇਸ ਸਬੰਧੀ ਯੋਗ ਉਪਰਾਲੇ ਕਰਨ ਦੀ ਲੋੜ ਹੈ ਉੱਥੇ ਆਮ ਲੋਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਅਸੀਂ ਜੇਕਰ ਇਕ ਨਿੱਕੀ ਜਿਹੀ ਚੀਜ਼ ਵੀ ਖ਼ਰੀਦਦੇ ਹਾਂ ਤਾਂ ਇਸ ਲਈ ਵਾਤਾਵਰਨ ਦਾ ਕੁਝ ਹਿੱਸਾ ਬਰਬਾਦ ਹੁੰਦਾ ਹੈ। ਸਾਨੂੰ ਵਸਤਾਂ ਦੀ ਰੀਸਾਈਕਲਿੰਗ ਵੱਲ ਧਿਆਨ ਦੇਣ ਦੀ ਲੋੜ ਹੈ। ਵਾਧੂ ਬੇਲੋੜੀਆਂ ਵਸਤਾਂ ਤੋਂ ਬਚਣ ਦੀ ਲੋੜ ਹੈ। ਕੁਦਰਤ ਦੇ ਪਸਾਰੇ ਵਿਚ ਕੁਦਰਤ ਨਾਲ ਕੁਦਰਤੀ ਵਿਹਾਰ ਅਪਣਾਉਣ ਦੀ ਲੋੜ ਹੈ। ਅੱਜ ਲੋੜ ਹੈ ਦੁਨੀਆ ਭਰ ਦੀਆਂ ਸਰਕਾਰਾਂ ਸੂਰਜੀ ਊਰਜਾ ਨੂੰ ਤੋਂ ਵੱਧ ਤੋਂ ਵੱਧ ਵਰਤੋਂ ਵਿਚ ਲਿਆਉਣ ਲਈ ਵੱਡੇ ਪ੍ਰੋਗਰਾਮ ਬਣਾਉਣ। ਹਵਾ ਤੋਂ ਊਰਜਾ ਹਾਸਲ ਕਰਨ ਦੀਆਂ ਵੀ ਭਰਪੂਰ ਕੋਸ਼ਿਸ਼ਾਂ ਕੀਤੇ ਜਾਣ ਦੀ ਲੋੜ ਹੈ। ਰੇਗਸਥਾਨਾਂ ਵਿਚ ਸਿਲੀਕੋਨ ਦੀਆਂ ਸੀਟਾਂ ਤੋਂ ਬਿਜਲੀ ਬਣਾ ਕੇ ਊਰਜਾ ਦੀਆਂ ਲੋੜਾਂ ਨੂੰ ਪੂਰਾ ਕਰਨ ਵੱਲ ਧਿਆਨ ਦੇਣ ਲੋੜ ਹੈ। ਅਸੀਂ ਆਪਣੇ ਘਰ ਨੂੰ ਘਰ ਸਮਝ ਲਿਆ ਪਰ ਹੁਣ ਲੋੜ ਇਹ ਹੈ ਦੁਨੀਆ ਦਾ ਹਰ ਮਨੁੱਖ ਨੂੰ ਇਸ ਧਰਤੀ ਨੂੰ ਆਪਣਾ ਘਰ ਸਮਝੇ। ਇਸ ਸੰਕਲਪ ਸਾਨੂੰ ਅੱਗੇ ਵਧਾਉਣਾ ਪਵੇਗਾ। ਮਨੁੱਖਤਾ ਨੂੰ ਬਚਾਉਣ ਲਈ ਨਹੀਂ ਬਲਕਿ ਇਸ ਕੁਦਰਤ ਦੇ ਪਸਾਰੇ ਵਿਚ ਸਾਡੇ ਆਲੇ-ਦੁਆਲੇ ਰਹਿੰਦੇ ਹੋਰ ਜੀਵਾਂ ਨੂੰ ਵੀ ਇਸ ਧਰਤੀ 'ਤੇ ਰਹਿਣ ਦਾ ਪੂਰਾ ਹੱਕ ਹੈ, ਕੇਵਲ ਮਨੁੱਖ ਦਾ ਹੀ ਇਸ ਧਰਤੀ 'ਤੇ ਅਧਿਕਾਰ ਨਹੀਂ। ਦੁਨੀਆ ਭਰ ਦੇ ਧਰਮ ਗ੍ਰੰਥ ਸ਼ਾਸਤਰ ਭਾਵੇਂ ਮਨੁੱਖ ਨੂੰ ਸਰਵ ਸ਼੍ਰੇਸ਼ਠ ਜੀਵ ਮੰਨਦੇ ਹਨ ਪਰ ਸੱਚ ਇਹ ਵੀ ਹੈ ਇਸ ਧਰਤੀ 'ਤੇ ਜੀਵਨ ਲਈ ਸੰਕਟ ਵੀ ਮਨੁੱਖ ਨੇ ਹੀ ਪੈਦਾ ਕੀਤੇ ਹਨ। ਅਗਲੀ ਦੁਨੀਆ ਕਿਸੇ ਨੇ ਨਹੀਂ ਵੇਖੀ, ਇਹ ਦੁਨੀਆ ਹੀ ਹਕੀਕਤ ਹੈ ਸਾਡੇ ਦੁਨੀਆ ਭਰ ਦੇ ਮਹਾਨ ਪੁਰਸ਼, ਦਾਰਸ਼ਨਿਕ, ਵਿਦਵਾਨ, ਲੇਖਕ ਇਸੇ ਦੁਨੀਆ ਨੂੰ ਹੋਰ ਚੰਗਾ ਬਣਾਉਣ ਲਈ ਯਤਨਸ਼ੀਲ ਰਹੇ ਹਨ। ਹੁਣ ਵਕਤ ਆ ਗਿਆ ਹੈ ਕਿ ਅਸੀਂ ਆਪਣੇ ਆਪ ਨੂੰ ਆਪਣੀ ਇਸ ਧਰਤੀ ਨੂੰ ਚੰਗਾ ਬਣਾਉਣ ਲਈ ਯਤਨਸ਼ੀਲ ਹੋਈਏ। ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਸੰਸਥਾਵਾਂ ਦੇ ਆਗੂਆਂ ਨੂੰ ਵੀ ਆਪਣੇ ਅਨੁਆਈਆਂ ਨੂੰ ਇਸ ਪਾਸੇ ਪ੍ਰੇਰਤ ਕਰਨਾ ਚਾਹੀਦਾ ਹੈ।

- ਗੁਰਚਰਨ ਸਿਘ ਨੂਰਪੁਰ



# ਪੰਜਾਬੀ ਤੜਕੇ ਵਾਲੀ 'ਅਰਜੁਨ ਪਟਿਆਲਾ'

ਭਾਵੇਂ ਇਸ ਫਿਲਮ ਦਾ ਟਾਈਟਲ ਤੁਹਾਨੂੰ ਸਰ੍ਹੋਂ ਦੇ ਖੇਤ 'ਚ 'ਬੱਲੇ ਬੱਲੇ' ਕਰਨ ਲਈ ਮਜਬੂਰ ਕਰ ਦੇਵੇਗਾ ਅਤੇ ਚਾਹੇ ਇਸ ਫਿਲਮ ਦਾ ਪਿਛੋਕੜ ਅਤੇ ਫਲੇਵਰ ਪੰਜਾਬ ਦੇ ਇੱਕ ਉਪਨਗਰ ਦਾ ਹੈ, ਫਿਰ ਵੀ 'ਅਰਜੁਨ ਪਟਿਆਲਾ' ਪੂਰੀ ਤਰ੍ਹਾਂ ਬਾਲੀਵੁੱਡ ਕਾਮੇਡੀ ਹੈ, ਜਿਸ ਵਿੱਚ ਮੁੱਖ ਕਿਰਦਾਰ ਨਿਭਾ ਰਿਹਾ ਹੈ ਦਿਲਜੀਤ ਦੁਸਾਂਝ। ਫਿਲਮ ਦੇ ਨਿਰਮਾਤਾ ਦਿਨੇਸ਼ ਵਿਜਾਨ ਕਹਿੰਦੇ ਹਨ, 'ਦਿਲਜੀਤ ਇਸ ਵਿੱਚ ਇੱਕ ਪੁਲਸ ਵਾਲੇ ਦਾ ਕਿਰਦਾਰ ਨਿਭਾ ਰਿਹਾ ਹੈ, ਇਹ ਉਸ ਦੀ ਪਹਿਲੀ ਫਿਲਮ 'ਉੜਤਾ ਪੰਜਾਬ' ਵਰਗਾ ਕਿਰਦਾਰ ਨਹੀਂ, ਜੋ ਡਰੱਗਸ ਦੇ ਖਾਤਮੇ ਲਈ ਵਚਨਬੱਧ ਸੀ। ਇਹ ਪੁਲਸ ਵਾਲਾ ਇੱਕ ਹੱਸਮੁਖ ਕਿਰਦਾਰ ਹੈ। ਅਜਿਹੇ ਕਿਰਦਾਰ ਨਿਭਾਉਣ ਲਈ ਪੰਜਾਬ 'ਚ ਦਿਲਜੀਤ ਪਹਿਲਾਂ ਤੋਂ ਇੱਕ ਟ੍ਰੇਡਮਾਰਕ ਮੰਨਿਆ ਜਾਂਦਾ ਹੈ।" ਦਿਨੇਸ਼ ਭੂਸ਼ਣ ਕੁਮਾਰ ਨਾਲ ਮਿਲ ਕੇ ਇਸ ਫਿਲਮ ਦਾ ਨਿਰਮਾਣ ਕਰ ਰਹੇ ਹਨ। ਆਪਣੀ ਕਾਮਿਕ ਟਾਈਮਿੰਗ ਲਈ ਜਾਣਿਆ ਜਾਂਦਾ ਵਰੁਣ ਸ਼ਰਮਾ ਇਸ ਵਿੱਚ ਅਰਜੁਨ ਦੇ ਸੇਵਾਦਾਰ 'ਚ ਹੈ। ਫਿਲਮ 'ਫੁਕਰੇ' ਵਿੱਚ ਚੂਚੇ ਦਾ ਕਿਰਦਾਰ ਨਿਭਾਉਣ ਤੋਂ ਬਾਅਦ ਵਰੁਣ ਇਸ ਫਿਲਮ 'ਚ ਇੱਕ ਪੁਲਸ ਵਾਲੇ ਦੇ ਕਿਰਦਾਰ ਵਿੱਚ ਨਜ਼ਰ ਆਏਗਾ, ਜਿਸ ਦੀ ਭਾਸ਼ਾ ਬਹੁਤ ਵਿਅੰਗ ਮਈ ਹੈ ਅਤੇ ਜਿਸ ਦਾ ਨਾਂਅ ਹੈ ਓਨਿਡਾ ਸਿੰਘ।

ਇਨ੍ਹਾਂ ਦੋਵਾਂ ਨਾਲ ਨਜ਼ਰ ਆਏਗੀ 'ਬਰੇਲੀ ਕੀ ਬਰਫੀ' ਮਤਲਬ ਕ੍ਰਿਤੀ ਸਨਨ। ਇਸ ਫਿਲਮ 'ਚ ਵੀ ਕ੍ਰਿਤੀ ਦਾ ਦੇਸੀ ਰੂਪ ਦਿਖਾਈ ਦੇਵੇਗੀ। ਇਹ ਫਿਲਮ ਪਹਿਲੀ ਨਜ਼ਰ ਦੇ ਪਿਆਰ ਵਾਲੀ ਹੋਵੇਗੀ, ਕਿਉਂਕਿ ਇਸ ਦਾ ਹੀਰੋ ਅਰਜੁਨ ਇੱਕ ਟੀ ਵੀ ਚੈਨਲ ਦਾ ਕ੍ਰਾਈਮ ਰਿਪੋਰਟ ਮਤਲਬ ਕ੍ਰਿਤੀ ਨੂੰ ਦੇਖਦਿਆਂ ਹੀ ਉਸ ਦਾ ਦੀਵਾਨਾ ਹੋ ਜਾਂਦਾ ਹੈ। ਇਨ੍ਹਾਂ ਤਿੰਨਾਂ ਦੀ ਟੱਕਰ ਜੀਸ਼ਾਨ ਕਾਦਰੀ ਨਾਲ ਹੁੰਦੀ ਹੈ, ਜੋ ਉਨ੍ਹਾਂ ਦਾ ਦੋਸਤ ਹੈ, ਪਰ ਪਲਕ ਝਪਕਦਿਆਂ ਕਿਸੇ ਨੂੰ ਵੀ ਟਿਕਾਣੇ ਲਾਉਣ ਤੋਂ ਨਹੀਂ ਝਿਜਕਦਾ। ਉਸ ਦੇ ਕਿਰਦਾਰ ਦਾ ਨਾਂਅ ਸਕੂਲ ਹੈ। ਦਿਨੇਸ਼ ਕਹਿੰਦੇ ਹਨ, "ਰੋਹਿਤ ਜੁਗਰਾਜ ਦੇ ਨਿਰਦੇਸ਼ਨ ਵਾਲੀ ਇਸ ਫਿਲਮ ਵਿੱਚ ਭਰਪੂਰ ਐਕਸ਼ਨ ਅਤੇ ਰੋਮਾਂਸ ਹੈ। ਅਸੀਂ ਹਰ ਵਾਰ ਕੁਝ ਨਵਾਂ ਕਰਨ ਵਿੱਚ ਵਿਸ਼ਵਾਸ ਕਰਦੇ ਹਾਂ ਤੇ ਕਿਉਂਕਿ ਅਸੀਂ ਇਸ ਤੋਂ ਪਹਿਲਾਂ ਕਦੇ ਕੋਈ ਕਾਮੇਡੀ ਫਿਲਮ ਨਹੀਂ ਬਣਾਈ ਹੈ ਤਾਂ ਅਸੀਂ ਇਸ ਵਾਰ ਨਵਾਂ ਪ੍ਰਯੋਗ ਕਰਨ ਦੀ ਸੋਚੀ ਹੈ, ਜੋ ਜ਼ਿਆਦਾ ਸਿਚੁਏਸ਼ਨਲ ਹੋਵੇ। ਜੇ ਇਹ ਫਿਲਮ ਚੱਲ ਗਈ ਤਾਂ ਅਸੀਂ ਅਰਜੁਨ, ਓਨਿਡਾ ਅਤੇ ਰਿਤੂ ਦੇ ਕਿਰਦਾਰਾਂ ਨੂੰ ਇਸ ਦੇ ਸੀਕਵਲ 'ਚ ਰਿਪੀਟ ਕਰਾਂਗੇ। ਸਾਡੇ ਮਨ ਵਿੱਚ ਪਹਿਲਾਂ ਤੋਂ ਹੀ 'ਗੋਲਮਾਲ' ਅਤੇ



'ਫੁਕਰੇ' ਵਾਂਗ ਇਸ ਦਾ ਸੀਕਵਲ ਬਣਾਉਣ ਦਾ ਵਿਚਾਰ ਹੈ।" ਪਿੱਛੇ ਜਿਹੇ ਇਸ ਫਿਲਮ ਦੀ ਸ਼ੂਟਿੰਗ ਚੰਡੀਗੜ੍ਹ ਅਤੇ ਮੁੰਬਈ ਵਿੱਚ ਕੀਤੀ ਗਈ ਸੀ। ਇਹ ਫਿਲਮ 13 ਸਤੰਬਰ ਨੂੰ ਰਿਲੀਜ਼ ਕੀਤੀ ਜਾਵੇਗੀ। ਦਿਨੇਸ਼ ਕਹਿੰਦੇ ਹਨ, "ਕੌਣ ਕਹਿੰਦਾ ਹੈ ਕਿ 13 ਤਰੀਕ ਵਾਲਾ ਸ਼ੁੱਕਰਵਾਰ ਸਿਰਫ ਹਾਰਰ ਫਿਲਮਾਂ ਲਈ ਹੀ ਚੰਗਾ ਹੁੰਦਾ ਹੈ। ਅਸੀਂ ਸਿੱਧ ਕਰਾਂਗੇ ਕਿ ਇਹ ਕਾਮੇਡੀ ਲਈ ਵੀ ਚੰਗਾ ਹੋ ਸਕਦਾ ਹੈ।"

# ਹਰਿਆਣਵੀ ਭਾਸ਼ਾ ਸਿੱਖ ਰਹੀ ਹੈ ਜ਼ਰੀਨ ਖਾਨ

ਪਿਛਲੇ ਅੱਠ ਸਾਲਾਂ ਤੋਂ ਫਿਲਮ ਨਗਰੀ ਵਿੱਚ ਸਰਗਰਮ ਜ਼ਰੀਨ ਖਾਨ ਨੇ ਜ਼ਿਆਦਾ ਫਿਲਮਾਂ ਤਾਂ ਨਹੀਂ ਕੀਤੀਆਂ ਪਰ ਉਸ ਦੀ ਸੁੰਦਰਤਾ ਕਾਰਨ ਉਹ ਨਿਰਦੇਸ਼ਕਾਂ ਦੀ ਪਸੰਦ ਬਣੀ ਹੋਈ ਹੈ। ਜ਼ਰੀਨ ਦੀ ਪਿਛਲੀ ਫਿਲਮ 'ਅਕਸਰ 2' ਸੀ, ਜਿਸ ਵਿੱਚ ਉਹ ਆਪਣੇ ਬੋਲਡ ਅੰਦਾਜ਼ ਕਾਰਨ ਚਰਚਾ ਵਿੱਚ ਰਹੀ ਹੈ। ਜ਼ਰੀਨ ਖਾਨ ਡਾਕਟਰ ਬਣਨਾ ਚਾਹੁੰਦੀ ਸੀ, ਪਰ ਬਾਅਦ 'ਚ ਉਸ ਨੇ ਐਕਟਿੰਗ ਵਿੱਚ ਹੱਥ ਅਜ਼ਮਾਇਆ। ਅਸਲ ਵਿੱਚ ਆਪਣੀ ਫਿਲਮ 'ਯੁਵਰਾਜ' ਦੀ ਸ਼ੂਟਿੰਗ ਦੌਰਾਨ ਸਲਮਾਨ ਖਾਨ ਦੀ ਜ਼ਰੀਨ 'ਤੇ ਪੈ ਗਈ। ਉਸ ਨੇ ਆਪਣੀ ਅਗਲੀ ਫਿਲਮ 'ਵੀਰ' ਲਈ ਡਾਇਰੈਕਟਰ ਨੂੰ ਜ਼ਰੀਨ ਦਾ ਨਾਂਅ ਦੱਸਿਆ। ਇਸ ਤੋਂ ਬਾਅਦ ਉਸ ਨੇ ਇਸੇ ਫਿਲਮ ਨਾਲ ਬਾਲੀਵੁੱਡ 'ਚ ਡੈਬਿਊ ਕੀਤਾ ਅਤੇ ਉਦੋਂ ਤੋਂ ਪਿੱਛੇ ਮੁੜ ਕੇ ਨਹੀਂ ਦੇਖਿਆ। ਅੱਠ ਸਾਲ ਦੇ ਬਾਲੀਵੱਡ ਸਫਰ ਵਿੱਚ ਜ਼ਰੀਨ ਨੇ 11 ਫਿਲਮਾਂ ਕੀਤੀਆਂ ਹਨ। ਉਹ ਪਿਛਲੀ ਵਾਰ ਹਾਰਰ ਫਿਲਮ '1921' ਵਿੱਚ ਨਜ਼ਰ ਆਈ ਸੀ। ਉਸ ਦੀ ਫਿਲਮ 'ਅਕਸਰ 2' ਨਾਲ ਜੁੜਿਆ ਵਿਵਾਦ ਸੁਰਖਆਂ ਵਿੱਚ ਰਿਹਾ, ਜਿਸ ਵਿੱਚ ਉਸ ਨੇ ਪ੍ਰੋਡਿਊਸਰ 'ਤੇ ਗੰਭੀਰ ਦੋਸ਼ ਲਾਏ ਸਨ। ਜ਼ਰੀਨ ਕੁਝ ਮਹੀਨਿਆਂ ਤੋਂ ਲਾਈਮਲਾਈਟ ਤੋਂ ਦੂਰ ਹੈ। ਉਹ ਅੱਜਕੱਲ੍ਹ ਹਰਿਆਣਵੀ ਭਾਸ਼ਾ ਸਿੱਖ ਰਹੀ ਹੈ, ਜਿਸ ਦੇ ਪਿੱਛੇ ਕਾਰਨ ਉਸ ਦੀ ਆਉਣ ਵਾਲੀ ਫਿਲਮ ਹੈ, ਜਿਸ ਦਾ ਨਾਂਅ 'ਵਨ ਡੇ' ਹੈ, ਜਿਸ ਵਿੱਚ ਉਹ ਪੁਲਸ ਵਾਲੀ ਦਾ ਰੋਲ ਨਿਭਾਏਗੀ।



# 'ਹਾਊਸਫੁਲ 4'
## ਦੇ ਸਿਤਾਰਿਆਂ ਨੂੰ ਨਚਾਏਗੀ ਫਰਾਹ ਖਾਨ



ਫਰਾਹ ਖਾਨ ਇਨ੍ਹੀਂ ਦਿਨੀਂ ਫਿਲਮਾਂ ਦੇ ਮੁਕਾਬਲੇ ਛੋਟੇ ਪਰਦੇ 'ਤੇ ਜ਼ਿਆਦਾ ਸਰਗਰਮ ਹੈ। ਉਸ ਦੇ ਭਰਾ ਸਾਜਿਦ ਖਾਨ ਕਾਫੀ ਸਮੇਂ ਬਾਅਦ 'ਹਾਊਸਫੁਲ' ਦੀ ਚੌਥੀ ਸੀਰੀਜ ਦੇ ਨਾਲ ਨਿਰਦੇਸ਼ਨ ਵਿੱਚ ਵਾਪਸੀ ਕਰ ਰਹੇ ਹਨ ਅਤੇ ਇਸ ਦੇ ਗੀਤਾਂ ਦੀ ਕੋਰੀਓਗਰਾਫੀ ਦੀ ਜ਼ਿੰਮੇਵਾਰੀ ਫਰਾਹ ਖਾਨ ਹੀ ਸੰਭਾਲੇਗੀ। 'ਹਾਊਸਫੁਲ' ਦੇ ਤਿੰਨਾਂ ਭਾਗਾਂ ਵਿੱਚ ਕੋਰੀਓਗਰਾਫੀ ਕੀਤੀ ਸੀ। 'ਹਾਊਸਫੁਲ 4' ਦਾ ਪਹਿਲਾ ਸ਼ਡਿਊਲ ਜਲਦ ਹੀ ਰਾਜਸਥਾਨ ਦੇ ਜੋਧਪੁਰ ਵਿੱਚ ਸ਼ੁਰੂ ਹੋਣ ਜਾ ਰਿਹਾ ਹੈ। ਜਿਸ ਵਿੱਚ ਅਕਸ਼ੈ ਕੁਮਾਰ ਅਤੇ ਕ੍ਰਿਤੀ ਸਨਨ ਹਿੱਸਾ ਲੈਣਗੇ। ਫਰਾਹ ਅਕਸ਼ੈ ਅਤੇ ਕ੍ਰਿਤੀ 'ਤੇ ਇੱਕ ਰੋਮਾਂਟਿਕ ਗਾਣਾ ਫਿਲਮਾਏਗੀ। ਫਿਲਮ ਦੀ ਕਹਾਣੀ ਇਸ ਵਾਰ ਵੀ ਲੰਡਨ ਵਿੱਚ ਹੋਵੇਗੀ ਅਤੇ ਕਿਹਾ ਜਾ ਰਿਹਾ ਹੈ ਕਿ ਅਕਤੂਬਰ ਵਿੱਚ ਲੰਡਨ ਦਾ ਸ਼ਡਿਊਲ ਸ਼ੁਰੂ ਹੋਵੇਗਾ। ਇਸ ਵਾਰ ਅਕਸ਼ੈ ਕੁਮਾਰ ਅਤੇ ਰਿਤੇਸ਼ ਦੇਸ਼ਮੁਖ ਦੇ ਨਾਲ ਸੰਜੇ ਦੱਤ ਅਤੇ ਬੌਬੀ ਦਿਓਲ ਵੀ ਇਸ ਫਿਲਮ ਨਾਲ ਜੁੜ ਰਹੇ ਹਨ। ਅਭਿਨੇਤਰੀਆਂ ਵਿੱਚ ਕ੍ਰਿਤੀ ਸਨਨ ਦੇ ਨਾਲ ਪੂਜਾ ਹੇਗੜੇ ਅਤੇ ਕ੍ਰਿਤੀ ਖਰਬੰਦਾ ਫਿਲਮ ਵਿੱਚ ਹਨ। ਸਹਾਇਕ ਭੂਮਿਕਾਵਾਂ ਵਿੱਚ ਬੋਮਨ ਈਰਾਨੀ, ਜਾਨੀ ਲੀਵਰ, ਚੰਕੀ ਪਾਂਡੇ ਹੋਣਗੇ। ਫਿਲਮ ਅਗਲੇ ਸਾਲ ਦੀਵਾਲੀ 'ਤੇ ਰਿਲੀਜ਼ ਹੋਵੇਗੀ।

# ਲੀਕ ਤੋਂ ਹਟ ਕੇ ਚੱਲਦਾ ਹੈ ਅਭੈ ਦਿਓਲ

ਅਭੈ ਦਿਓਲ ਦੀ ਫਿਲਮ 'ਨਾਨੂ ਕੀ ਜਾਨੂ' ਪਿਛਲੇ ਦਿਨੀਂ ਰਿਲੀਜ਼ ਹੋਈ, ਜੋ ਬਾਕਸ ਆਫਿਸ ਦੇ ਲਿਹਾਜ਼ ਨਾਲ ਕੁਝ ਖਾਸ ਨਹੀਂ ਰਹੀ, ਪਰ ਫਰਾਜ਼ ਹੈਦਰ ਵੱਲੋਂ ਨਿਰਦੇਸ਼ਿਤ, ਕਾਮੇਡੀ ਬੇਸਡ ਇਸ ਲਵ ਸਟੋਰੀ ਨੂੰ ਕਾਫੀ ਪਸੰਦ ਕੀਤਾ ਗਿਆ। ਅਭੈ ਦੀ ਜ਼ਬਰਦਸਤ ਅਭਿਨੈ ਸਮਰੱਥਾ 'ਤੇ ਕਿਸੇ ਨੂੰ ਸ਼ੱਕ ਨਹੀਂ ਹੈ, ਪਰ ਉਸ ਦੀ ਦਿਲਚਪੀ ਹਮੇਸ਼ਾ ਹੀ ਲੀਕ ਤੋਂ ਹਟ ਕੇ ਫਿਲਮਾਂ ਕਰਨ 'ਚ ਰਹੀ ਹੈ। ਉਸ ਦਾ ਸ਼ੁਰੂ ਤੋਂ ਫਾਰਮੂਲਾ ਵਾਲੀਆ ਕਮਰਸ਼ੀਅਲ ਫਿਲਮਾਂ ਤੋਂ ਵੱਖਰੀ ਤਰ੍ਹਾਂ ਦੇ ਅਭਿਨੇਤਾ ਦਾ ਅਕਸ ਰਿਹਾ ਹੈ, ਪਰ ਅਭੈ ਦਾ ਕਹਿਣਾ ਹੈ ਕਿ ਇਹ ਦੂਰੀ ਉਸ ਵੱਲੋਂ ਨਹੀਂ, ਸਗੋਂ ਮੇਕਰਸ ਵੱਲੋਂ ਹੈ, ਜਿਨ੍ਹਾਂ ਨੂੰ ਲੱਗਦਾ ਹੈ ਕਿ ਉਹ ਕਮਰਸ਼ੀਅਲ ਫਿਲਮਾਂ ਦੇ ਲਾਇਕ ਨਹੀਂ ਹੈ।



ਅਭੈ ਕਾਫੀ ਸਮੇਂ ਤੋਂ ਵੱਡੇ ਪਰਦੇ ਤੋਂ ਦੂਰ ਰਿਹਾ, ਜਦੋਂ ਉਸ ਦੀਆਂ ਫਿਲਮਾਂ ਵਿਚਾਲੇ ਕਾਫੀ ਵਕਫਾ ਰਿਹਾ। 2015 ਵਾਂਗ 2017 ਵਿੱਚ ਵੀ ਉਸ ਦੀ ਕੋਈ ਫਿਲਮ ਰਿਲੀਜ਼ ਨਹੀਂ ਹੋਈ, ਪਰ ਇਸ ਵਾਰ ਉਹ ਇਕੱਠੀਆਂ ਕਈ ਫਿਲਮਾਂ ਕਰ ਰਿਹਾ ਹੈ। ਇੱਕ ਸਾਇੰਸ ਫਿਕਸ਼ਨ ਆਧਾਰਤ ਸਾਊਥ ਇੰਡੀਅਨ ਫਿਲਮ ਵੀ ਉਸ ਕੋਲ ਹੈ। ਅਮਰੀਕਾ ਦੀ ਇੰਟਰਨੈਸ਼ਨਲ ਫਿਲਮ 'ਦਿ ਫੀਲਡ' ਵਿੱਚ ਵੀ ਅਭੈ ਕਿਰਦਾਰ ਨਿਭਾਅ ਰਿਹਾ ਹੈ। 'ਜੇ ਐਲ 50' ਉਸ ਦੇ ਅਭਿਨੈ ਵਾਲੀ ਅਸਲ ਜ਼ਿੰਦਗੀ 'ਤੇ ਆਧਾਰਤ ਫਿਲਮ ਹੈ। ਇਸ ਤੋਂ ਇਲਾਵਾ ਆਨੰਦ ਐਲ ਰਾਏ ਨੇ ਸ਼ਾਹਰੁਖ ਖਾਨ, ਕੈਟਰੀਨਾ ਕੈਫ ਤੇ ਅਨੁਸ਼ਕਾ ਸਟਾਰਰ ਫਿਲਮ 'ਜ਼ੀਰੋ' ਲਈ ਉਸ ਨੂੰ ਸਾਈਨ ਕੀਤਾ ਹੈ। ਉਸ ਵਿੱਚ ਸ਼ਾਹਰੁਖ ਪਹਿਲੀ ਵਾਰ ਇੱਕ ਬੌਣੇ ਦਾ ਕਿਰਦਾਰ ਨਿਭਾਅ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਫਿਲਮ 'ਚ ਅਭੈ ਸ਼ਰਾਬ ਦੀ ਆਦਤ ਨਾਲ ਜੂਝ ਰਹੀ ਕੈਟਰੀਨਾ ਨਾਲ ਰੋਮਾਂਸ ਕਰਨ ਵਾਲੇ ਉਸ ਦੇ ਅਜਿਹੇ ਬੁਆਏਫਰੈਂਡ ਦੇ ਕਿਰਦਾਰ 'ਚ ਹੈ, ਜੋ ਬਾਅਦ ਵਿੱਚ ਕੈਟ ਨੂੰ ਛੱਡ ਦਿੰਦਾ ਹੈ, ਜਿਸ ਤੋਂ ਬਾਅਦਕੈਟ ਦਾ ਪਿਆਰ ਤੋਂ ਭਰੋਸਾ ਉਠ ਜਾਂਦਾ ਹੈ ਤੇ ਉਸ ਦੀ ਜ਼ਿੰਦਗੀ ਕਈ ਤਰੀਕਿਆਂ ਤੋਂ ਪ੍ਰਭਾਵਤ ਹੁੰਦੀ ਹੈ। ਇਸ ਵਿੱਚ ਅਨੁਸ਼ਕਾ ਇੱਕ ਸਾਇੰਟਿਸਟ ਦਾ ਕਿਰਦਾਰ ਨਿਭਾਅ ਰਹੀ ਹੈ। 42 ਸਾਲਾ ਦਾ ਹੋ ਚੁੱਕਾ ਅਭੈ ਪਹਿਲਾਂ ਵੀ ਕੈਟਰੀਨਾ ਨਾਲ ਫਿਲਮ 'ਜ਼ਿੰਦਗੀ ਨਾ ਮਿਲੇਗੀ ਦੋਬਾਰਾ' ਵਿੱਚ ਨਜ਼ਰ ਆ ਚੁੱਕਾ ਹੈ।

# ਬੋਨੀ ਕਪੂਰ ਦੀ ਅਗਲੀ ਫਿਲਮ ਵਿੱਚ ਨਜ਼ਰ ਆਉਣਗੇ ਅਜੈ ਦੇਵਗਨ

2002 ਵਿੱਚ ਰਿਲੀਜ਼ ਹੋਈ ਰਾਮਗੋਪਾਲ ਵਰਮਾ ਦੀ ਫਿਲਮ 'ਕੰਪਨੀ' ਵਿੱਚ ਅਜੈ ਦੇਵਗਨ ਨੇ ਲੀਡ ਰੋਲ ਕੀਤਾ ਸੀ। ਇਸ ਫਿਲਮ ਨੂੰ ਬੋਨੀ ਕਪੂਰ ਨੇ ਪ੍ਰੋਡਿਊਸ ਕੀਤਾ ਸੀ। 16 ਸਾਲ ਬਾਅਦ ਅਜੈ ਇੱਕ ਵਾਰ ਫਿਰ ਬੋਨੀ ਕਪੂਰ ਦੇ ਨਾਲ ਵੀ ਕੰਮ ਕਰਨ ਵਾਲੇ ਹਨ। ਇਹ ਇੱਕ ਬਾਇਓਪਿਕ ਹੋਵੇਗੀ ਜਿਸਦੀ ਸਕ੍ਰਿਪਟ ਬੇਹੱਦ ਦਮਦਾਰ ਹੈ ਅਤੇ ਅਜੈ ਨੂੰ ਪਸੰਦ ਵੀ ਆਈ ਹੈ। ਹਾਲਾਂਕਿ ਇਸ ਬਾਰੇ ਅਜੇ ਤੱਕ ਨਾ ਬੋਨੀ ਨੇ ਕੁਝ ਬਿਆਨ ਦਿੱਤਾ ਅਤੇ ਨਾ ਅਜੈ ਨੇ, ਪਰ ਸੂਤਰਾਂ ਦਾ ਕਹਿਣਾ ਹੈ ਕਿ ਇਸ ਸਕ੍ਰਿਪਟ ਦੇ ਸੈਕਿੰਡ ਡਰਾਫਟ 'ਤੇ ਕੰਮ ਹੋ ਚੁੱਕਾ ਹੈ। ਅਜੇ ਲੀਡ ਅਭਿਨੇਤਰੀ, ਡਾਇਰੈਕਟਰ ਤੇ ਬਾਕੀ ਚੀਜ਼ਾਂ ਫਾਈਨਲ ਕਰਨਾ ਬਾਕੀ ਹੈ। ਇਹ ਫਿਲਮ ਅਗਲੇ ਸਾਲ ਤੱਕ ਫਲੋਰ 'ਤੇ ਜਾਏਗੀ। ਤਦ ਤੱਕ ਅਜੈ ਆਪਣੀਆਂ ਬਾਕੀ ਫਿਲਮਾਂ ਦੀ ਸ਼ੂਟਿੰਗ ਪੂਰੀ ਕਰ ਲੈਣਗੇ। ਅਜੈ ਇਨ੍ਹੀਂ ਦਿਨੀਂ ਇੰਦਰ ਕੁਮਾਰ ਦੀ 'ਟੋਟਲ ਧਮਾਲ' ਦੀ ਸ਼ੂਟਿੰਗ ਕਰ ਰਹੇ ਹਨ। ਇਸ ਦੇ ਨਾਲ ਉਹ ਲਵ ਰੰਜਨ ਦੀ ਅਗਲੀ ਫਿਲਮ ਵਿੱਚ ਹੋਣਗੇ। ਇਸ ਵਿੱਚ ਉਨ੍ਹਾਂ ਦੇ ਆਪੋਜ਼ਿਟ ਤੱਬੂ ਅਤੇ ਰਕੁਲਪ੍ਰੀਤ ਸਿੰਘ ਹੋਣਗੀਆਂ। ਇਨ੍ਹਾਂ ਦੋਵਾਂ ਫਿਲਮਾਂ ਦੇ ਇਲਾਵਾ ਅਜੈ 25 ਸਤੰਬਰ ਤੋਂ ਆਪਣੇ ਡ੍ਰੀਮ ਪ੍ਰੋਜੈਕਟ 'ਤਾਨਾਜੀ-ਦਿ ਅਨਸੰਗ ਹੀਰੋ' 'ਤੇ ਕੰਮ ਸ਼ੁਰੂ ਕਰਨਗੇ।

# Death of 39 Indians in Iraq belies claims of progress, exposes poverty, apathy

Announcement of the death of 39 Indians in the Mosul region of Iraq has opened a Pandora's Box exposing the harsh reality that exists in India today.

For four long years, the Indian government kept giving assurances and false promises to the families of these 39 men that they were alive and that the government was trying to bring them home.

In a dramatic turn of events, on March 20, India's External Affairs Minister, Sushma Swaraj, made a statement to the Rajya Sabha, the Upper House of the Indian Parliament, where she confirmed the worst, that all 39 Indians who had gone missing in 2014, had been killed by ISIS.

She said that their bodies had been spotted using deep penetration radar and that the bodies were then exhumed from mass graves. According to Swaraj, their identities were confirmed with the help of DNA

The irony was that none of the 39 families were informed in advance. Sardara Singh, whose son Gurcharan Singh was among the 39 killed, said in anguish that he first learnt the news of his son's death from television channels.

The Singh family hails from the state of Punjab in India, which was once a rich state, but struggles with deep poverty and mass unemployment today. "No one has reached out to us in the last four years. The government didn't inform us that my son is dead, no one bothered to tell us," he said.

Singh said that his son, like many young men in the state, had no choice but to try and seek employment abroad as "there are no jobs here and even securing food for the family is sometimes a problem".

The government's apathy is shocking and it seems to be prevalent at both the Centre and the state level. Even three days after the foreign minister made this startling revelation, families hit by the tragedy confirmed that no government official have made any effort to contact them and that they are still awaiting to hear from someone in the government.

Kanwaljeet Kaur, whose son Dharminder Kumar is also among the 39 now confirmed to have died in Mosul tells a heart breaking tale of poverty and apathy of the Indian system. Her husband is a daily wage laborer who suffers from ill-health and is hardly able to work.

They have a young daughter of marriageable age and the only bread winner of the family, their son, is now dead."My son kept looking for a job here but there are no jobs, no industries here. Poverty dove him to look outside and we had to take a loan of 2 lakh rupees to get him a ticket to go abroad," she said.

Kaur talks of the betrayal by the government that promised to bring them back and kept giving them false hopes since 2014. She said that they had spoken to him in June 2014 in the early days of his captivity and they had hoped that the government would be able to do something to bring



him back.

"No one tried to help us, if they had, they could have been brought back," she said in grief.

The tragic story is no different for Amandeep Singh whose father Gobinder Singh is also among the 39 killed in Mosul.

He also confirms that he learnt the tragic news from television first and points out that neither the state nor the central government has bothered to get in touch or offer any condolences or help. To make matters worse, confusion reigns supreme as to when they can expect the bodies of their loved ones."No one has told us anything but it seems that maybe in a week or ten days' time, the bodies will be brought back," said Amandeep. He talks of his father who decided to seek a job abroad so that he could earn enough and give his children an education. Despite the tall claims made by India of its progress and strides on the global stage, it remains a cruel reality that villages across the country remain largely under developed, poor and neglected. The young people have hardly had any employment options.

# BollywoodMonster Mashup to provide free KidZone, free dance lessons, free ChefZone and more on Family Day

## Largest South Asian festival in Canada boasts plenty of food, shopping and live music this July




Mississauga, ON: The largest South Asian festival in Canada, #BollywoodMonster Mashup presented by TD, brings even more fun and free activities to festival-goers this time around at Mississauga Celebration Square. On July 21, as part of the #BollywoodMonster Family Day starting at 2pm, there will be a flurry of action to choose from including the KidZone with various games and activities, shopping, finger-licking food, free dance workshops and more.

"The KidZone is an integral part of the #BollywoodMonster Family Day experience, and we look to continue to grow it at this year's festival. On behalf of the MonstrARTity team, we'd like to thank Toronto Area Ford Dealers for bringing the free mini car rides to the KidZone for #BollywoodMonster Family Day", says Executive Director of MonstrARTity, Vikas Kohli. "It's just as exciting that we will have some very skillful chefs who will be providing free cooking demos at the ever-expanding ChefZone. We have free parking for everyone so don't miss out on the eighth season of this great festival that starts at 2 PM!"

In collaboration with Peel Art Gallery, Museum and Archives (PAMA), and Heritage Mississauga, the #BollywoodMonster KidZone presents an exciting array of free arts and crafts such as creating pinwheels, bowl painting and flyable kites. Free games will also be provided courtesy of #MonsterArts for Youth and The Vaarso Foundation, who will be bringing a giant snakes and ladders board game, as well as teaching kids how to make their very own board games. In addition, kids will be able to ride in mini cars courtesy of Toronto Area Ford Dealers.

Just like in years past, the #BollywoodMonster Family Day will also have activities for children looking for a little more physical recreation. Brought to you by Mohawk Park Tennis Club, kids will be able to let loose, swing those rackets and get on the court to learn tennis skills in a mini tennis court! If that doesn't break a sweat, Heal with Kare also brings to the fold a parent and child yoga workshop. Finally, if you're up to the challenge, throughout the day's festivities, Shiamak's dance troupe and Tricube Dance will present free Bollywood dance workshops on the main stage for the audience to get those hips moving and body grooving.

This year's headliners at the festival are Bollywood star performers - Aaman Trikha, brought to you by TELUS, voice of Salman Khan in Prem Leela on July 21 and Khushboo Grewal, voice of Sunny Leone and actor from Carry on Jatta on July 20.

Come on out to what's sure to be the most talked about festival in Mississauga this summer. There's something for everyone at #BollywoodMonster Mashup. To meet the stars and win free goodies, use code MONSTER on www.Bollywood MonsterMashup.com



# Bangkok withnessed magnificent amalgamation of music, fashion and entertainment at the spectacular IIFA Rocks 2018

**The dynamic duo Kartik Aaryan and Ayushmann Khurrana hosted IIFA Rocks 2018**
**A never-before seen medley at IIFA Rocks 2018 by acclaimed Bollywood music director-singer Pritam along with Sreerama Chandra, Amit Mishra, Shalmali Kholgade, Antara Mitra, Nakash Aziz and Nikitha while Bollywood diva Nushrat Bharucha enthralled the audience with her energetic performance. Television star Mouni Roy put on a rare stage performance.**




Bangkok, : The highly anticipated 19th Edition of NEXA IIFA Awards Styled by Myntra kick-started the celebrations in the most spectacular manner at IIFA Rocks 2018. Transforming the magnificent Siam Niramit Theatre with a perfect mélange of glitz, glamour and star power, IIFA Rocks featured a stunning musical extravaganza, a number of surprises and entertainment all under one stage!

Captivating the audience with their dynamic chemistry, the evening witnessed the talented duo Kartik Aaryan and Ayushmann Khurrana host IIFA Rocks 2018 amidst much fanfare and revelry.

A musical spectacle befitting the largest film industry in the world, IIFA Rocks continues to be a platform to showcase musical talents from our industry in the global stage.

This year's extravaganza saw acclaimed Bollywood music director-singer Pritam weave his magic along with talented singers; Sreerama Chandra, Amit Mishra, Shalmali Kholgade, Antara Mitra, Nakash Aziz and Nikitha as they performed a never-before-seen medley that left the audiences spellbound. Captivating the audiences further, Bollywood diva Nushrat Bharucha (of "Sonu ke Titu ki Sweety" fame) enthralled the audience with her energetic performance at the IIFA Rocks stage. The evening also witnessed a rare performance from one of television's biggest stars, Mouni Roy (of 'Naagin' fame) as she returns to the IIFA stage after two years.

Adding another interesting facet, India's leading destination for fashion online, Myntra in collaboration with renowned Indian fashion designer Vikram Phadnis showcased the finest in fashion at IIFA Rocks.

Anil Kapoor & Dia Mirza were the showstopper for the celebrated designer duo Shantanu & Nikhil who showcased their collection extraordinaire inspired by the NEXA brand values, design and colours.




IIFA Rocks 2018 also felicitated the winners for their excellence in the technical field. Jagga Jasoos leads the winners list by walking away with 3 awards in the technical category including Background Score (Pritam), Best Choreography (Vijay Ganguly & Ruel Dausan Varindani), and Special Effects (NY VFXWALA - Prasad Vasant Sutar).

Other winners in the Technical category featured Bareilly Ki Barfi's Nitesh Tiwari & Shreyas Jain as they won Best Screenplay and Hitesh Kewalya won Best Dialogues for Shubh Mangal Saavdhan. Marcin Laskawiec, USC winning Best Cinematography and Dileep Subramaniam & Ganesh Gangadharan (YRF STUDIOS) won Best Sound Design for the film Tiger Zinda Hai.

Newton's Shweta Venkat Mathew earned the Best Editing Award and Nusrat Fateh Ali, A1 Melody Fana & Manoj Muntashir won Best Lyrics Awards for the Mere Rashke Qamar from film Baadshaho.

Arijit Singh won Best Playback Singer (Male) for the song Hawayein from Jab Harry Met Sejal and Meghna Mishra won Best Playback Singer (Female) for the song Main Kaun Hoon from Secret Superstar.


The principal partners for the 19th IIFA: Title Sponsor of IIFA Awards NEXA, Styled by Myntra; Global Broadcast partner Colors Viacom18; Digital Content Partner Voot; Cause Partner Woosh Washing expert campaigning about Equality at home; Official Host Destination Partner Tourism Authority of Thailand, Official Hotel Partner Marriott Marquis Hotel, Host Venue Siam Niramit; Other key partners of IIFA 2018 include Official Direct Selling Partner QNET; Brand Partner Ease My Trip, Official Travel & Hospitality Management Partner Wedniksha; Pre-Event Cocktail Partner Superdoc; Airport Hospitality Partner Pranaam GVK Guest Services; Official Hair & Makeup Partner Nabila's Salon/Cre8 Global; Official Time Partner Craig Shelly. As IIFA continues on its journey with strength to grow every year in the world of entertainment and building the outreach as a major event globally to bring positive results and impact. This year is set to be one of the biggest, most extravagant and amazing IIFA Weekend and Awards to date.

IIFA is dedicated to building bridges across cinemas, businesses, communities and nations, creating everyone's dream: "One People. One World". Keep up to date with all the latest news and details on IIFA by logging on to www.iifa.com or checking out the social media handles:




PRRIA HAIDER PRODUCTIONS GLOBAL
POWERED BY
utshob.com
YOUR ULTIMATE ONLINE SHOPPING EXPERIENCE
PRRIA HAIDER PRODUCTIONS
PRESENTS
AR RAHMAN
HINDI | TAMIL | TELUGU
LIVE
I AM ENTERTAINMENT
SHIFT
EDUCATION OF TECHNOLOGY
SKP
SAFIYA KAZIM PRODUCTIONS
DTNY
MEDIA PARTNER
Yollay
SATURDAY 1ST SEPT, 2018, 8:00PM
VENUE
NASSAU COLISEUM
1255 HEMPSTEAD TURNPIKE,
UNIONDALE, NY 11553
MARKETING PARTNER
BOLLYWOOD hungama
TICKETS ON- ticketmaster
SUPPORTED BY
Sulekha
Apnee Community
Your Savings, Our Business
ticket | hungama
FARMERS INSURANCE
Amogh Agency LLC.
PINTOO JEWELERS
Hum Hindustani U.S.A.
NYCB LIVE
HOME OF THE NASSAU VETERANS MEMORIAL COLISEUM
BOMBAY THEATRE
FOR SPONSORSHIP AND INFORMATION CALL
PPRIA HAIDER: 516 303 6597 MEHBOOB HAIDER: 516 468 8536


Real Estate & Insurance
Thinking of Buying/Selling Home ?
We Specialize in Income Producing & Investment Properties
Whitestone
REAL ESTATE
Honesty *Integrity *Experience *Knowledge
Phone : 516 280 0576, 917 612 3158
Email : sst@whitestonecorpusa.com
www.whitestonecorpusa.com
Sharnjit Singh Thind, Licensed Insurance Broker (Property& Casualty)
Navjot Kaur Licensed Insurance Broker (Life, Accident & Health)
Whitestone Real Estate & Asset Management Corp is a Licensed New York State Real Estate Broker
All Commercial Loan are arranged through excellent third Party Lenders
Insurance Services
Business, Liability, Disability, Workers Comp, E & O, Auto, Home, Personal & Commercial Accident, Life, Health, Visitor & Travel


Thinking of Buying/Selling ?
Looking for Short Sale,
Bank Foreclosure Properites ?
P
P
PROPERTY
PROFESSIONALS
We sell your home fast
and for top dollar
(Serving Buyers/Sellers Since 2008)
Sharanjit Singh Thind
Associate Real Estate Broker/Notary Public
Give us a Call at 917-612-3158